ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 64 | Friday, April 01, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
www.fairadvicefinancial.com Financial Planner
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਅੰਦਰ ਇਹ ਵੀ ਪੜ੍ਹੋ

7 ਅਪਰੈਲ ਨੂੰ ਪੇਸ਼ ਕੀਤਾ ਜਾਵੇਗਾ 2022 ਦਾ ਫੈਡਰਲ ਬਜਟ : ਫਰੀਲੈਂਡ



ਪੰਨਾ 03


ਭਗਵੰਤ ਮਾਨ ਸਰਕਾਰ ਨੇ ਬਿਜਲੀ ਦੀਆਂ ਪੁਰਾਣੀਆਂ ਦਰਾਂ ਲਾਗੂ ਰੱਖਣ ਦਾ ਫੈਸਲਾ ਲਿਆ



ਪੰਨਾ 05

## ਅਲਕੋਹਲ ਟੈਕਸ ਵਿੱਚ ਹੋਣ ਵਾਲੇ ਵਾਧੇ ਨੂੰ ਠੱਲ੍ਹ ਪਾਉਣ ਲਈ ਪੇਸ਼ ਕੀਤਾ ਗਿਆ ਬਿੱਲ

ਓਟਵਾ, 31 ਮਾਰਚ (ਪੋਸਟ ਬਿਊਰੋ) : ਪੇਅ ਪਦਾਰਥਾਂ, ਖਾਸ ਤੌਰ ਉੱਤੇ ਸ਼ਰਾਬ ਤੇ ਬੀਅਰ, ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੂੰ ਠੱਲ੍ਹ ਪਾਉਣ ਲਈ ਪੇਸ਼ ਕੀਤੇ ਗਏ ਪ੍ਰਾਈਵੇਟ ਮੈਂਬਰਜ਼ ਬਿੱਲ ਉੱਤੇ ਕੰਜ਼ਰਵੇਟਿਵ ਪਾਰਟੀ ਤੇ ਨਿਊ ਡੈਮੋਕ੍ਰੈਟਸ ਦਾ ਸਾਰਾ ਧਿਆਨ ਲੱਗਿਆ ਹੋਇਆ ਹੈ।



ਕੰਜ਼ਰਵੇਟਿਵ ਐਮਪੀ ਪੈਟ ਕੈਲੀ ਚਾਹੁੰਦੇ ਹਨ ਕਿ ਐਕਸਾਈਜ਼ ਐਕਟ ਤੇ ਇਸ ਦੇ ਨਵੇਂ ਮਾਡਲ ਐਕਸਾਈਜ਼ ਐਕਟ, 2001, ਵਿੱਚ ਸੋਧ ਕੀਤੀ ਜਾਵੇ ਤਾਂ ਕਿ ਮਹਿੰਗਾਈ ਦੇ ਹਿਸਾਬ ਨਾਲ ਸ਼ਰਾਬ ਉੱਤੇ ਆਟੋਮੈਟਿਕ ਡਿਊਟੀ ਦੇ ਵਾਧੇ ਨੂੰ ਰੱਦ ਕੀਤਾ ਜਾ ਸਕੇ। ਕੈਲੀ ਦੀ ਮੰਗ ਹੈ ਕਿ ਇਸ ਰੇਟ ਨੂੰ 2018 ਤੋਂ ਪਹਿਲਾਂ ਵਾਲੇ ਪੱਧਰ ਉੱਤੇ ਮੁੜ ਸੈੱਟ ਕਰ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਸ਼ਰਾਬ ਨਾਲ ਜੁੜੇ ਟੈਕਸ ਵਿੱਚ ਹੋਣ ਵਾਲੇ ਵਾਧੇ ਕਾਰਨ ਬਹੁਤੇ ਕੈਨੇਡੀਅਨਜ਼ ਲਈ ਆਪਣੇ ਯਾਰਾਂ-ਦੋਸਤਾਂ ਨਾਲ ਬੀਅਰ ਸਾਂਝੀ ਕਰਨਾ ਵੀ ਮੁਸ਼ਕਲ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ 2017 ਤੋਂ ਹੀ ਬੀਅਰ, ਵਾਈਨ, ਸਪਿਰਿਟਸ ਤੇ ਸ਼ਰਾਬ ਨਾਲ ਜੁੜੇ ਹੋਰਨਾਂ ਪੇਅ ਪਦਾਰਥਾਂ ਉੱਤੇ ਐਕਸਾਈਜ਼ ਡਿਊਟੀ ਹਰ ਸਾਲ ਪਹਿਲੀ ਅਪਰੈਲ ਤੋਂ ਆਟੋਮੈਟਿਕਲੀ ਵਧ ਜਾਂਦੀ ਹੈ। ਕੈਲੀ ਨੇ ਤਰਕ ਦਿੱਤਾ ਕਿ ਹੋਰਨਾਂ ਪ੍ਰਸਤਾਵਿਤ ਟੈਕਸ ਤਬਦੀਲੀਆਂ ਵਾਂਗ ਹੀ ਇਸ ਦਾ ਵੀ ਪਾਰਲੀਆਮੈਂਟ ਵਿੱਚ ਮੁਲਾਂਕਣ ਹੋਣਾ ਚਾਹੀਦਾ ਹੈ। ਇਸ ਨੂੰ ਪਾਰਲੀਆਮੈਂਟ ਤੋਂ ਪਾਸੇ ਕਰ ਦਿੱਤਾ ਗਿਆ ਹੈ ਤੇ ਇਸ ਵਿੱਚ ਆਟੋਮੈਟਿਕਲੀ ਵਾਧੇ ਦੀ ਖੁੱਲ੍ਹ ਦੇ ਦਿੱਤੀ ਗਈ ਹੈ।

ਇਸ ਦੌਰਾਨ ਐਨਡੀਪੀ ਐਮਪੀ ਰਿਚਰਡ ਕੈਨਿੰਗਜ਼ ਨੇ ਤਰਕ ਦਿੱਤਾ ਕਿ ਸਰਕਾਰ ਨੂੰ ਲੋਅ ਅਲਕੋਹਲ ਬੀਅਰ, ਮਤਲਬ ਜਿਸ ਬੀਅਰ ਵਿੱਚ ਅਲਕੋਹਲ ਦੀ ਮਾਤਰਾ 0.5 ਫੀ ਸਦੀ ਤੋਂ ਵੀ ਘੱਟ ਹੋਵੇ, ਉੱਤੇ ਲੱਗਿਆ ਐਕਸਾਈਜ਼ ਟੈਕਸ ਖ਼ਤਮ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਐਕਸਾਈਜ਼ ਟੈਕਸ ਦੀਆਂ ਉਹ ਊਣਤਾਈਆਂ ਖ਼ਤਮ ਹੋ ਜਾਣਗੀਆਂ ਜਿਨ੍ਹਾਂ ਵਿੱਚ ਲੋਅ ਅਲਕੋਹਲ ਵਾਈਨ ਤੇ ਲੋਅ ਅਲਕੋਹਲ ਸਪਿਰਿਟਸ ਐਕਸਾਈਜ਼ ਟੈਕਸ ਤੋਂ ਮੁਕਤ ਹੈ ਪਰ ਲੋਅ ਅਲਕੋਹਲ ਬੀਅਰ ਨੂੰ ਐਕਸਾਈਜ਼ ਟੈਕਸ ਦੇ ਦਾਇਰੇ ਵਿੱਚ ਰੱਖਿਆ ਗਿਆ ਹੈ। ਹੁਣ ਜਦੋਂ ਫੈਡਰਲ ਅਲਕੋਹਲ ਟੈਕਸ ਵੱਧਣ ਜਾ ਰਿਹਾ ਹੈ ਤਾਂ ਐਮਪੀਜ਼ ਵੱਲੋਂ ਇਸ ਨੂੰ ਠੱਲ੍ਹ ਪਾਉਣ ਲਈ ਬਿੱਲ ਪੇਸ਼ ਕੀਤਾ ਗਿਆ ਹੈ।

## ਫਰਸਟ ਨੇਸ਼ਨਜ਼ ਲਈ ਟਰੂਡੋ ਨੇ ਐਲਾਨੇ 2.9 ਮਿਲੀਅਨ ਡਾਲਰ

ਬ੍ਰਿਟਿਸ਼ ਕੋਲੰਬੀਆ, 31 ਮਾਰਚ (ਪੋਸਟ ਬਿਊਰੋ) : ਬੀ ਸੀ ਵਿੱਚ ਫਰਸਟ ਨੇਸ਼ਨ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਰੈਜ਼ੀਡੈਂਸ਼ੀਅਲ ਸਕੂਲ ਘਟਨਾਕ੍ਰਮ ਵਿੱਚੋਂ ਬਚ ਨਿਕਲਣ ਵਾਲੇ ਲੋਕਾਂ ਤੇ ਜਿਹੜੇ ਜਿਊਂਦੇ ਨਹੀਂ ਬਚ ਸਕੇ ਉਨ੍ਹਾਂ ਦੇ ਪਰਿਵਾਰਾਂ ਲਈ 2.9 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਇੱਥੇ ਰੈਜ਼ੀਡੈਂਸ਼ੀਅਲ ਸਕੂਲ ਨਾਲ ਸਬੰਧਤ ਮੌਤਾਂ ਦੀ ਜਾਂਚ ਚੱਲ ਰਹੀ ਹੈ।



ਬੁੱਧਵਾਰ ਨੂੰ ਟਰੂਡੋ ਵਿਲੀਅਮਜ਼ ਲੇਕ ਵਿੱਚ ਸਨ, ਜਿੱਥੇ ਉਨ੍ਹਾਂ ਨੇ ਇਸ ਫੰਡ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਹ ਫੰਡ ਇਸ ਸਾਲ ਦੇ ਸ਼ੁਰੂ ਵਿੱਚ ਫੈਡਰਲ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ 1.4 ਮਿਲੀਅਨ ਡਾਲਰ ਨਾਲੋਂ ਵੱਖਰੇ ਹਨ। ਪਹਿਲਾਂ ਮੁਹੱਈਆ ਕਰਵਾਈ ਗਈ ਇਹ ਰਕਮ ਰੈਜ਼ੀਡੈਂਸ਼ੀਅਲ ਸਕੂਲ ਅਟੈਂਡ ਕਰਨ ਵਾਲੇ ਬੱਚਿਆਂ ਦੀਆਂ ਹੋਈਆਂ ਮੌਤਾਂ ਤੇ ਉਨ੍ਹਾਂ ਦੇ ਗਾਇਬ ਹੋਣ ਦੀ ਜਾਂਚ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਾਸਤੇ ਹੈ। ਬੁੱਧਵਾਰ ਸਵੇਰੇ ਪ੍ਰੋਵਿੰਸ ਦੇ ਇਸ ਅੰਦਰੂਨੀ ਹਿੱਸੇ ਵਿੱਚ ਪਹੁੰਚਣ ਉੱਤੇ ਟਰੂਡੋ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਟਰੂਡੋ ਤੇ ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਬਾਰੇ ਫੈਡਰਲ ਮੰਤਰੀ ਨੂੰ ਤੋਹਫੇ ਵੀ ਦਿੱਤੇ ਗਏ। ਟਰੂਡੋ ਨੇ ਆਖਿਆ ਕਿ ਉਹ ਇੱਥੇ ਬਜ਼ੁਰਗਾਂ ਤੇ ਕਮਿਊਨਿਟੀ ਮੈਂਬਰਾਂ ਦੀਆਂ ਗੱਲਾਂ ਸੁਣਨ ਤੇ ਕੁੱਝ ਨਵਾਂ ਸਿੱਖਣ ਲਈ ਆਏ ਹਨ। ਉਨ੍ਹਾਂ ਆਖਿਆ ਕਿ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਦੀ ਇਸ ਪ੍ਰਕਿਰਿਆ ਨਾਲ ਕਮਿਊਨਿਟੀ ਦਾ ਹੀ ਨਹੀਂ ਸਗੋਂ ਦੇਸ਼ ਦਾ ਭਲਾ ਹੋਵੇਗਾ। ਬਦਲੇ ਵਿੱਚ ਟਰੂਡੋ ਨੇ ਕਾਲੇ ਕਾਂ ਦੀ ਪੇਂਟਿੰਗ ਤੇ ਕੋਸਟ ਸੈਲਿਸ ਆਰਟਿਸਟ ਦੀ ਇੱਕ ਕਲਾਕ੍ਰਿਤੀ ਕਮਿਊਨਿਟੀ ਆਗੂਆਂ ਨੂੰ ਦਿੱਤੀ।

## ਕੈਨੇਡਾ ਨੂੰ ਨੋਵਾਵੈਕਸ ਵੈਕਸੀਨ ਦੀਆਂ ਹਾਸਲ ਹੋਣਗੀਆਂ 32 ਮਿਲੀਅਨ ਡੋਜ਼ਾਂ

ਓਟਵਾ, 31 ਮਾਰਚ (ਪੋਸਟ ਬਿਊਰੋ) : ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਸਰਕਾਰ ਨੂੰ ਨੋਵਾਵੈਕਸ (ਨੁਵਾਆਕਸੋਵਿਡ) ਕੋਵਿਡ-19 ਵੈਕਸੀਨ ਦੀ ਖੇਪ ਮਿਲਣੀ ਸ਼ੁਰੂ ਹੋ ਗਈ ਹੈ ਤੇ ਉਨ੍ਹਾਂ ਵੱਲੋਂ ਜਲਦ ਹੀ ਵੱਖ ਵੱਖ ਪ੍ਰੋਵਿੰਸਾਂ ਨੂੰ ਇਹ ਵੈਕਸੀਨ ਵੰਡੀ ਜਾਵੇਗੀ। ਵੀਰਵਾਰ ਨੂੰ ਹੈਲਥ ਏਜੰਸੀ ਨੇ ਆਖਿਆ ਕਿ ਸਰਕਾਰ ਨੇ ਇਸ ਵੈਕਸੀਨ ਦੀਆਂ 3.2 ਮਿਲੀਅਨ ਡੋਜ਼ਾਂ ਸਕਿਓਰ ਕਰ ਲਈਆਂ ਹਨ। ਇਸ ਵੈਕਸੀਨ ਨੂੰ 17 ਫਰਵਰੀ, 2022 ਵਿੱਚ ਕੈਨੇਡਾ ਵਿੱਚ ਮਾਨਤਾ ਦਿੱਤੀ ਗਈ ਸੀ। ਇਸ ਸਮੇਂ ਇਹ 18 ਸਾਲ ਤੋਂ ਉੱਪਰ ਕਿਸੇ ਵੀ ਬਾਲਗ ਨੂੰ ਦਿੱਤੀ ਜਾ ਸਕਦੀ ਹੈ। 2021 ਵਿੱਚ ਓਟਵਾ ਨੇ ਨੋਵਾਵੈਕਸ ਵੈਕਸੀਨ ਕੈਨੇਡਾ ਵਿੱਚ ਤਿਆਰ ਕਰਨ ਲਈ ਡੀਲ ਉੱਤੇ ਸਾਈਨ ਕੀਤੇ ਸਨ ਤੇ ਇਸ ਸਬੰਧ ਵਿੱਚ ਮਾਂਟਰੀਅਲ ਵਿੱਚ



ਇੱਕ ਮੈਨੂਫੈਕਚਰਿੰਗ ਪਲਾਂਟ ਵੀ ਲਾਇਆ ਗਿਆ ਸੀ। ਹੈਲਥ ਕੈਨੇਡਾ ਨੇ ਆਖਿਆ ਕਿ ਨੋਵਾਵੈਕਸ ਵੈਕਸੀਨ ਅਜਿਹੇ ਲੋਕਾਂ ਲਈ ਤਿਆਰ ਕੀਤੀ ਗਈ ਹੈ ਜਿਹੜੇ ਪ੍ਰੋਟੀਨ ਅਧਾਰਿਤ ਵੈਕਸੀਨ ਲੈਣਾ ਚਾਹੁੰਦੇ ਹਨ ਜਾਂ ਜਿਹੜੇ ਐਮਆਰਐਨਏ ਵੈਕਸੀਨ ਹਾਸਲ ਕਰਨ ਤੋਂ ਅਸਮਰੱਥ ਹਨ। ਵੀਰਵਾਰ ਤੱਕ ਦੇਸ਼ ਵਿੱਚ ਨੋਵਾਵੈਕਸੀਨ ਦੀਆਂ ਇੱਕ ਮਿਲੀਅਨ ਡੋਜ਼ਾਂ ਵੰਡੀਆਂ ਜਾ ਚੁੱਕੀਆਂ ਸਨ। ਓਨਟਾਰੀਓ ਨੂੰ ਸੱਭ ਤੋਂ ਵੱਧ 383,000 ਡੋਜ਼ਾਂ, ਕਿਊਬਿਕ ਨੂੰ 221,100 ਤੇ ਬ੍ਰਿਟਿਸ਼ ਕੋਲੰਬੀਆ ਨੂੰ 135,800 ਡੋਜ਼ਾਂ ਹਾਸਲ ਹੋਈਆਂ।

## ਲਿਬਰਲ-ਐਨਡੀਪੀ ਡੀਲ ਕਰਕੇ ਜਗਮੀਤ ਸਿੰਘ ਦਾ ਭਵਿੱਖ ਖਤਰੇ ਵਿੱਚ : ਨੈਨੋਜ਼



ਓਟਵਾ, 31 ਮਾਰਚ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਲਮਕ ਰਹੀਆਂ ਐਨਡੀਪੀ ਦੀਆਂ ਤਰਜੀਹਾਂ ਨੂੰ ਮਨਵਾਉਣ ਬਦਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਸੱਤਾ ਵਿੱਚ ਬਣੇ ਰਹਿਣ ਵਿੱਚ ਮਦਦ ਦਾ ਵਾਅਦਾ ਕਰਕੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਪਣੇ ਸਿਆਸੀ ਕਰੀਅਰ ਨੂੰ ਖਤਰੇ ਵਿੱਚ ਪਾ ਲਿਆ ਹੈ। ਇਹ ਖੁਲਾਸਾ ਨਿੱਕ ਨੈਨੋਜ਼ ਵੱਲੋਂ ਕੀਤਾ ਗਿਆ। ਪਿਛਲੇ ਹਫਤੇ ਪ੍ਰਧਾਨ ਮੰਤਰੀ ਨੇ ਇਹ ਐਲਾਨ ਕੀਤਾ ਸੀ ਕਿ ਐਨਡੀਪੀ ਨਾਲ ਕੌਨਫੀਡੈਂਸ ਐਂਡ ਸਪਲਾਈ ਅਗਰੀਮੈਂਟ ਸਿਰੇ ਚੜ੍ਹਾ ਲਿਆ ਗਿਆ ਹੈ ਜਿਸ ਤਹਿਤ ਜੂਨ 2025 ਤੱਕ ਲਿਬਰਲ ਸੱਤਾ ਵਿੱਚ ਬਣੇ ਰਹਿਣਗੇ। ...ਬਾਕੀ ਪੰਨਾ 6 'ਤੇ

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

NOW HIRING !!!
ALLKIND INSURANCE
• Life Insurance
• Critical illness Ins
• Travel & Visitor Ins
• RESP & TFSA & RRSP
• Super Visa Insurance
• Mortgage Insurance
• Disability Insurance
• Funeral Insurance
SIMRAN SAINI
416.994.7272
www.allkindinsurance.com

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MANN LAW FIRM
• Real Estate Law
• Wills & Estates
• Power of Attorney
• Business Law
• Family Law
• Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598




LIGHT SPEED Logistics Inc.

# Na

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™ AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਨਵਾਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਬਣਾਉਣ ਲਈ ਪ੍ਰੋਵਿੰਸ ਵੱਲੋਂ ਦਿੱਤੀ ਗਈ ਮਨਜ਼ੂਰੀ

ਬਰੈਂਪਟਨ, 31 ਮਾਰਚ (ਪੋਸਟ ਬਿਊਰੋ) : ਲੋਕਲ ਸਕੂਲਾਂ ਦੀ ਹਾਲਤ ਸੁਧਾਰਨ ਤੇ ਨਵੇਂ ਸਕੂਲਾਂ ਦੇ ਨਿਰਮ-ਾਣ ਦੀ ਕੜੀ ਤਹਿਤ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਨੂੰ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਬਣਾਉਣ ਵਾਸਤੇ 24.7 ਮਿਲੀਅਨ ਡਾਲਰ ਦੇ ਟੈਂਡਰ ਦੀ ਮਨਜ਼ੂਰੀ ਦਿੱਤੀ ਹੈ।

ਬਰੈਂਪਟਨ ਵਿੱਚ ਵਿਦਿਆਰਥੀਆਂ ਦੀ ਵੱਧ ਰਹੀ ਆਬਾਦੀ ਤੇ ਕੰਮਕਾਜੀ ਪਰਿਵਾਰਾਂ ਲਈ ਸੇਫ ਤੇ ਕਿਫਾਇਤੀ ਚਾਈਲਡ ਕੇਅਰ ਦੇ ਚੱਲਦਿਆਂ ਇਸ ਨਵੇਂ ਸਕੂਲ ਵਿੱਚ ਵਧੀਆ ਮਾਹੌਲ ਵਿੱਚ ਵਿਦਿਆਰਥੀਆਂ ਨੂੰ ਕਾਫੀ ਕੁੱਝ ਚੰਗਾ ਸਿੱਖਣ ਨੂੰ ਮਿਲੇਗਾ। ਇਹ ਪ੍ਰੋਜੈਕਟ ਪ੍ਰੋਵਿੰਸ ਦੇ ਕੈਪੀਟਲ ਨਿਵੇਸ਼ ਪ੍ਰੋਗਰਾਮ ਦਾ ਹਿੱਸਾ ਹੈ।



ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਆਖਿਆ ਕਿ ਨਵੇਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਲਈ ਫੰਡਿੰਗ ਕਮਿਊਨਿਟੀ ਲਈ ਵਧੀਆ ਖਬਰ ਹੈ। ਇਸ ਨਿਵੇਸ਼ ਨਾਲ ਪਰਿਵਾਰਾਂ ਨੂੰ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਆਉਣ ਵਾਲੇ ਸਾਲਾਂ ਵਿੱਚ ਵਿਦਿਆਰਥੀ ਮਿਆਰੀ ਪੜ੍ਹਾਈ ਕਰ ਸਕਣਗੇ। ਇਸ ਮੌਕੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਸਾਡੀ ਸਰਕਾਰ ਮਿਹਨਤਕਸ਼ ਪਰਿਵਾਰਾਂ ਦੇ ਦਿਲ ਦੀ ਗੱਲ ਸੁਣ ਰਹੀ ਹੈ ਤੇ ਮਿਆਰੀ ਲਰਨਿੰਗ ਸੈਂਟਰਜ਼ ਖੋਲ੍ਹ ਰਹੀ ਹੈ ਜਿੱਥੇ ਆਧੁਨਿਕ ਵੈਂਟੀਲੇਸ਼ਨ ਹੈ ਤੇ ਸੇਫਟੀ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਨਵੇਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਵਿੱਚ ਨਿਵੇਸ਼ ਨਾਲ ਅਸੀਂ ਅਜਿਹੇ ਸਕੂਲ ਦਾ ਨਿਰਮਾਣ ਕਰਾਂਗੇ ਜਿਹੜਾ ਇਸ ਸਨਮਾਨਿਤ ਕੈਨੇਡੀਅਨ ਦੀ ਹੱਢਬੀਤੀ ਤੋਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੇਗਾ। ਜਿਸ ਨਾਲ ਬਰੈਂਪਟਨ ਦੇ ਵਿਦਿਆਰਥੀ ਏਕਾ-ਗਰਚਿਤ ਹੋ ਕੇ ਸਫਲਤਾ ਦੇ ਰਾਹ ਤੁਰਨਗੇ। ਨਵਾਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਬਰੈਂਪਟਨ ਵਿੱਚ 565 ਰਿਮੈਂਬਰੈਂਸ ਰੋਡ ਉੱਤੇ ਸਥਿਤ ਹੋਵੇਗਾ।

# 7 ਅਪਰੈਲ ਨੂੰ ਪੇਸ਼ ਕੀਤਾ ਜਾਵੇਗਾ 2022 ਦਾ ਫੈਡਰਲ ਬਜਟ : ਫਰੀਲੈਂਡ

ਓਟਵਾ, 31 ਮਾਰਚ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਸਰਕਾਰ ਵੱਲੋਂ ਸਾਲ 2022 ਦਾ ਬਜਟ 7 ਅਪਰੈਲ ਨੂੰ ਪੇਸ਼ ਕੀਤਾ ਜਾਵੇਗਾ।

2021 ਦੀਆਂ ਫੈਡਰਲ ਚੋਣਾਂ ਤੋਂ ਬਾਅਦ ਇਹ ਪਹਿਲਾ ਬਜਟ ਹੋਵੇਗਾ ਤੇ ਇਸ ਵਿੱਚ ਡਿਫੈਂਸ ਉੱਤੇ ਕੀਤੇ ਜਾਣ ਵਾਲੇ ਖਰਚੇ ਵਿੱਚ ਵਾਧੇ ਦੇ ਨਾਲ ਨਾਲ ਲਿਬਰਲ ਸਰਕਾਰ ਵੱਲੋਂ ਆਪਣੇ ਵਾਅਦਿਆਂ, ਜਿਵੇਂ ਕਿ ਡੈਂਟਲ ਕੇਅਰ-ਜਿਸ ਨੂੰ ਨਵੇਂ ਲਿਬਰਲ-ਐਨਡੀਪੀ ਕਾਨਫੀਡੈਂਸ ਐਂਡ ਸਪਲਾਈ ਅਗਰੀਮੈਂਟ ਵਜੋਂ ਸਿਰੇ ਲਾਉਣ ਦਾ ਕਰਾਰ ਕੀਤਾ ਗਿਆ ਹੈ, ਨੂੰ ਪੂਰਾ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਵੇਗੀ।



ਹਾਊਸ ਆਫ ਕਾਮਨਜ਼ ਵਿੱਚ ਪ੍ਰਸ਼ਨ ਕਾਲ ਦੌਰਾਨ ਫਰੀਲੈਂਡ ਨੇ ਆਖਿਆ ਕਿ ਸਾਡੀ ਸਰਕਾਰ ਅਰਥਚਾਰੇ ਦੇ ਵਿਕਾਸ, ਜ਼ਿੰਦਗੀ ਨੂੰ ਹੋਰ ਕਿਫਾਇਤੀ ਬਣਾਉਣ ਅਤੇ ਅਜਿਹੇ ਕੈਨੇਡਾ ਦਾ ਨਿਰਮਾਣ ਜਾਰੀ ਰੱਖਣ ਲਈ ਮੁੜ ਚੁਣੀ ਗਈ ਹੈ ਜਿੱਥੇ ਕੋਈ ਵੀ ਪਿੱਛੇ ਨਹੀਂ ਰਹੇਗਾ। ਅਸੀਂ ਇਹੋ ਕੁੱਝ ਕਰ ਰਹੇ ਹਾਂ ਤੇ ਅਸੀਂ ਬਜਟ ਵਿੱਚ ਵੀ ਇਹੋ ਕੁੱਝ ਕਰਨਾ ਜਾਰੀ ਰੱਖਾਂਗੇ।

ਦਸੰਬਰ ਵਿੱਚ ਫਰੀਲੈਂਡ ਵੱਲੋਂ ਪੇਸ਼ ਕੀਤੀ ਗਈ ਤਾਜ਼ਾ ਆਰਥਿਕ ਅਪਡੇਟ ਵਿੱਚ ਸਰਕਾਰ ਵੱਲੋਂ ਇਹ ਵਾਅਦਾ ਕੀਤਾ ਗਿਆ ਕਿ ਕੋਵਿਡ-19 ਨਾਲ ਨਜਿੱਠਣ ਲਈ 8 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਰੱਖੀ ਜਾਵੇਗੀ। ਫਰੀਲੈਂਡ ਨੇ ਕੌਮੀ ਘਾਟੇ ਵਿੱਚ ਕਮੀ ਆਉਣ ਦੀ ਗੱਲ ਵੀ ਆਖੀ ਸੀ। ਉਸ ਸਮੇਂ ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਅਨੁਸਾਰ 2021-22 ਵਿੱਚ ਘਾਟਾ 154.7 ਤੋਂ ਘੱਟ ਕੇ 144.5 ਬਿਲੀਅਨ ਡਾਲਰ ਰਹਿਣ ਦੀ ਗੱਲ ਆਖੀ ਗਈ ਸੀ। 2022-23 ਵਿੱਤੀ ਵਰ੍ਹੇ ਵਿੱਚ ਪਹਿਲਾਂ ਕੀਤੀ ਗਈ 59.7 ਬਿਲੀਅਨ ਦੀ ਪੇਸ਼ੀਨਿਗੋਈ ਤੋਂ ਮਾਮੂਲੀ ਜਿਹਾ ਘੱਟ ਕੇ 58.4 ਬਿਲੀਅਨ ਡਾਲਰ ਰਹਿਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ।

# ਓਨਟਾਰੀਓ ਵਿੱਚ ਆ ਚੁੱਕੀ ਹੈ ਛੇਵੀਂ ਵੇਵ?



ਓਨਟਾਰੀਓ, 31 ਮਾਰਚ (ਪੋਸਟ ਬਿਊਰੋ) : ਕੋਵਿਡ-19 ਨਾਲ ਲੜਦਿਆਂ ਨੂੰ ਦੋ ਸਾਲ ਤੋਂ ਵੀ ਵੱਧ ਦਾ ਸਮਾਂ ਬੀਤਣ ਤੋਂ ਬਾਅਦ ਓਨਟਾਰੀਓ ਵਿੱਚ ਕੁੱਝ ਮੈਡੀਕਲ ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰੋਵਿੰਸ ਵਿੱਚ ਛੇਵੀਂ ਵੇਵ ਆ ਚੁੱਕੀ ਹੈ। ਮੰਗਲਵਾਰ ਨੂੰ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ. ਇਸਾਕ ਬੋਗਚ ਨੇ ਆਖਿਆ ਕਿ ਇੱਕ ਹਫਤੇ ਅਤੇ ਦੋ ਹਫਤੇ ਪਹਿਲਾਂ ਨਾਲੋਂ ਹੁਣ ਕੋਵਿਡ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਅਸੀਂ ਇਸ ਨੂੰ ਵੇਵ ਆਖ ਸਕਦੇ ਹਾਂ। ਅਜੇ ਸਾਨੂੰ ਇਸ ਵੇਵ ਦਾ ਆਕਾਰ ਪਤਾ ਨਹੀਂ ਲੱਗਿਆ ਹੈ। ਪਰ ਵੇਵ ਆ ਚੁੱਕੀ ਹੈ। ਉਨ੍ਹਾਂ ਆਖਿਆ ਕਿ ਸਾਨੂੰ ਆਉਣ ਵਾਲੇ ਕੁੱਝ ਹਫਤਿਆਂ ਤੱਕ ਹਸਪਤਾਲ ਵਿੱਚ ਭਰਤੀ ਹੋਣ ਵਾਲਿਆਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ। ਆਉਣ ਵਾਲੇ ਇੱਕ ਦੋ ਹਫਤਿਆਂ ਵਿੱਚ ਕੇਸ ਵੱਧ ਸਕਦੇ ਹਨ।

# ਬਰੈਂਪਟਨ ਦੇ ਘਰ ਵਿੱਚ ਲੱਗੀ ਅੱਗ, 2 ਬਾਲਗਾਂ ਤੇ 3 ਬੱਚਿਆਂ ਦੀ ਹੋਈ ਮੌਤ



ਬਰੈਂਪਟਨ, 31 ਮਾਰਚ (ਪੋਸਟ ਬਿਊਰੋ) : ਬੀਤੇ ਦਿਨੀਂ ਬਰੈਂਪਟਨ ਦੇ ਇੱਕ ਘਰ ਵਿੱਚ ਤੜ੍ਹਕਸਾਰ ਲੱਗੀ ਅੱਗ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਸਵੇਰੇ 2:00 ਵਜੇ ਐਮਰਜੰਸੀ ਅਮਲੇ ਨੂੰ ਇਹ ਖਬਰ ਮਿਲੀ ਕਿ ਕੈਨੇਡੀ ਰੋਡ ਤੇ ਸੈਂਡਲਵੁੱਡ ਪਾਰਕਵੇਅ ਏਰੀਆ ਵਿੱਚ ਕੌਨੈਸਟੋਗਾ ਡਰਾਈਵ ਵਿੱਚ ਇੱਕ ਘਰ ਨੂੰ ਅੱਗ ਲੱਗ ਗਈ ਹੈ। ਮੌਕੇ ਉੱਤੇ ਪਹੁੰਚੇ ਐਮਰਜੰਸੀ ਅਮਲੇ ਵੱਲੋਂ ਦੋ ਬਾਲਗਾਂ ਤੇ ਤਿੰਨ ਬੱਚਿਆਂ ਨੂੰ ਘਰ ਵਿੱਚੋਂ ਬਾਹਰ ਕੱਢਿਆ ਗਿਆ ਪਰ ਉਨ੍ਹਾਂ ਸਾਰਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਹੋਰ ਬਾਲਗ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਉਸ ਦੇ ਜਿਊਂਦੇ ਬਚਣ ਦੀ ਸੰਭਾਵਨਾ ਹੈ।

ਪੁਲਿਸ ਨੇ ਦੱਸਿਆ ਕਿ ਦੋ ਹੋਰ ਬਾਲਗ ਜ਼ਖ਼ਮੀ ਹੋਏ ਬਿਨਾਂ ਘਰ ਵਿੱਚੋਂ ਬਚ ਨਿਕਲਣ ਵਿੱਚ ਕਾਮਯਾਬ ਰਹੇ। ਅਮਲੇ ਵੱਲੋਂ ਅਜੇ ਵੀ ਅੱਗ ਉੱਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੈਂਡਲਵੁੱਡ ਪਾਰਕਵੇਅ ਤੇ ਕ੍ਰੈਨਮੋਰ ਕੋਰਟ ਦਰਮਿਆਨ ਕੌਨੈਸਟੋਗਾ ਡਰਾਈਵ ਨੂੰ ਬੰਦ ਕੀਤਾ ਗਿਆ ਹੈ।

# ਦੱਖਣੀ ਓਨਟਾਰੀਓ ਵਿੱਚ ਕਈ ਥਾਂਵਾਂ ਉੱਤੇ ਬੰਦ ਰਹਿਣਗੀਆਂ ਬੱਸਾਂ, ਖੁੱਲ੍ਹੇ ਰਹਿਣਗੇ ਸਕੂਲ

ਓਨਟਾਰੀਓ, 31 ਮਾਰਚ (ਪੋਸਟ ਬਿਊਰੋ) : ਹੱਢ ਜਮਾਂ ਦੇਣ ਵਾਲੇ ਮੀਂਹ ਤੇ ਬਰਫਬਾਰੀ ਕਾਰਨ ਕਈ ਸਕੂਲ ਬੋਰਡਜ਼ ਵੱਲੋਂ ਬੁੱਧਵਾਰ ਨੂੰ ਸਕੂਲ ਬੱਸਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਯੌਰਕ ਰੀਜਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਕੂਲ ਦੀ ਸਾਰੀ ਟਰਾਂਸਪੋਰਟੇਸ਼ਨ ਕੰਮ ਕਰਦੀ ਰਹੇਗੀ ਤੇ ਸਾਰੀਆਂ ਸਕੂਲ ਬਿਲਡਿੰਗਜ਼ ਵੀ ਖੁੱਲ੍ਹੀਆਂ ਰੱਖੀਆਂ ਜਾ ਰਹੀਆਂ ਹਨ ਪਰ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਕੁੱਝ ਥਾਂਵਾਂ ਉੱਤੇ ਦੇਰ ਹੋ ਸਕਦੀ ਹੈ। ਪੀਲ ਰੀਜਨ ਵਿੱਚ ਸੇਂਟ ਐਂਡਰਿਊ, ਸੇਂਟ ਪੀਟਰ, ਸੇਂਟ ਬੈਨੇਡਿਕਟ ਤੇ ਰੌਬਰਟ ਐਫ ਹਾਲ ਸੀਐਸਐਸ ਨੂੰ ਅੱਜ ਰੱਦ ਕਰ ਦਿੱਤਾ ਗਿਆ। ਪਰ ਬਾਕੀ ਸਾਰੀ ਸਕੂਲ ਟਰਾਂਸਪੋਰਟੇਸ਼ਨ ਕੰਮ ਕਰ ਰਹੀ ਹੈ ਤੇ ਸਾਰੀਆਂ ਸਕੂਲ ਬਿਲਡਿੰਗਜ਼ ਵੀ ਖੁੱਲ੍ਹੀਆਂ ਹਨ।




ਸਿਮਕੋ ਕਾਊਂਟੀ ਦੇ ਸਾਰੇ ਸਕੂਲ ਖੁੱਲ੍ਹੇ ਰਹਿਣਗੇ ਪਰ ਸਕੂਲ ਟਰਾਂਸਪੋਰਟੇਸ਼ਨ ਨੂੰ ਰੱਦ ਕਰ ਦਿੱਤਾ ਗਿਆ ਹੈ। ਗੁਐਲਫ ਤੇ ਵੈਲਿੰਗਟਨ ਕਾਊਂਟੀ ਵਿੱਚ ਰੌਕਵੁੱਡ, ਐਰਿਨ, ਸੈਂਟਰ ਵੈਲਿੰਗਟਨ ਤੇ ਨੌਰਥ ਵੈਲਿੰਗਟਨ ਵਿੱਚ ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ। ਟ੍ਰਿਲੀਅਮ ਲੇਕਲੈਂਡਜ਼ ਡੀਐਸਬੀ ਵਿੱਚ ਸਿਟੀ ਆਫ ਕਵਾਰਥਾ ਲੇਕਸ, ਹੈਲੀਬਰਟਨ ਤੇ ਮਸਕੋਕਾ ਵਿੱਚ ਚੱਲਣ ਵਾਲੀਆਂ ਸਾਰੀਆਂ ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ ਜਦਕਿ ਸਕੂਲ ਖੁੱਲ੍ਹੇ ਰਹਿਣਗੇ।

# ਗਾਰਬੇਜ ਬੈਗ ਵਿੱਚ ਮਿਲੀ ਮਹਿਲਾ ਦੀ ਲਾਸ਼ ਦੀ ਪੁਲਿਸ ਨੇ ਕੀਤੀ ਸ਼ਨਾਖ਼ਤ

ਟੋਰਾਂਟੋ, 31 ਮਾਰਚ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਲੈਜ਼ਲੀਵਿੱਲ ਤੋਂ ਗਾਰਬੇਜ ਬੈਗ ਵਿੱਚੋਂ ਜਿਸ ਮਹਿਲਾ ਦੀ ਕੱਟੀ ਵੱਢੀ ਲਾਸ਼ ਮਿਲੀ ਸੀ ਟੋਰਾਂਟੋ ਪੁਲਿਸ ਵੱਲੋਂ ਉਸ ਮਹਿਲਾ ਦੀ ਪਛਾਣ ਕਰ ਲਈ ਗਈ ਹੈ।

ਮ੍ਰਿਤਕਾ ਟੋਰਾਂਟੋ ਦੀ 46 ਸਾਲਾ ਤਿਏਨ ਲੀ ਦੱਸੀ ਜਾਂਦੀ ਹੈ। ਪੁਲਿਸ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾਂ ਹੈ ਕਿ ਉਹ ਆਪਣੇ 20 ਸਾਲਾਂ ਦੇ ਲੜਕੇ ਡਲਾਸ ਲੀ ਨਾਲ ਕਾਰਲਾਅ ਐਵਨਿਊ ਤੇ ਡੰਡਸ ਸਟਰੀਟ ਈਸਟ ਏਰੀਆ ਵਿੱਚ ਰਹਿੰਦੀ ਸੀ ਤੇ ਹੁਣ ਪੁਲਿਸ ਉਸ ਦੇ ਲੜਕੇ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਬੁੱਧਵਾਰ ਰਾਤ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਪੁਲਿਸ ਦੇ ਬੁਲਾਰੇ ਐਲੈਕਸ ਲੀ ਨੇ ਆਖਿਆ ਕਿ ਹਾਲ ਦੀ ਘੜੀ ਮ੍ਰਿਤਕਾ ਦੇ ਲੜਕੇ ਨੂੰ ਮਸ਼ਕੂਕ ਨਹੀਂ ਮੰਨਿਆ ਜਾ ਰਿਹਾ।

ਉਨ੍ਹਾਂ ਆਖਿਆ ਕਿ ਇਸ ਸਮੇਂ ਅਸੀਂ ਇਹ ਆਸ ਕਰ ਰਹੇ ਹਾਂ ਕਿ ਉਹ ਸਹੀ ਸਲਾਮਤ ਹੋਵੇ। ਉਨ੍ਹਾਂ ਆਖਿਆ ਕਿ ਇਸ ਕਤਲ ਦੀ ਪ੍ਰਕਿਰਤੀ ਵੇਖ ਕੇ ਤੇ ਜਿਸ ਹਾਲ ਵਿੱਚ ਸਾਨੂੰ ਮ੍ਰਿਤਕਾ ਮਿਲੀ ਹੈ, ਉਸ ਤੋਂ ਤਾਂ ਸਾਨੂੰ ਡਲਾਸ ਦੀ ਚਿੰਤਾ ਹੋ ਰਹੀ ਹੈ ਕਿਉਂਕਿ ਉਹ ਸਾਨੂੰ ਕਿਤੇ ਨਹੀਂ ਲੱਭ ਰਿਹਾ।



ਜ਼ਿਕਰਯੋਗ ਹੈ ਕਿ ਸੋਮਵਾਰ ਦੁਪਹਿਰ 1:30 ਵਜੇ ਲੀ ਦੀ ਲਾਸ਼ ਈਸਟਰਨ ਐਵਨਿਊ ਦੇ ਦੱਖਣ ਵੱਲ ਮਿਲਣ ਤੋਂ ਬਾਅਦ ਪੁਲਿਸ ਨੂੰ ਈਸਟਰਨ ਤੇ ਬਰਕਸ਼ਾਇਰ ਐਵਨਿਊਂ ਸੱਦਿਆ ਗਿਆ। ਮੰਗਲਵਾਰ ਨੂੰ ਪੁਲਿਸ ਨੇ ਇਸ ਆਸ ਨਾਲ ਲੀ ਦੇ ਹੱਥਾਂ ਤੇ ਪੈਰਾਂ ਦੇ ਨੰਹੁ ਉੱਤੇ ਬਣੇ ਵਿੱਲਖਣ ਡਿਜ਼ਾਈਨ ਦੀਆਂ ਤਸਵੀਰਾਂ ਜਾਰੀ ਕੀਤੀਆਂ ਤਾਂ ਕਿ ਕੋਈ ਉਸ ਦੀ ਸ਼ਨਾਖ਼ਤ ਕਰ ਸਕੇ। ਇਸ ਤੋਂ ਬਾਅਦ ਕਈ ਲੋਕ ਸਾਹਮਣੇ ਆਏ ਤੇ ਆਖਿਰਕਾਰ ਪੁਲਿਸ ਲੀ ਦੀ ਸ਼ਨਾਖ਼ਤ ਕਰਨ ਵਿੱਚ ਕਾਮਯਾਬ ਹੋ ਗਈ।

# ਐਕਸ਼ਨ ਵਿੱਚ ਭਗਵੰਤ ਸਰਕਾਰ: ਸਕੂਲੀ ਸਿੱਖਿਆ ਅਤੇ ਸਰਕਾਰੀ ਖਜ਼ਾਨੇ ਬਾਰੇ ਸਖ਼ਤ ਹੁਕਮ ਜਾਰੀ

*** ਪ੍ਰਾਈਵੇਟ ਸਕੂਲਾਂ ਦੀ ਫੀਸ ਵਧਾਉਣ ਉੱਤੇ ਰੋਕ ਲਾਈ**

ਚੰਡੀਗੜ੍ਹ, 31 ਮਾਰਚ,(ਪੋਸਟ ਬਿਊਰੋ)- ਬੀਤੇ ਦਿਨੀਂ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਨੇ ਅੱਜ ਇਸ ਰਾਜ ਦੇ ਖਜ਼ਾਨਾ ਦਫਤਰਾਂ ਅਤੇ ਸਿੱਖਿਆ ਵਿਭਾਗ ਬਾਰੇ ਅਹਿਮ ਹਦਾਇਤਾਂ ਜਾਰੀ ਕੀਤੀਆਂ ਅਤੇ ਇਸ ਮੌਕੇ ਪ੍ਰਾਈਵੇਟ ਸਿੱਖਿਅਕ ਅਦਾਰਿਆਂ ਨੂੰ ਵੀ ਅੱਖਾਂ ਦਿਖਾਈਆਂ ਹਨ।

ਨਵੀਂ ਸਰਕਾਰ ਨੇ ਪੰਜਾਬ ਦੇ ਸਾਰੇ ਜ਼ਿਲਾ ਖਜ਼ਾਨਾ ਦਫਤਰਾਂ ਤੇ ਸਬ-ਖਜ਼ਾਨਾ ਦਫ਼ਤਰਾਂ ਦਾ ਕੰਮ ਠੀਕ ਢੰਗ ਨਾਲ ਚਲਾਉਣ ਲਈ ਹਦਾਇਤ ਜਾਰੀ ਕੀਤੀ ਹੈ ਕਿ ਸਾਰੇ ਅਫਸਰ, ਕਰਮਚਾਰੀ ਸਮੇਂ ਸਿਰ ਦਫਤਰ ਆਉਣ ਤੇ ਦਫ਼ਤਰੀ ਸਮੇਂ ਦੌਰਾਨ ਆਪਣੀ ਸੀਟ ਉੱਤੇ ਰਹਿਣ ਤਾਂ ਜੋ ਆਮ ਜਨਤਾ, ਪੈਨਸ਼ਨਰਾਂ, ਸਰਕਾਰੀ ਮੁਲਾਜ਼ਮਾਂ ਨੂੰ ਔਖ ਨਾ ਆਵੇ। ਇਹ ਵੀ ਹਦਾਇਤ ਕੀਤੀ ਹੈ ਕਿ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਛੁੱਟੀ ਵੇਲੇ ਉਸ ਦੀ ਥਾਂ ਕੋਈ ਜ਼ਰੂਰ ਨਿਯੁਕਤ ਕੀਤਾ ਜਾਵੇ ਤੇ ਆਮ ਲੋਕਾਂ, ਸੀਨੀਅਰ ਸਿਟੀਜ਼ਨਜ਼, ਪੈਨਸ਼ਨਰਾਂ ਆਦਿ ਨਾਲ ਨਰਮੀ ਭਰਿਆ ਵਤੀਰਾ ਵਰਤ ਕੇ ਉਨ੍ਹਾਂ ਦੀ ਸਮੱਸਿਆ ਪਹਿਲ ਦੇ ਅਧਾਰ ਉੱਤੇ ਹੱਲ ਕੀਤੀ ਜਾਵੇ। ਤਾਜ਼ਾ ਆਦੇਸ਼ਾਂ ਆਦੇਸ਼ ਅਨੁਸਾਰ ਜ਼ਿਲਾ ਅਤੇ ਸਬ-ਖਜ਼ਾਨਾ ਦਫ਼ਤਰਾਂ ਵਿਖੇ ਬਿੱਲ ਪੁੱਜਣ ਉੱਤੇ ਤੁਰੰਤ ਚੈੱਕ ਕਰ ਕੇ ਯਕੀਨੀ ਬਣਾਇਆ ਜਾਵੇਗਾ ਕਿ ਜੇਕੋਈ ਇਤਰ-ਾਜ਼ ਹੋਣ ਤਾਂ ਇੱਕੋ ਵਾਰ ਅਤੇ ਨਿਯਮਾਂ ਦਾ ਹਵਾਲਾ ਦੇ ਕੇ ਸਾਫਪੜ੍ਹਨ ਯੋਗ ਸ਼ਬਦਾਂ ਵਿਚ ਲਿਖੇ ਜਾਣ। ਇਤਰਾਜ਼ ਲੱਗੇ ਬਿੱਲ ਦੀ ਹਾਰਡ ਕਾਪੀ ਦੇਰੀ ਤੋਂ ਬਿਨਾਂ ਸਬੰਧਤ ਡੀ ਡੀ ਓ ਨੂੰ ਵਾਪਸ ਭੇਜੀ ਜਾਵੇ ਤੇ ਬਿੱਲਾਂ ਦੇ ਦਸਤਾਵੇਜ਼ਾਂ ਦੀ ਚੈੱਕ ਲਿਸਟ,ਭਾਵ ਬਿੱਲਾਂ ਨਾਲ ਸਬੰਧਤ ਵਿੱਤ ਵਿਭਾਗ ਦੀਆਂ ਹਦਾਇਤਾਂ ਨੋਟਿਸ ਬੋਰਡ ਉੱਤੇ ਲਾਈਆਂ ਜਾਣ ਤੇ ਖਜ਼ਾਨੇ ਵਿੱਚ ਮੌਜੂਦ ਅਸ਼ਟਾਮਾਂ ਅਤੇ ਟਿਕਟਾਂ ਦੀ ਗਿਣਤੀ ਨੋਟਿਸ ਬੋਰਡ ਉੱਤੇ ਰੋਜ਼ ਲਿਖੀ ਜਾਵੇ, ਤਾਂ ਕਿ ਲੋਕਾਂ ਨੂੰ ਇਨ੍ਹਾਂ ਦੀ ਘਾਟ ਦੱਸ ਕੇ ਲੁੱਟਿਆ ਨਾ ਜਾ ਸਕੇ।



ਦੂਸਰੇ ਪਾਸੇ ਪੰਜਾਬ ਸਰਕਾਰ ਨੇ ਪ੍ਰਾਈਵੇਟ ਸਕੂਲਾਂਵੱਲੋਂ ਫੀਸ ਵਧਾਉਣ ਦੀ ਪਾਬੰਦੀ ਲਾ ਦਿੱਤੀ ਹੈਤੇ ਇਸ ਦਾ ਕਾਰਨ ਇਹ ਦੱਸਿਆ ਹੈ ਕਿ ਸਿੱਖਿਆ ਮਹਿੰਗੀ ਹੋ ਜਾਣ ਨਾਲ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ ਹੈ, ਮਜਬੂਰੀ ਵੱਸ ਮਾਤਾ-ਪਿਤਾ ਬੱਚਿਆਂ ਨੂੰ ਸਕੂਲੋਂ ਹਟਾ ਕੇ ਕੰਮ ਉੱਤੇ ਲਾ ਦਿੰਦੇ ਹਨ। ਅੱਜ ਵੀਡੀਓ ਜਾਰੀ ਕਰ ਕੇਮੁੱਖ ਮੰਤਰੀ ਨੇ ਕਿਹਾਕਿ ਸਿੱਖਿਆ ਬਾਰੇ ਪੰਜਾਬ ਸਰਕਾਰ ਦੇ ਦੋ ਵੱਡੇ ਫ਼ੈਸਲੇ ਹਨ। ਇਕ, ਪ੍ਰਾਈਵੇਟ ਸਕੂਲ ਇਸ ਸਮੈਸਟਰ ਵਿਚ ਇੱਕ ਪੈਸਾ ਵੀ ਫੀਸ ਨਹੀਂ ਵਧਾ ਸਕਣਗੇ ਤੇ ਫੀਸ ਵਧਾਉਣ ਦੀ ਪਾਲਿਸੀ ਅਗਲੇ ਦਿਨੀਂ ਵਿਸਥਾਰ ਨਾਲਸਕੂਲਾਂ ਨਾਲ ਸਾਂਝੀ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿਇਹ ਪਾਲਿਸੀਸਕੂਲ ਪ੍ਰਿੰਸੀਪਲਾਂ ਤੇ ਬੱਚਿਆਂ ਦੇ ਮਾਪਿਆਂ ਨਾਲ ਮਿਲ ਕੇ ਬਣਾਉਣਗੇ। ਇਸ ਤੋਂ ਇਲਾਵਾ ਕੋਈ ਸਕੂਲ ਵਰਦੀ ਤੇ ਕਿਤਾਬਾਂ ਕਿਸੇ ਖਾਸ ਦੁਕਾਨ ਤੋਂ ਖਰੀਦਣ ਨੂੰ ਨਹੀਂ ਕਹੇਗਾ ਤੇ ਇਲਾਕੇ ਦੀਆਂ ਸਭ ਦੁਕਾਨਾਂ ਤੋਂ ਇਹ ਸਮਾਨ ਮਿਲੇਗਾ। ਮਾਤਾ-ਪਿਤਾ ਮਰਜ਼ੀ ਦੀ ਦੁਕਾਨ ਤੋਂ ਵਰਦੀ ਜਾਂ ਕਿਤਾਬਾਂ ਖਰੀਦ ਸਕਣਗੇ।

# ਲੇਕ ਸ਼ੋਰ ਬੁਲੇਵਾਰਡ ਉੱਤੇ ਹੋਏ ਹਾਦਸੇ ਵਿੱਚ ਤਿੰਨ ਹਲਾਕ

ਟੋਰਾਂਟੋ, 31 ਮਾਰਚ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਟੋਰਾਂਟੋ ਵਿੱਚ ਵਾਪਰੇ ਹਾਦਸੇ ਵਿੱਚ ਦੋ ਰਾਹਗੀਰਾਂ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਲੇਕ ਸ਼ੋਰ ਬੁਲੇਵਾਰਡ ਵੈਸਟ ਤੇ ਮਿਮਿਕੋ ਵਿੱਚ ਸੁਪੀਰੀਅਰ ਐਵਨਿਊ ਨੇੜੇ ਸ਼ਾਮੀਂ 5:30 ਵਜੇ ਵਾਪਰਿਆ। ਇੰਸਪੈਕਟਰ ਕੈਥਲੀਨ ਸੇਰੇਮੇਤਕੋਵਸਕੀ ਨੇ ਦੱਸਿਆ ਕਿ ਚਿੱਟੇ ਰੰਗ ਦੀ ਐਸਯੂਵੀ ਲੇਕ ਸ਼ੋਰ ਬੁਲੇਵਾਰਡ ਉੱਤੇ ਤੇਜ਼ ਰਫਤਾਰ ਨਾਲ ਜਾ ਰਹੀ ਸੀ ਜਦੋਂ ਉਸ ਨੇ ਰੈੱਡ ਲਾਈਟ ਕਰੌਸ ਕਰ ਲਈ ਤੇ ਲਾਂਘੇ ਨੂੰ ਪਾਰ ਕਰ ਰਹੇ ਦੋ ਰਾਹਗੀਰਾਂ ਨਾਲ ਟਕਰਾਉਣ ਤੋਂ ਬਾਅਦ ਪਾਰਕ ਕੀਤੇ ਹੋਏ ਟਰੱਕ ਨਾਲ ਜਾ ਟਕਰਾਈ।

ਜਦੋਂ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ ਤਾਂ ਉਨ੍ਹਾਂ ਵੇਖਿਆ ਕਿ ਕੁੱਝ ਲੋਕ ਡਰਾਈਵਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਦੋ ਵਿਅਕਤੀ ਬਿਨਾਂ ਸਾਹ ਸਤ ਦੇ ਪਏ ਸਨ। ਪੁਲਿਸ ਤੇ ਪੈਰਾਮੈਡਿਕਸ ਨੇ ਸਥਿਤੀ ਨੂੰ ਆਪਣੇ ਹੱਥ ਵਿੱਚ ਲਿਆ ਪਰ ਬਾਅਦ ਵਿੱਚ ਤਿੰਨਾਂ ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਓਨਟਾਰੀਓ ਸਥਿਤ ਵਾਈਨਰੀ ਦਾ ਵੱਡਾ ਹਿੱਸਾ ਅੱਗ ਲੱਗਣ ਕਾਰਨ ਹੋਇਆ ਤਬਾਹ



ਓਨਟਾਰੀਓ, 31 ਮਾਰਚ (ਪੋਸਟ ਬਿਊਰੋ) : ਸੇਂਟ ਕੈਥਰੀਨਜ਼, ਓਨਟਾਰੀਓ ਨੇੜੇ ਮੰਨੀ ਪ੍ਰਮੰਨੀ ਵਾਈਨਰੀ ਦਾ ਇੱਕ ਹਿੱਸਾ ਅੱਗ ਲੱਗਣ ਕਾਰਨ ਸੜ ਕੇ ਸੁਆਹ ਹੋ ਗਿਆ। ਅਧਿਕਾਰੀਆਂ ਅਨੁਸਾਰ ਲਾਊਥ ਟਾਊਨਸ਼ਿਪ ਵਿੱਚ 1607 ਏੜਥ ਐਵਨਿਊ ਨੇੜੇ ਸਥਿਤ ਹਰਨਡਰ ਅਸਟੇਟ ਵਾਈਨਜ਼ ਵਿੱਚ ਅੱਗ ਰਾਤੀਂ 10:00 ਵਜੇ ਇਹ ਅੱਗ ਲੱਗੀ। ਨਾਇਗਰਾ ਰੀਜਨਲ ਪੁਲਿਸ ਵੱਲੋਂ ਐਤਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਵਿੱਚ ਆਖਿਆ ਗਿਆ ਕਿ ਜਿਸ ਸਮੇਂ ਅੱਗ ਲੱਗੀ ਉਸ ਸਮੇਂ ਇਮਾਰਤ ਵਿੱਚ ਚਾਰ ਮੁਲਾਜ਼ਮ ਮੌਜੂਦ ਸਨ। ਪਰ ਸਮਾਂ ਰਹਿੰਦਿਆਂ ਹੀ ਉਹ ਸਾਰੇ ਬਾਹਰ ਆ ਗਏ। ਇੱਕ ਵਿਅਕਤੀ ਨੂੰ ਮੌਕੇ ਤੋਂ ਧੂੰਆਂ ਚੜ੍ਹ ਜਾਣ ਕਾਰਨ ਹਸਪਤਾਲ ਲਿਜਾਇਆ ਗਿਆ। ਅੱਗ ਫੈਸਿਲਿਟੀ ਦੇ ਸਟੋਰਫਰੰਟ ਏਰੀਆ ਵਿੱਚ ਲੱਗੀ। ਵਾਈਨਰੀ ਦਾ ਇੱਕ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ ਪਰ ਵੱਡੇ ਹਿੱਸੇ, ਜਿਨ੍ਹਾਂ ਵਿੱਚ ਵਾਈਨਰੀ ਦਾ ਵੇਅਰਹਾਊਸ ਤੇ ਪ੍ਰੋਡਕਸਨ ਏਰੀਆ ਹੈ, ਉਹ ਬਚ ਗਿਆ ਹੈ। ਉੱਥੇ ਕੋਈ ਨੁਕਸਾਨ ਨਹੀਂ ਪਹੁੰਚਿਆ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਬੁਝਾਉਣ ਲਈ ਟੈਂਕਸ, ਲੈਡਰਜ਼ ਤੇ ਏਰੀਅਲ ਡਿਵਾਇਸਿਜ਼ ਲਿਆਂਦੀਆਂ ਗਈਆਂ। ਹਾਦਸੇ ਦੇ ਆਕਾਰ ਕਾਰਨ ਇਸ ਇਲਾਕੇ ਵਿੱਚ ਕਈ ਸਟਰੀਟਸ ਨੂੰ ਬੰਦ ਕਰ ਦਿੱਤਾ ਗਿਆ।

## ਫੋਰਡ ਤੇ ਟੋਰੀ ਨੇ ਟੱਕ ਲਾ ਕੇ ਓਨਟਾਰੀਓ ਲਾਈਨ ਦੀ ਉਸਾਰੀ ਦਾ ਮੁੱਢ ਬੰਨ੍ਹਿਆ

ਓਨਟਾਰੀਓ, 31 ਮਾਰਚ ( ਪੋਸਟ ਬਿਊਰੋ) :ਐਲਾਨੇ ਜਾਣ ਤੋਂ ਤਿੰਨ ਸਾਲ ਬਾਅਦ ਫੋਰਡ ਸਰਕਾਰ ਨੇ ਰਸਮੀ ਤੌਰ ਉੱਤੇ ਟੱਕ ਲਾ ਕੇ ਓਨਟਾਰੀਓ ਲਾਈਨ ਦੀ ਉਸਾਰੀ ਦਾ ਮੁੱਢ ਬੰਨ੍ਹਿਆ।

ਐਤਵਾਰ ਦੁਪਹਿਰ ਨੂੰ ਟੱਕ ਲਾਉਣ ਦੀ ਇਸ ਰਸਮ ਮੌਕੇ ਪ੍ਰੀਮੀਅਰ ਡੱਗ ਫੋਰਡ, ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ, ਫੈਡਰਲ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਤੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਹਾਜ਼ਰ ਸਨ। 16 ਕਿਲੋਮੀਟਰ ਲੰਮੀਂ, 15 ਸਟੌਪ ਵਾਲੀ ਇਸ ਓਨਟਾਰੀਓ ਲਾਈਨ ਦਾ ਖੁਲਾਸਾ ਸੱਭ ਤੋਂ ਪਹਿਲਾਂ ਪੀਸੀ ਸਰਕਾਰ ਵੱਲੋਂ 2019 ਵਿੱਚ ਕੀਤਾ ਗਿਆ।

ਇਹ ਸਿਟੀ ਦੇ ਸ਼ੁਰੂਆਤੀ ਰਲੀਫ ਲਾਈਨ ਪ੍ਰਸਤਾਵ ਦਾ ਪਸਾਰ ਹੀ




ਸੀ। ਜਦੋਂ 2030 ਵਿੱਚ ਇਹ ਮੁਕੰਮਲ ਹੋ ਜਾਵੇਗੀ ਤਾਂ ਇਹ ਲਾਈਨ 40 ਹੋਰਨਾਂ ਟਰਾਂਜ਼ਿਟ ਰੂਟਸ ਨਾਲ ਜੁੜੇਗੀ, ਇਨ੍ਹਾਂ ਵਿੱਚ ਗੋਅ ਟਰੇਨ ਲਾਈਨਜ਼, ਟੀਟੀਸੀ ਸਬਵੇਅ ਅਤੇ ਸਟਰੀਟਕਾਰ ਸਟੌਪਸ ਤੇ ਨਵੀਂ ਈਸਟ-ਵੈਸਟ ਲਾਈਟ ਰੇਲ ਲਾਈਨ- ਜਿਸ ਦਾ ਨਿਰਮਾਣ ਸ਼ੁਰੂ ਹੋ ਗਿਆ ਹੈ, ਵੀ ਸ਼ਾਮਲ ਹੋਣਗੀਆਂ।

## ਫੈਡਰਲ ਸਰਕਾਰ ਨਾਲ ਓਨਟਾਰੀਓ ਨੇ ਸਾਈਨ ਕੀਤੀ 102 ਬਿਲੀਅਨ ਡਾਲਰ ਦੀ ਚਾਈਲਡ ਕੇਅਰ ਡੀਲ

ਓਟਵਾ, 31 ਮਾਰਚ (ਪੋਸਟ ਬਿਊਰੋ) : ਐਤਵਾਰ ਨੂੰ ਓਨਟਾਰੀਓ ਨੇ ਫੈਡਰਲ ਸਰਕਾਰ ਨਾਲ 10.2 ਬਿਲੀਅਨ ਡਾਲਰ ਦੀ ਡੀਲ ਕੀਤੀ। ਇਸ ਨਾਲ ਇਸ ਸਾਲ ਦੇ ਅੰਤ ਤੱਕ ਪ੍ਰੋਵਿੰਸ ਵਿੱਚ ਚਾਈਲਡ ਕੇਅਰ ਫੀਸ ਵਿੱਚ ਵੱਡੀ ਕਟੌਤੀ ਹੋਵੇਗੀ।

ਇਸ ਸਬੰਧ ਵਿੱਚ ਚੱਲ ਰਹੀ ਗੱਲਬਾਤ ਦੀ ਜਾਣਕਾਰੀ ਰੱਖਣ ਵਾਲੇ ਦੋਵਾਂ ਸਰਕਾਰਾਂ ਦੇ ਸੋਤਰਾਂ ਅਨੁਸਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪ੍ਰੀਮੀਅਰ ਡੱਗ ਫੋਰਡ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਇਸ ਡੀਲ ਦਾ ਐਲਾਨ ਕਰਨਗੇ। ਸਾਰੇ ਸੂਤਰਾਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇਹ ਜਾਣਕਾਰੀ ਦਿੱਤੀ।

ਸਾਲ 2026 ਦੇ ਅੰਤ ਤੱਕ ਚਾਈਲਡ ਕੇਅਰ ਫੀਸ ਨੂੰ ਔਸਤਨ 10 ਡਾਲਰ ਤੱਕ ਕਰਨ ਦੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਓਨਟਾਰੀਓ ਵਾਲੀ ਡੀਲ ਆਖਰੀ ਕੜੀ ਸੀ। ਇਸ ਡੀਲ ਦੇ ਹਿੱਸੇ ਵਜੋਂ ਦਸੰਬਰ ਦੇ ਅੰਤ ਤੱਕ ਓਨਟਾਰੀਓ ਔਸਤ ਫੀਸ ਵਿੱਚ 50 ਫੀ ਸਦੀ ਦੀ ਕਟੌਤੀ ਕਰੇਗਾ, ਪੰਜ ਸਾਲ ਖ਼ਤਮ ਹੋਣ ਉੱਤੇ ਚਾਈਲਡ ਕੇਅਰ ਵਿੱਚ 86,000



ਨਵੀਆਂ ਥਾਂਵਾਂ ਤਿਆਰ ਕਰੇਗਾ,ਚਾਈਲਡ ਕੇਅਰ ਵਰਕਰਜ਼ ਲਈ ਘੱਟ ਤੋਂ ਘੱਟ ਉਜਰਤ ਘੰਟੇ ਦੇ 18 ਡਾਲਰ ਤੇ ਸੁਪਰਵਾਈਜ਼ਰਜ਼ ਲਈ ਘੰਟੇ ਦੇ 20 ਡਾਲਰ ਕਰੇਗਾ।

ਇਨ੍ਹਾਂ ਭੱਤਿਆਂ ਵਿੱਚ ਹਰ ਸਾਲ ਪ੍ਰਤੀ ਘੰਟਾ 1 ਡਾਲਰ ਦਾ ਵਾਧਾ ਹੋਵੇਗਾ ਜਦੋਂ ਤੱਕ ਇਹ ਭੱਤੇ 25 ਡਾਲਰ ਪ੍ਰਤੀ ਘੰਟਾਂ ਤੱਕ ਨਹੀਂ ਪਹੁੰਚ ਜਾਂਦੇ। ਚਾਈਲਡ ਕੇਅਰ ਵਾਲੀਆਂ ਥਾਂਵਾਂ ਲਾਇਸੰਸਸ਼ੁਦਾ ਹੋਣੀਆਂ ਚਾਹੀਦੀਆਂ ਹਨ ਤੇ ਤਰਜੀਹ ਪਬਲਿਕ ਤੇ ਗੈਰ ਮੁਨਾਫੇ ਵਾਲੀਆਂ ਥਾਂਵਾਂ ਨੂੰ ਦਿੱਤੀ ਜਾਵੇਗੀ ਪਰ ਇਸ ਸਮਝੌਤੇ ਤਹਿਤ ਪ੍ਰਾਈਵੇਟ ਤੇ ਮੁਨਾਫਾ ਕਮਾਉਣ ਵਾਲੇ ਸੈਂਟਰਾਂ ਨੂੰ ਅਣਗੌਲਿਆ ਨਹੀਂ ਛੱਡਿਆ ਜਾਵੇਗਾ। ਓਨਟਾਰੀਓ ਦੀਆਂ ਪੰਜਵਾਂ ਹਿੱਸਾ ਚਾਈਲਡ ਕੇਅਰ ਥਾਂਵਾਂ ਪ੍ਰਾਈਵੇਟ ਹਨ ਤੇ ਮੁਨਾਫਾ ਕਮਾਉਣ ਲਈ ਕਾਰਪੋਰੇਸ਼ਨਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਪ੍ਰੋਵਿੰਸ ਵਿੱਚ ਸੱਭ ਤੋਂ ਵੱਧ ਚਾਈਲਡ ਕੇਅਰ ਫੀਸ ਵੀ ਵਸੂਲੀ ਜਾਂਦੀ ਰਹੀ ਹੈ।

## ਸਰਕਾਰੀ ਪੀਪੀਈ ਕਿੱਟਾਂ ਵੇਚਣ ਵਾਲਿਆਂ ਨੂੰ ਲੱਗੇਗਾ ਜੁਰਮਾਨਾ !



ਓਨਟਾਰੀਓ, 31 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਉਨ੍ਹਾਂ ਵਿਅਕਤੀਆਂ ਉੱਤੇ ਸਖ਼ਤ ਜੁਰਮਾਨੇ ਲਾਉਣ ਲਈ ਨਵੇਂ ਨਿਯਮ ਲਿਆਉਣ ਦਾ ਫੈਸਲਾ ਕੀਤਾ ਗਿਆ ਹੈ ਜਿਹੜੇ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਮੁਫਤ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ (ਪੀਪੀਈ) ਨੂੰ ਮੁੜ ਵੇਚਦੇ ਫੜ੍ਹੇ ਜਾਂਦੇ ਹਨ।

ਇਨ੍ਹਾਂ ਨਵੇਂ ਨਿਯਮਾਂ ਤਹਿਤ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਪੀਪੀਈ ਕਿੱਟਸ ਨੂੰ ਮੁੜ ਵੇਚਣਾ ਜਾਂ ਵੇਚਣ ਦੀ ਪੇਸ਼ਕਸ਼ ਕਰਨਾ ਗੈਰਕਾਨੂੰਨੀ ਹੋਵੇਗਾ। ਇਨ੍ਹਾਂ ਵਿੱਚ ਰੈਪਿਡ ਐਂਟੀਜਨ ਟੈਸਟਸ, ਮਾਸਕਸ, ਗਲੱਵਸ ਤੇ ਹੈਂਡ ਸੈਨੇਟਾਈਜ਼ਰ ਆਦਿ ਵੀ ਸ਼ਾਮਲ ਹਨ। ਇਸ ਤਰ੍ਹਾਂ ਦਾ ਗੈਰਕਾਨੂੰਨੀ ਕੰਮ ਕਰਨ ਵਾਲੇ ਨੂੰ 20,000 ਡਾਲਰ ਤੱਕ ਦਾ ਜੁਰਮਾਨ ਜਾਂ ਕਾਰਪੋਰੇਸ਼ਨ ਨੂੰ 250,000 ਡਾਲਰ ਜੁਰਮਾਨਾ ਹੋ ਸਕਦਾ ਹੈ।

ਕੰਜ਼ਿਊਮਰ ਸਰਵਿਸਿਜ਼ ਮੰਤਰੀ ਰੌਸ ਰੋਮਾਨੋ ਵੱਲੋਂ ਇਹ ਐਲਾਨ ਅੱਜ ਦੁਪਹਿਰ ਕੀਤੇ ਜਾਣ ਦੀ ਸੰਭਾਵਨਾ ਹੈ। ਪਿਛਲੇ ਸਾਲ ਓਮਾਈਕ੍ਰੌਨ ਦੇ ਮਾਮਲਿਆਂ ਵਿੱਚ ਹੋਏ ਵਾਧੇ ਤੋਂ ਬਾਅਦ ਹੀ ਅਚਾਨਕ ਕੋਵਿਡ-19 ਰੈਪਿਡ ਐਂਟੀਜਨ ਟੈਸਟਸ ਦੀ ਮੰਗ ਵਧਣ ਕਾਰਨ ਦਸੰਬਰ ਵਿੱਚ ਸਰਕਾਰ ਨੇ ਇਸ ਸਮਾਨ ਨੂੰ ਮੁੜ ਵੇਚਣ ਵਾਲਿਆਂ ਖਿਲਾਫ ਕਾਰਵਾਈ ਸਖ਼ਤ ਕੀਤੀ ਸੀ। ਸਰਕਾਰ ਨੂੰ ਇਸ ਤਰ੍ਹਾਂ ਦੇ ਸਮਾਨ ਦੇ ਇੰਟਰਨੈੱਟ ਉੱਤੇ ਮਹਿੰਗੇ ਮੁੱਲ ਮਿਲਦੇ ਹੋਣ ਦਾ ਵੀ ਪਤਾ ਲੱਗਿਆ ਸੀ।

## ਸੱਤਾ ਵਿੱਚ ਆਏ ਤਾਂ ਘੱਟ ਤੋਂ ਘੱਟ ਉਜਰਤ 16 ਡਾਲਰ ਪ੍ਰਤੀ ਘੰਟਾ ਕਰਾਂਗੇ : ਡੈਲ ਡੂਕਾ

ਟੋਰਾਂਟੋ, 31 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਸਟੀਵਨ ਡੈਲ ਡੂਕਾ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਜੇ ਜੂਨ ਵਿੱਚ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਰੀਜਨਲ ਘੱਟ ਤੋਂ ਘੱਟ ਉਜਰਤਾਂ 16 ਡਾਲਰ ਪ੍ਰਤੀ ਘੰਟਾ ਕਰਨਗੇ ਅਤੇ 10 ਪੇਡ ਸਿੱਕ ਡੇਜ਼ ਦੇਣ




ਵਾਲੇ ਕਾਰੋਬਾਰਾਂ ਨੂੰ ਮੁਆਵਜ਼ਾ ਵੀ ਦੇਣਗੇ।

ਪਾਰਟੀ ਮੈਂਬਰਾਂ ਨੂੰ ਸ਼ਨਿੱਚਰਵਾਰ ਨੂੰ ਦਿੱਤੇ ਗਏ ਇਸ ਭਾਸ਼ਣ ਵਿੱਚ ਡੈਲ ਡੂਕਾ ਨੇ ਇਸ ਤਰ੍ਹਾਂ ਦੇ ਵਾਅਦਿਆਂ ਦੀ ਝੜੀ ਲਾ ਦਿੱਤੀ। ਇਸ ਈਵੈਂਟ ਨੂੰ ਲਿਬਰਲਾਂ ਦਾ ਚੋਣਾਂ ਨਾਲ ਸਬੰਧਤ ਪਹਿਲਾ ਕੈਂਪੇਨ ਈਵੈਂਟ ਦੱਸਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਵਰਕਰਜ਼ ਨੂੰ ਉਨ੍ਹਾਂ ਦੇ ਕੰਮਕਾਰ ਬਦਲੇ ਅਸਲ ਹਿਫਾਜ਼ਤ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਆਖਿਆ ਕਿ ਸਾਡਾ ਅਰਥਚਾਰਾ ਬਦਲ ਗਿਆ ਹੈ ਤੇ ਕੰਮ ਕਰਨ ਦੇ ਨਵੇਂ ਤਰੀਕੇ ਖ਼ਤਮ ਨਹੀਂ ਹੋਣਗੇ। ਉਨ੍ਹਾਂ ਆਖਿਆ ਕਿ ਅਸੀਂ ਕੰਮਕਾਜੀ ਲੋਕਾਂ ਤੇ ਵਰਕਰਜ਼ ਲਈ ਕੰਮ ਕਰਨ ਦੇ ਤਜ਼ਰਬੇ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ। ਸ਼ੁਰੂਆਤ ਲਈ ਅਸੀਂ ਉਜਰਤਾਂ 15 ਡਾਲਰ ਪ੍ਰਤੀ ਘੰਟੇ ਤੋਂ 16 ਡਾਲਰ ਪ੍ਰਤੀ ਘੰਟਾ ਕਰਾਂਗੇ। ਇਸ ਦੌਰਾਨ ਐਨਡੀਪੀ ਨੇ ਵੀ ਘੱਟ ਤੋਂ ਘੱਟ ਉਜਰਤਾਂ ਪਹਿਲੀ ਅਕਤੂਬਰ ਤੱਕ 16 ਡਾਲਰ ਪ੍ਰਤੀ ਘੰਟਾ ਕਰਨ ਅਤੇ ਵੱਧ ਤੋਂ ਵੱਧ ਉਜਰਤਾਂ ਟੋਰਾਂਟੋ ਵਿੱਚ 22 ਡਾਲਰ ਪ੍ਰਤੀ ਘੰਟਾ ਕਰਨ ਦਾ ਵਾਅਦਾ ਕੀਤਾ।

## ਲਗਜ਼ਰੀ ਨਹੀਂ ਲੋੜ ਹੈ ਚਾਈਲਡ ਕੇਅਰ : ਐਮ ਪੀ ਸਹੋਤਾ

ਓਨਟਾਰੀਓ, 31 ਮਾਰਚ (ਪੋਸਟ ਬਿਊਰੋ) : ਓਨਟਾਰੀਓ ਵਿੱਚ ਪਰਿਵਾਰਾਂ ਨੂੰ ਕਿਫਾਇਤੀ, ਵਿਲੱਖਣ ਤੇ ਉੱਚ ਮਿਆਰੀ ਚਾਈਲਡਕੇਅਰ ਮੁਹੱਈਆ ਕਰਵਾਉਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪ੍ਰੀਮੀਅਰ ਡੱਗ ਫੋਰਡ ਨੇ ਡੀਲ ਸਿਰੇ ਚੜ੍ਹਨ ਦਾ ਐਲਾਨ ਕੀਤਾ। ਇਸ ਮੌਕੇ ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੀ ਹਾਜ਼ਰ ਸਨ। ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਹੋਇਆ ਇਹ ਸਮਝੌਤਾ ਕੈਨੇਡਾ ਭਰ ਵਿੱਚ ਕੀਤਾ ਗਿਆ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਅਗਰੀਮੈਂਟ ਹੈ ਜਿਹੜਾ ਪੰਜ ਸਾਲਾਂ ਲਈ ਕੀਤਾ ਗਿਆ ਹੈ। ਅਜਿਹਾ ਚਾਈਲਡ ਕੇਅਰ ਫੀਸ ਨੂੰ ਓਨਟਾਰੀਓ ਦੇ ਪਰਿਵਾਰਾਂ ਲਈ ਘਟਾ ਕੇ 10 ਡਾਲਰ ਰੋਜ਼ਾਨਾ ਤੱਕ ਲਿਆਉਣ ਲਈ ਤੇ ਪ੍ਰੋਵਿੰਸ ਵਿੱਚ 86,000 ਨਵੇਂ ਲਾਇਸੰਸਸ਼ੁਦਾ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ ਖੋਲ੍ਹਣ ਲਈ ਕੀਤਾ ਗਿਆ ਹੈ।

ਇਸ ਸਮਝੌਤੇ ਤੋਂ ਬਾਅਦ ਪਹਿਲੀ ਅਪਰੈਲ 2022 ਤੋਂ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਚਾਈਲਡਕੇਅਰ ਫੀਸ ਵਿੱਚ 25 ਫੀ ਸਦੀ ਦੀ ਕਟੌਤੀ ਹੋਵੇਗੀ। ਇਸ ਨਾਲ ਓਨਟਾਰੀਓ ਦੇ ਪਰਿਵਾਰਾਂ ਨੂੰ ਹਰ ਬੱਚੇ ਪਿੱਛੇ 2,200 ਡਾਲਰ ਦੀ ਬਚਤ ਹੋਵੇਗੀ। ਇਸ ਸਾਲ ਦੇ ਅੰਤ ਤੱਕ ਪਰਿਵਾਰਾਂ ਲਈ ਇਸ ਫੀਸ ਵਿੱਚ ਔਸਤਨ 50 ਫੀ ਸਦੀ ਕਟੌਤੀ ਕੀਤੀ



ਜਾਵੇਗੀ ਤੇ ਉਨ੍ਹਾਂ ਨੂੰ ਹਰ ਸਾਲ ਪ੍ਰਤੀ ਬੱਚੇ ਪਿੱਛੇ 6000 ਡਾਲਰ ਦੀ ਬਚਤ ਹੋਵੇਗੀ।

2025-26 ਵਿੱਤੀ ਵਰ੍ਹੇ ਦੇ ਖ਼ਤਮ ਹੋਣ ਉੱਤੇ ਓਨਟਾਰੀਓ ਦੇ ਪਰਿਵਾਰਾਂ ਨੂੰ ਚਾਈਲਡਕੇਅਰ ਲਈ ਔਸਤਨ 10 ਡਾਲਰ ਰੋਜ਼ਾਨਾ ਦੇਣੇ ਹੋਣਗੇ। ਇਸ ਮੌਕੇ ਐਮਪੀ ਸਹੋਤਾ ਨੇ ਆਖਿਆ ਕਿ ਇਸ ਸਮਝੌਤੇ ਦੇ ਅੱਜ ਸਿਰੇ ਚੜ੍ਹਨ ਨਾਲ ਕੈਨੇਡਾ ਸਰਕਾਰ ਵੱਲੋਂ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਨਾਲ ਚਾਈਲਡ ਕੇਅਰ ਸਿਸਟਮ ਨੂੰ ਕੈਨੇਡਾ ਭਰ ਵਿੱਚ ਕਿਫਾਇਤੀ, ਵਿਲੱਖਣ ਤੇ ਮਿਆਰੀ ਬਣਾਉਣ ਦਾ ਵਾਅਦਾ ਪੂਰਾ ਹੋ ਗਿਆ। ਉਨ੍ਹਾਂ ਆਖਿਆ ਕਿ ਇਸ ਪਲੈਨ ਨਾਲ ਬਰੈਂਪਟਨ ਦੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਹੋਰ ਕਿਫਾਇਤੀ ਹੋ ਜਾਣਗੀਆਂ, ਨੌਕਰੀਆਂ ਦੇ ਨਵੇਂ ਰਾਹ ਖੁੱਲ੍ਹ ਜਾਣਗੇ, ਮਾਪੇ ਵਰਕਫੋਰਸ ਵਿੱਚ ਮੁੜ ਸਕਣਗੇ ਤੇ ਮੱਧ ਵਰਗ ਨੂੰ ਸੁਖ ਦਾ ਸਾਹ ਆਵੇਗਾ ਤੇ ਹਰੇਕ ਬੱਚੇ ਨੂੰ ਸਫਲਤਾ ਦਾ ਪੂਰਾ ਮੌਕਾ ਮਿਲੇਗਾ।

ਇਸ ਸਮਝੌਤੇ ਨਾਲ ਅਰਲੀ ਲਰਨਿੰਗ, ਚਾਈਲਡਕੇਅਰ ਪ੍ਰੋਗਰਾਮਾਂ ਤੇ ਸੇਵਾਵਾਂ ਵਿੱਚ ਸੁਧਾਰ ਹੋਵੇਗਾ ਤੇ ਇਸ ਨਾਲ ਅਰਲੀ ਚਾਈਲਡਹੁੱਡ ਐਜੂਕੇਟਰਜ਼ ਦੀ ਮਾਹਰ ਵਰਕਫੋਰਸ ਤਿਆਰ ਹੋਵੇਗੀ ਜਿਨ੍ਹਾਂ ਨੂੰ ਪ੍ਰੋਫੈਸ਼ਨਲ ਵਿਕਾਸ ਲਈ ਬਿਹਤਰ ਭੱਤੇ ਤੇ ਬਿਹਤਰ ਮੌਕੇ ਹਾਸਲ ਹੋਣਗੇ। ਇੱਕ ਅਜਿਹਾ ਚਾਈਲਡਕੇਅਰ ਸਿਸਟਮ ਤਿਆਰ ਕਰਨਾ ਹੀ ਇਸ ਯੋਜਨਾ ਦਾ ਮੁੱਖ ਹਿੱਸਾ ਹੈ, ਜਿਹੜਾ ਦੇਸ਼ ਦੇ ਹਰੇਕ ਰੀਜਨ ਲਈ ਕਾਰਗਰ ਸਿੱਧ ਹੋਵੇ, ਜਿਹੜਾ ਪਰਿਵਾਰਾਂ ਲਈ ਵਧੇਰੇ ਕਿਫਾਇਤੀ ਹੋਵੇ ਤੇ ਇਸ ਦੇ ਨਾਲ ਹੀ ਚੰਗੀਆਂ ਨੌਕਰੀਆਂ ਪੈਦਾ ਕਰੇ ਤੇ ਅਰਥਚਾਰੇ ਦੇ ਵਿਕਾਸ ਵਿੱਚ ਵਾਧਾ ਕਰੇ। ਇਨ੍ਹਾਂ ਸਮਝੌਤਿਆਂ ਨਾਲ ਹੀ ਕੈਨੇਡਾ ਸਰਕਾਰ ਅਗਲੇ ਚਾਰ ਸਾਲਾਂ ਵਿੱਚ ਦੇਸ਼ ਭਰ ਵਿੱਚ 250,000 ਨਵੀਆਂ ਚਾਈਲਡਕੇਅਰ ਸਪੇਸਿਜ਼ ਤਿਆਰ ਕਰਨਾ ਚਾਹੁੰਦੀ ਹੈ ਤਾਂ ਕਿ ਪਰਿਵਾਰਾਂ ਨੂੰ ਕਿਫਾਇਤੀ ਚਾਈਲਡਕੇਅਰ ਆਪਸ਼ਨਜ਼ ਮਿਲ ਸਕਣ।

## ਇਨਸਾਫ ਦੇ ਰਾਹ ਵਿੱਚ ਅੜਿੱਕਾ ਡਾਹੁਣ ਦੇ ਮਾਮਲੇ ਵਿੱਚ ਜਨਰਲ ਜੌਨਾਥਨ ਵਾਂਸ ਦੋਸ਼ੀ ਕਰਾਰ

ਓਟਵਾ, 31 ਮਾਰਚ (ਪੋਸਟ ਬਿਊਰੋ) : ਕੈਨੇਡਾ ਦੇ ਸਾਬਕਾ ਚੀਫ ਆਫ ਡਿਫੈਂਸ ਸਟਾਫ ਰਿਟਾਇਰਡ ਜਨਰਲ ਜੌਨਾਥਨ ਵਾਂਸ ਨੂੰ ਇਨਸਾਫ ਦੇ ਰਾਹ ਵਿੱਚ ਰੋੜਾ ਅਟਕਾਉਣ ਦੇ ਇੱਕ ਮਾਮਲੇ ਲਈ ਦੋਸ਼ੀ ਪਾਇਆ ਗਿਆ ਹੈ। ਇਸ ਸਬੰਧ ਵਿੱਚ ਉਨ੍ਹਾਂ ਨੂੰ 80 ਘੰਟੇ ਕਮਿਊਨਿਟੀ ਸਰਵਿਸ ਕਰਨ ਦੀ ਸਜਾ ਦਿੱਤੀ ਗਈ ਹੈ। ਇਹ ਜਾਣਕਾਰੀ ਉਨ੍ਹਾਂ ਦੇ ਵਕੀਲ ਵੱਲੋਂ ਦਿੱਤੀ ਗਈ।

ਵਾਂਸ ਬੁੱਧਵਾਰ ਨੂੰ ਸਵੇਰੇ ਓਟਵਾ ਦੀ ਅਦਾਲਤ ਵਿੱਚ ਵਰਚੂਅਲ ਤੌਰ ਉੱਤੇ ਪੇਸ਼ ਹੋਣਗੇ। ਵਾਂਸ ਦੇ ਵਕੀਲ ਰੌਡਨੀ ਸੈਲਰ ਨੇ ਅਦਾਲਤ ਵਿੱਚ ਆਖਿਆ ਕਿ ਵਾਂਸ ਨੇ ਆਪਣੀ ਗਲਤੀ ਮੰਨ ਲਈ ਹੈ ਤੇ ਉਸ ਦੀ ਪੂਰੀ ਜ਼ਿੰਮੇਵਾਰੀ ਲੈ ਰਹੇ ਹਨ। ਜ਼ਿਕਰਯੋਗ



ਹੈ ਕਿ ਆਪਣੀਆਂ ਮਹਿਲਾ ਸਹਿਯੋਗੀਆਂ ਨਾਲ ਅਢੁਕਵਾਂ ਵਿਵਹਾਰ ਕਰਨ ਦੇ ਦੋ ਮਾਮਲਿਆਂ ਦੇ ਸਬੰਧ ਵਿੱਚ ਮੀਡੀਆ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਫਰਵਰੀ 2021 ਵਿੱਚ ਮਿਲਟਰੀ ਪੁਲਿਸ ਨੇ ਵਾਂਸ ਖਿਲਾਫ ਜਾਂਚ ਸ਼ੁਰੂ ਕੀਤੀ ਸੀ। ਇਹ ਦੋਸ਼ ਵਾਂਸ ਦੀ ਰਿਟਾਇਰਮੈਂਟ ਤੋਂ ਕਈ ਹਫਤਿਆਂ ਬਾਅਦ ਲਾਏ ਗਏ ਸਨ। ਇਨ੍ਹਾਂ ਦੋਸ਼ਾਂ ਤੋਂ ਪਹਿਲਾਂ ਵਾਂਸ ਡਿਫੈਂਸ ਦੀ ਉੱਘੀ ਪੋਸਟ ਉੱਤੇ ਪੰਜ ਸਾਲ ਤੱਕ ਰਹੇ। ਜੁਲਾਈ ਵਿੱਚ ਕੈਨੇਡੀਅਨ ਆਰਮਡ ਫੋਰਸਿਜ਼ ਤੇ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਇੱਕ ਬਿਆਨ ਜਾਰੀ ਕਰਕੇ ਇਹ ਆਖਿਆ ਸੀ ਕਿ ਇਨਸਾਫ ਦੇ ਰਾਹ ਵਿੱਚ ਰੋੜੇ ਅਟਕਾਉਣ ਲਈ ਵਾਂਸ ਨੂੰ ਚਾਰਜ ਕੀਤਾ ਗਿਆ ਹੈ। ਵਾਂਸ ਉੱਤੇ ਦੋਸ਼ ਸੀ ਕਿ ਉਨ੍ਹਾਂ ਨੇ ਅਤੀਤ ਵਿੱਚ ਰਹੇ ਆਪਣੇ ਸਬੰਧਾਂ ਬਾਰੇ ਇੱਕ ਮਹਿਲਾ ਨੂੰ ਮਿਲਟਰੀ ਜਾਂਚਕਾਰਾਂ ਨੂੰ ਝੂਠ ਬੋਲਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਸੀ। ਅਦਾਲਤ ਵਿੱਚ ਜੱਜ ਰੌਬਰਟ ਵਾਡਨ ਨੇ ਸਵੀਕਾਰ ਕੀਤਾ ਕਿ ਵਾਂਸ ਨੇ ਆਪਣੀ ਇਹ ਗਲਤੀ ਮੰਨ ਲਈ ਹੈ ਤੇ ਇਸ ਨਾਲ ਅਦਾਲਤ ਦਾ ਸਮਾਂ ਬਚ ਗਿਆ ਹੈ ਤੇ ਮਾਮਲਾ ਸ਼ਡਿਊਲ ਮੁਤਾਬਕ ਮਈ 2023 ਨੂੰ ਸੁਣਵਾਈ ਲਈ ਜਾਵੇਗਾ।

## ਗੰਨ ਦੀ ਨੋਕ ਉੱਤੇ ਹੋਈ ਕਾਰਜੈਕਿੰਗ ਦੀ ਜਾਂਚ ਕਰ ਰਹੀ ਹੈ ਪੁਲਿਸ

ਓਕਵਿੱਲ, 30 ਮਾਰਚ (ਪੋਸਟ ਬਿਊਰੋ) : ਰਾਤ ਸਮੇਂ ਓਕਵਿੱਲ ਵਿੱਚ ਹਥਿਆਰਬੰਦ ਵਿਅਕਤੀਆਂ ਵੱਲੋਂ ਕੀਤੀ ਗਈ ਕਾਰਜੈਕਿੰਗ ਵਿੱਚ ਹਥਿਆਰ ਚੱਲਣ ਦੀ ਘਟਨਾ ਤੋਂ ਬਾਅਦ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਾਲਟਨ ਰੀਜਨਲ ਪੁਲਿਸ ਦਾ ਕਹਿਣਾਂ ਹੈ ਕਿ ਬੁੱਧਵਾਰ ਨੂੰ ਤੜ੍ਹਕੇ 2:00 ਵਜੇ ਤੋਂ ਪਹਿਲਾਂ ਉਨ੍ਹਾਂ ਨੂੰ ਸਪੀਅਰਜ਼ ਰੋਡ ਤੇ ਫੋਰਥ ਲੇਨ ਦੇ ਪੱਛਮ ਵੱਲ ਲੀਜ਼ ਲੇਨ ਤੇ ਬ੍ਰਿੱਜ ਰੋਡ ਉੱਤੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਨੀਲੇ ਰੰਗ ਦੀ ਆਡੀ ਆਰਐਸ7 ਦੇ ਡਰਾਈਵਰ ਨੂੰ ਗੰਨ ਵਿਖਾ ਕੇ ਤਿੰਨ ਬਲੈਕ ਪੁਰਸ਼ਾਂ, ਜਿਨ੍ਹਾਂ ਨੇ ਸਿਆਹ ਰੰਗ ਦੇ ਕੱਪੜੇ ਪਾਏ ਹੋਏ ਸਨ, ਕਾਰ ਸਮੇਤ ਅਗਵਾ ਕਰ ਲਿਆ। ਫਿਰ ਉਹ ਆਰਐਸ7 ਤੇ ਪੌਰਸ਼ ਐਸਯੂਵੀ ਵਿੱਚ ਫਰਾਰ ਹੋ ਗਏ। ਦੋਵਾਂ ਗੱਡੀਆਂ ਨੂੰ ਆਖਰੀ ਵਾਰੀ ਬ੍ਰਿੱਜ ਰੋਡ ਤੋਂ ਲੀਜ਼ ਲੇਨ ਵੱਲ ਵੱਧਦਿਆਂ ਵੇਖਿਆ ਗਿਆ। ਪੁਲਿਸ ਨੇ ਦੱਸਿਆ ਕਿ ਆਰਐਸਟੀ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ।

## ਐਫ-35 ਲੜਾਕੂ ਜਹਾਜ਼ ਖਰੀਦਣ ਲਈ ਅੱਜ ਫਾਈਨਲ ਗੱਲਬਾਤ ਸ਼ੁਰੂ ਕਰ ਸਕਦੀ ਹੈ ਲਿਬਰਲ ਸਰਕਾਰ

ਓਟਵਾ, 31 ਮਾਰਚ (ਪੋਸਟ ਬਿਊਰੋ) : ਉਮਰਦਰਾਜ਼ ਹੋ ਚੁੱਕੇ ਕੈਨੇਡਾ ਦੇ ਸੀਐਫ-18 ਲੜਾਕੂ ਜਹਾਜ਼ਾਂ ਦੀ ਥਾਂ ਨਵੇਂ ਲੜਾਕੂ ਜਹਾਜ਼ ਖਰੀਦਣ ਦੀ ਕੈਨੇਡਾ ਦੀ ਦਹਾਕੇ ਤੋਂ ਚੱਲੀ ਆ ਰਹੀ ਖੋਜ ਮੁੱਕ ਗਈ ਲੱਗਦੀ ਹੈ। ਸੋਮਵਾਰ ਨੂੰ ਲਿਬਰਲ ਸਰਕਾਰ ਨੇ ਇਹ ਐਲਾਨ ਕੀਤਾ ਕਿ ਉਹ ਅਮਰੀਕੀ ਕੰਪਨੀ ਲਾਕਹੀਡ ਮਾਰਟਿਨ ਤੋਂ ਐਫ-35 ਲੜਾਕੂ ਜਹਾਜ਼ ਖਰੀਦਣ ਲਈ ਫਾਈਨਲ ਗੱਲਬਾਤ ਕਰਨ ਜਾ ਰਹੀ ਹੈ। ਇਸ ਡੀਲ ਨੂੰ ਸਿਰੇ ਚੜ੍ਹਨ ਵਿੱਚ ਭਾਵੇਂ ਅਜੇ ਟਾਈਮ ਲੱਗੇਗਾ ਪਰ ਕਈ ਸਵਾਲ ਹਨ ਜਿਨ੍ਹਾਂ ਦੇ ਅਜੇ ਤੱਕ ਜਵਾਬ ਹਾਸਲ ਨਹੀਂ ਹੋ ਸਕੇ ਹਨ ਜਿਵੇਂ ਕਿ ਇਨ੍ਹਾਂ ਜਹਾਜ਼ਾਂ ਦੀ ਕੀਮਤ ਕੀ ਹੋਵੇਗੀ? ਇਹ ਕੈਨੇਡਾ ਕਦੋਂ ਆਉਣੇ ਸ਼ੁਰੂ



ਹੋਣਗੇ? ਕੀ ਪਿਛਲੇ 12 ਸਾਲਾਂ ਦੀ ਬਹਿਸ ਤੇ ਦੇਰੀ ਜਾਇਜ਼ ਸੀ?

ਪ੍ਰੋਕਿਓਰਮੈਂਟ ਮੰਤਰੀ ਫਿਲੋਮੈਨਾ ਤਾਸੀ ਤੇ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਇੱਕ ਨਿਊਜ਼ ਕਾਨਫਰੰਸ ਦੌਰਾਨ ਇਹ ਪੁਸ਼ਟੀ ਕੀਤੀ ਕਿ ਲਾਕਹੀਡ ਮਾਰਟਿਨ ਦੇ ਲੜਾਕੂ ਜਹਾਜ਼ਾਂ ਨੇ ਸਵੀਡਨ ਦੇ ਸਾਬ ਗ੍ਰਿਪਨ ਨੂੰ ਮੁਕਾਬਲੇ ਵਿੱਚ ਸ਼ਿਕਸਤ ਦੇ ਕੇ ਆਪਣੀ ਥਾਂ ਪੱਕੀ ਕੀਤੀ ਹੈ। ਕੈਨੇਡਾ ਦੇ ਸੀਐਫ-18 ਨੂੰ ਬਦਲੀ ਕਰਨ ਲਈ 88 ਨਵੇਂ ਐਫ-35 ਖਰੀਦਣ ਵਾਸਤੇ ਇਸ ਹਫਤੇ ਸਰਕਾਰ ਇਸ ਕੰਪਨੀ ਨਾਲ ਰਸਮੀ ਗੱਲਬਾਤ ਸ਼ੁਰੂ ਕਰੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਗੱਲਬਾਤ ਨੂੰ ਸਿਰੇ ਚੜ੍ਹਨ ਵਿੱਚ ਸੱਤ ਮਹੀਨੇ ਦਾ ਸਮਾਂ ਲੱਗ ਸਕਦਾ ਹੈ ਤੇ ਇਸ ਸਾਲ ਦੇ ਅੰਤ ਤੱਕ ਜਹਾਜ਼ਾਂ ਦੀ ਖਰੀਦ ਦਾ ਇਹ ਕਾਂਟਰੈਕਟ ਸਿਰੇ ਚੜ੍ਹ ਸਕਦਾ ਹੈ।

ਤਾਸੀ ਤੇ ਆਨੰਦ ਨੇ ਆਖਿਆ ਕਿ ਜੇ ਲਾਕਹੀਡ ਮਾਰਟਿਨ ਨਾਲ ਗੱਲਬਾਤ ਸਿਰੇ ਨਹੀਂ ਚੜ੍ਹਦੀ ਤਾਂ ਗ੍ਰਿਪਨ ਦੇ ਲੜਾਕੂ ਜਹਾਜ਼ ਖਰੀਦਣ ਲਈ ਸਰਕਾਰ ਸਾਬ ਨਾਲ ਵੀ ਗੱਲਬਾਤ ਕਰ ਸਕਦੀ ਹੈ।

## ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਜ਼ਖ਼ਮੀ

ਬਰੈਂਪਟਨ, 31 ਮਾਰਚ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ 28 ਸਾਲਾ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਵੀਰਵਾਰ ਨੂੰ ਰਾਤੀਂ 12:30 ਵਜੇ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਹਾਈਵੇਅ 50 ਤੇ ਮੇਅਫੀਲਡ ਰੋਡ ਏਰੀਆ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਗੱਡੀ ਨੇ ਦੂਜੀ ਨੂੰ ਪਿੱਛੋਂ ਟੱਕਰ ਮਾਰੀ ਤੇ ਉਹ ਦੋਵੇਂ ਉਲਟ ਗਈਆਂ। ਜਿਸ ਗੱਡੀ ਨੂੰ ਪਿੱਛੋਂ ਟੱਕਰ ਵੱਜੀ ਉਸ ਦਾ ਡਰਾਈਵਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪੁਲਿਸ ਨੇ ਦੱਸਿਆ ਕਿ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ



ਹਨ। ਕਿਸੇ ਹੋਰ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਪੁਲਿਸ ਜਾਂਚ ਲਈ ਇਸ ਇਲਾਕੇ ਨੂੰ ਬੰਦ ਕਰ ਦਿੱਤਾ ਗਿਆ ਹੈ।






## ਅੱਜ ਨਾਮਾ

ਜੱਕੋ-ਤੱਕੀ ਜਿਹੀ ਜਾਪ ਰਹੀ ਚਹੁੰ ਤਰਫੀਂ,
ਹੋ ਰਹੀ ਸਾਫ ਨਹੀਂ ਹਾਲੇ ਤਸਵੀਰ ਮੀਆਂ।
ਮਹਿਕਮੇ ਕਿਸੇ ਦੀ ਗੱਡੀ ਨਹੀਂ ਤੁਰੀ ਹਾਲੇ,
ਦਾਗਦਾ ਬਿਆਨ ਪਿਆ ਹਰ ਵਜ਼ੀਰ ਮੀਆਂ।
ਜਦ ਤੱਕ ਗੱਡੀ ਨਾ ਤੁਰੀ, ਨਾ ਸਮਝ ਪੈਣੀ,
ਕਿਹੜੀ ਸਰਕਾਰ ਦੀ ਸੱਚੀ ਤਾਸੀਰ ਮੀਆਂ।
ਆ ਜਾਏ ਨਜ਼ਰ ਜਾਂ ਕੋਈ ਤਦਬੀਰ ਮੀਆਂ,
ਦਿੱਸਣ ਲੱਗੇ ਕੋਈ ਵਿੱਚੋਂ ਤਕਦੀਰ ਮੀਆਂ।
ਪਹਿਲੇ ਈ ਅਫਸਰ ਆ ਕੰਮ ਚਲਾਈ ਜਾਂਦੇ,
ਬਦਲਦੀ ਆਉਂਦੀ ਨਾ ਨਜ਼ਰ ਨੁਹਾਰ ਮੀਆਂ।
ਲਾਉਣਾ ਪਹਿਲੇ ਤੋਂ ਬਾਅਦ ਆ ਕਦੋਂ ਦੂਜਾ,
ਕਰਾਉਣਾ ਹੋਰ ਕਦ ਤੱਕ ਇੰਤਜ਼ਾਰ ਮੀਆਂ।

**ਤੀਸ ਮਾਰ ਖਾਂ**

# ਭਗਵੰਤ ਮਾਨ ਸਰਕਾਰ ਨੇ ਬਿਜਲੀ ਦੀਆਂ ਪੁਰਾਣੀਆਂ ਦਰਾਂ ਲਾਗੂ ਰੱਖਣ ਦਾ ਫੈਸਲਾ ਲਿਆ

### * ਮੁਫਤ ਬਿਜਲੀ ਦਾ ਫੈਸਲਾ ਹਾਲ ਦੀ ਘੜੀ ਅੱਗੇ ਪਿਆ * ਸਾਲ 2022-23 ਲਈ ਐਕਸਾਈਜ਼ ਨੀਤੀ ਨੂੰ ਪ੍ਰਵਾਨਗੀ * ਕਈ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਤੇ ਪੁਲਸ ਮੁਖੀ ਬਦਲੇ

ਚੰਡੀਗੜ੍ਹ, 31 ਮਾਰਚ, (ਪੋਸਟ ਬਿਊਰੋ)- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਮੁਫਤ ਬਿਜਲੀ ਦੇ ਐਲਾਨ ਨੂੰ ਹਾਲ ਦੀ ਘੜੀ ਟਾਲ ਦਿੱਤਾ ਅਤੇ ਇਸ ਦੀ ਥਾਂ 1 ਅਪ੍ਰੈਲ 2022 ਤੋਂ 2023 ਤੱਕ ਬਿਜਲੀ ਦੀਆਂ ਪੁਰਾਣੀਆਂ ਦਰਾਂ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ।

ਸਰਕਾਰੀ ਤੌਰ ਉੱਤੇ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਦਰਾਂ ਘਰੇਲੂ ਖਪਤਕਾਰਾਂ ਲਈ 2 ਕਿਲੋਵਾਟ ਤੱਕ ਲਈ ਜਾਰੀ ਕੀਤੀਆਂ ਹਨ ਤੇ 300 ਤੋਂ ਵੱਧ ਯੂਨਿਟਾਂ ਉੱਤੇ 7.30 ਰੁਪਏ, 0-100 ਯੂਨਿਟ ਉੱਤੇ 3.49 ਰੁਪਏ, 100-300 ਯੂਨਿਟਾਂ ਉੱਤੇ 5.84 ਰੁਪਏ ਹੋਣਗੀਆਂ।ਹਾਲ ਦੀ ਘੜੀ ਕਾਂਗਰਸ ਸਰਕਾਰ ਵਾਲੀਆਂ ਦਰਾਂ ਲਾਗੂ ਕੀਤੀਆਂ ਹਨਅਤੇ ਉਨ੍ਹਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਚੋਣਾਂ ਵਿੱਚ ਲੋਕਾਂ ਨਾਲ ਕੀਤੇ ਵਾਅਦੇ ਮੁਤਾਬਕ 300 ਯੂਨਿਟ ਤੱਕ ਬਿਜਲੀ ਬਿੱਲ ਮੁਆਫ ਕਰਨ ਬਾਰੇ ਅਜੇ ਕੋਈ ਫੈਸਲਾ ਨਹੀਂ ਲਿਆ ਜਾ ਸਕਿਆ।

ਪਤਾ ਲੱਗਾ ਹੈ ਕਿ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ 31 ਮਾਰਚ 2022 ਦੇ ਹੁਕਮਾਂ ਤਹਿਤ ਸਾਲ 2022-23 ਲਈ ਟੈਰਿਫ/ਚਾਰਜਾਂ ਵਾਲੇ ਆਰਡਰ ਦਿੱਤੇ ਹਨ, ਜਿਨ੍ਹਾਂ ਵਿੱਚ ਕਮਿਸ਼ਨ ਨੇ ਸਾਲ 2022-23 ਲਈ ਲਾਗੂ ਟੈਰਿਫ/ਚਾਰਜ ਸਮੇਤ ਸਾਲ 2020-21 ਦੇ ਮੁਕਾਬਲੇ ਸਾਲ 2021-22 ਦੀ ਸਾਲਾਨਾ ਪਰਫਾਰਮੈਂਸ ਰਿਪੋਰਟ (ਏਪੀਆਰ) ਤੇ ਸਾਲ 2022-23 ਲਈ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਟੀ ਸੀ ਐੱਲ) ਦੀ ਸਾਂਝੀ ਰੈਵੇਨਿਊ ਰਿਕੁਆਇਰਮੈਂਟ (ਏ ਆਰ ਆਰ) ਤੈਅ ਕੀਤੀ ਹੈ। ਸਾਲ 2022-23 ਲਈ ਕਮਿ-ਸ਼ਨ ਨੇ ਪੀ ਐੱਸ ਪੀ ਸੀ ਐੱਲ ਦਾ ਏ ਆਰ ਆਰ 36237.65 ਕਰੋੜ ਰੁਪਏ ਉੱਤੇਮਿੱਥ ਦਿੱਤਾ ਹੈ, ਜਿਸ ਵਿੱਚ ਪੀ ਐੱਸ ਟੀ ਸੀ ਐੱਲ ਦਾ 1492.56 ਕਰੋੜ ਰੁਪਏ ਦਾ ਏ ਆਰ ਆਰ ਸ਼ਾਮਲ ਹੈ, ਜਿਸ ਦੀ ਵਸੂਲੀ ਕੀਤੀ ਜਾਣੀ ਹੈ ਅਤੇ ਕਮਿਸ਼ਨ ਨੇ ਖਪਤਕਾਰਾਂ ਉੱਤੇ ਵਾਧੂ ਬੋਝ ਪਾਏ ਬਿਨਾਂ ਵਰਤੋਂ ਲਈ ਵਿਹਾਰਿਕ ਮਾਲੀਆ ਮਾਡਲ ਦੀ ਗੱਲ ਕਹੀ ਹੈ। ਐਲਾਨੇ ਗਏ ਟੈਰਿਫ ਤੋਂ ਨੈੱਟ ਸਰਪਲੱਸ ਮਿਥਣ ਪਿੱਛੋਂ ਮੌਜੂਦਾ ਸਾਲ ਤੱਕ 36149.60 ਕਰੋੜ ਦੀ ਕੁੱਲ ਆਮਦਨਹੋਣ ਦੀ ਉਮੀਦ ਹੈ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਅੱਜ ਇਥੇ ਹੋਈ ਮੀਟਿੰਗ ਦੌਰਾਨਪੰਜਾਬ ਕੈਬਨਿਟ ਨੇ ਸਾਲ 2022-23 ਦੇ 1 ਅਪ੍ਰੈਲ ਤੋਂ 30 ਜੂਨ ਤੱਕ ਦੇ ਸਮੇਂ ਲਈ ਐਕਸਾਈਜ਼ ਨੀਤੀ ਨੂੰ ਪ੍ਰਵਾਨਗੀ ਦੇਦਿੱਤੀ ਹੈ।ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਅਨੁਸਾਰ ਤਿੰਨ ਮਹੀਨਿਆਂ ਲਈ ਰਿਨਿਊ ਕੀਤੀ ਐਕਸਾਈਜ਼ ਨੀਤੀ ਹੇਠ ਸ਼ਰਾਬ ਕਾਰੋਬਾਰਦੀ ਸਥਿਰਤਾ ਕਾਇਮ ਰੱਖਣ ਲਈ ਨਾਲ ਮੌਜੂਦਾ ਲਾਇਸੈਂਸੀ, ਜੋ ਆਪਣੇ ਗਰੁੱਪ/ਜ਼ੋਨ ਲਈ ਸਾਲ 2021-22 ਨਾਲੋਂ ਘੱਟੋ-ਘੱਟ ਗਾਰੰਟੀ ਮਾਲੀਏ ਉੱਤੇ 1.75 ਫੀਸਦੀ ਵਾਧੂ ਦੇਣ ਨੂੰ ਤਿਆਰ ਹਨ, ਆਪਣਾ ਕੰਮ ਜਾਰੀ ਰੱਖ ਸਕਣਗੇ, ਜਦਕਿ ਸ਼ਰਾਬ ਦੇ ਠੇਕਿਆਂ ਦੇ ਗਰੁੱਪਾਂ/ਜ਼ੋਨਾਂ ਦੀ ਗਿਣਤੀ ਪਹਿਲਾਂ ਵਾਲੀ ਰਹੇਗੀ। ਬੁਲਾਰੇ ਨੇ ਦੱਸਿਆ ਕਿ ਤਿੰਨ ਮਹੀਨਿਆਂ ਲਈ ਪੰਜਾਬ ਦੇ ਗਰੁੱਪਾਂ/ਜ਼ੋਨਾਂ ਦੀ ਘੱਟੋ-ਘੱਟ ਗਾਰੰਟੀ ਆਮਦਨ 1440.96 ਕਰੋੜ ਰੁਪਏ ਹੈ, ਪਰ ਘੱਟ ਸਮੇਂ ਦੀ ਇਸ ਐਕਸਾਈਜ਼ ਨੀਤੀ ਤੋਂ 1910 ਕਰੋੜ ਰੁਪਏ ਦੀ ਆਮਦਨ ਦਾ ਟੀਚਾ ਮਿੱਥਿਆ ਹੈ। ਇਸ ਦੌਰਾਨ ਆਮਦਨਵੱਧ ਕਰਨ ਲਈ ਹਰ ਗਰੁੱਪ/ਜ਼ੋਨ ਦੀ ਦੇਸੀ ਸ਼ਰਾਬ, ਅੰਗਰੇਜੀ ਸ਼ਰਾਬ, ਬੀਅਰ ਅਤੇ ਆਈ ਐੱਫ ਐੱਲ ਦੇ ਘੱਟੋ-ਘੱਟ ਗਾਰੰਟਿਡ ਕੋਟੇ ਨੂੰ ਪਿਛਲੇ ਸਾਲ ਦੀ ਪਹਿਲੀ ਤਿਮਾਹੀ ਤੋ 10 ਫੀਸਦੀ ਵਧਾਇਆ ਗਿਆ ਹੈ। ਬੁਲਾਰੇ ਨੇਦੱਸਿਆ ਕਿ ਛੋਟੇ ਲਾਇਸੈਂਸੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਸ਼ਰਾਬ ਚੁੱਕਣ ਦੀ ਪ੍ਰਵਾਨਗੀ ਦੇ



ਕੇ ਵਾਧੂ ਨਿਸ਼ਚਿਤ ਲਾਇਸੈਂਸ ਫੀਸਵਧਾ ਦਿੱਤੀ ਗਈ ਅਤੇ ਫਿਕਸਡ ਅਤੇ ਓਪਨ ਕੋਟੇ ਦੀ ਰੇਸ਼ੋ ਸਾਲ 2021-22 ਵਾਂਗ 30:70 ਹੀ ਰੱਖੀ ਹੈ।

ਅੱਜ ਹੀ ਪੰਜਾਬ ਸਰਕਾਰ ਨੇ ਇੱਕ ਹੁਕਮ ਜਾਰੀ ਕਰ ਕੇ ਇਕ ਦਰਜਨ ਤੋਂ ਵੱਧ ਆਈਏਐੱਸ ਅਫ਼ਸਰਾਂ ਦੀ ਬਦਲੀ ਕਰ ਦਿੱਤੀ ਹੈ, ਜਿਨ੍ਹਾਂ ਵਿਚ ਕਈ ਡਿਪਟੀ ਕਮਿਸ਼ਨਰ ਸ਼ਾਮਲ ਹਨ। ਸੀਨੀਅਰ ਅਫਸਰ ਮਹਿੰਦਰ ਪਾਲ ਨੂੰ ਵਿਸ਼ੇਸ਼ ਸੈਕਟਰੀ, ਗ੍ਰਹਿ ਵਿਭਾਗ, ਰਾਮਵੀਰ ਸਿੰਘ ਨੂੰ ਡਾਇਰੈਕਟਰ ਜਨਰਲ ਇੰਪਲਾਇਮੈਂਟ ਜਨਰੇਸ਼ਨ ਅਤੇ ਹਰੀਸ਼ ਨਈਅਰ ਨੂੰ ਡਿਪਟੀ ਕਮਿਸ਼ਨਰ ਬਰਨਾਲਾ, ਕੁਮਾਰ ਅਮਿਤ ਨੂੰ ਸਪੈਸ਼ਲ ਸੈਕਟਰੀ ਪਰਸੋਨਲ ਦੇ ਨਾਲ-ਨਾਲ ਮੁੱਖ ਮੰਤਰੀ ਦਾ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਲਾਇਆ ਹੈ। ਕੁਮਾਰ ਸੌਰਭ ਰਾਜ ਨੂੰ ਡਾਇਰੈਕਟਰ ਤਕਨੀਕੀ ਸਿੱਖਿਆ ਤੇ ਇੰਡਸਟਰੀਅਲ ਟ੍ਰੇਨਿੰਗ, ਵਿਨੀਤ ਕੁਮਾਰ ਨੂੰ ਸਪੈਸ਼ਲ ਸੈਕਟਰੀ ਖੇਤੀ ਵਿਭਾਗ ਅਤੇ ਏਐੱਮਡੀ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ, ਕੁਲਵੰਤ ਸਿੰਘ ਨੂੰ ਡਿਪਟੀ ਕਮਿਸ਼ਨਰ ਮੋਗਾ ਲਾਇਆ ਹੈ। ਇਸ ਤੋਂ ਬਿਨਾਂ ਸ਼ੌਕਤ ਅਹਿਮਦ ਪਾਰੇ ਨੂੰ ਡਿਪਟੀਕਮਿਸ਼ਨਰ ਬਠਿੰਡਾ, ਜਿਤੇਂਦਰ ਜੋਰਵਾਲ ਨੂੰ ਡਿਪਟੀਕਮਿਸ਼ਨਰ ਸੰਗਰੂਰ ਤੇ ਜਸਪ੍ਰੀਤ ਸਿੰਘ ਨੂੰ ਡਿਪਟੀਕਮਿਸ਼ਨਰ ਮਾਨਸਾ ਲਾਉਣ ਤੋਂ ਇਲਾਵਾ ਹਿਮਾਂਸ਼ੂ ਜੈਨ ਨੂੰ ਮੁੱਖ ਮੰਤਰੀ ਦੇ ਐਡੀਸ਼ਨਲ ਪ੍ਰਿੰਸੀਪਲ ਸੈਕਟਰੀ, ਦਲਵਿੰਦਰ ਜੀਤ ਸਿੰਘ ਨੂੰ ਮੰਡੀ ਬੋਰਡ ਵਿੱਚ ਜਾਇੰਟ ਸੈਕਟਰੀ ਅਤੇ ਐਡੀਸ਼ਨਲ ਡਾਇਰੈਕਟਰ ਪ੍ਰਸ਼ਾਸਨ ਲਾਇਆ ਗਿਆ ਹੈ।

## ਬਾਦਲਾਂ ਨੂੰ ਦਿੱਲੀ ਦਾ ਸਰਕਾਰੀ ਬੰਗਲਾ ਵੀ ਖ਼ਾਲੀ ਕਰਨਾ ਪਵੇਗਾ

ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਦਿੱਲੀ ਵਿੱਚ ਸਾਰੇ ਅਣਅਧਿਕਾਰਤ ਸਰਕਾਰੀ ਬੰਗਲਿਆਂ ਨੂੰ ਖ਼ਾਲੀ ਕਰਵਾਉਣ ਦੇ ਫ਼ੈਸਲੇ ਉੱਤੇ ਚੱਲਦੀ ਮੁਹਿੰਮ ਅਧੀਨ ਦਿੱਲੀ ਵਿਖੇ ਸਫ਼ਦਰਜੰਗ ਰੋਡ ਉੱਤੇ ਬਾਦਲ ਪਰਵਾਰ ਨੂੰ ਪਿਛਲੇ ਕੋਈ 25 ਸਾਲਾਂ ਤੋਂ ਅਲਾਟ ਸਰਕਾਰੀ ਬੰਗਲਾਖਾਲੀ ਕਰਨਾ ਪੈਣਾ ਹੈ।

ਮਿਲੀ ਜਾਣਕਾਰੀ ਅਨੁਸਾਰ ਟਾਈਪ-8 ਦਾ ਇਹ ਬੰਗਲਾ ਦੋ ਏਕੜ ਤੋਂ ਵੱਧ ਜਗ੍ਹਾ ਵਿੱਚ ਬਣਿਆ ਹੋਇਆ ਹੈ ਤੇਜਿਸ ਨੂੰ ਬਾਦਲ ਪਰਵਾਰ ਨੇ ਪਿਛਲੇ10 ਸਾਲਾਂ ਵਿੱਚ ਆਪਣੀਆਂ ਲੋੜਾਂ ਅਨੁਸਾਰ ਕਾਫ਼ੀ ਵਿਕਸਤ ਕਰ ਲਿਆ ਹੈ। ਕੇਂਦਰ ਸਰਕਾਰ ਨੇਪਿਛਲੇਦਿਨੀਂ ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਸਮੇਤ ਸੀਨੀਅਰ ਆਗੂਆਂ ਅਤੇ ਪਾਰਲੀਮੈਂਟ ਮੈਂਬਰਾਂ ਤੋਂ ਅਣਅਧਿਕਾਰਤ ਰਿਹਾਇਸ਼ਾਂ ਖਾਲੀ ਕਰਵਾਈਆਂ ਹਨ ਅਤੇ ਅੱਗੋਂ ਬਾਦਲਾਂ ਸਮੇਤ ਕੋਈ ਇੱਕ ਦਰਜਨ ਹੋਰ ਅਲਾਟੀਆਂ ਨੂੰ ਲਿਖਿਆ ਹੈ ਕਿ ਉਹ ਨਿਯਮਾਂ ਅਨੁਸਾਰ ਅਲਾਟ ਹੋਣ ਵਾਲੀ ਸਰਕਾਰੀ ਰਿਹਾਇਸ਼ ਵਿੱਚ ਚਲੇ ਜਾਣ ਅਤੇ ਮੌਜੂਦਾ ਅਣਅਧਿਕਾਰਤ ਰਿਹਾਇਸ਼ਾਂ ਖ਼ਾਲੀ ਕਰ ਦੇਣ।

ਵਰਨਣ ਯੋਗ ਹੈ ਕਿ ਹਰਸਿਮ-ਰਤ ਕੌਰ ਬਾਦਲ ਵੱਲੋਂ ਕੇਂਦਰੀ ਵਜ਼ੀਰੀ ਤੋਂ ਅਸਤੀਫ਼ਾ ਦੇਣ ਪਿੱਛੋਂ ਇਹ ਰਿਹਾਇਸ਼ ਅਣਅਧਿਕਾਰਤ ਹੋ ਗਈ ਸੀ, ਕਿਉਂਕਿ ਵੱਡੇ ਬੰਗਲੇ ਕੇਵਲ ਕੈਬਨਿਟ ਮੰਤਰੀਆਂ ਲਈ ਹਨ ਅਤੇ ਹਰਸਿਮਰਨ ਅਸਤੀਫ਼ਾ ਦੇਣ ਪਿੱਛੋਂ ਕੇਵਲ ਐਮ ਪੀ ਰਹਿ ਗਈ ਹੈ। ਇਹ ਵੀ ਪਤਾ ਲੱਗਾ ਹੈ ਕਿ ਕਈ ਆਗੂ ਸਰਕਾਰ ਦੀ ਨੀਤੀ ਵਿਰੁੱਧ ਅਦਾਲਤ ਵਿੱਚ ਜਾ ਰਹੇ ਹਨ, ਲੇਕਿਨ ਹਰਸਿਮਰਤ ਕੌਰ ਨੇ ਆਪਣੇ ਤੌਰ ਉੱਤੇ ਹੀ ਸਰਕਾਰੀ ਰਿਹਾਇਸ਼ ਵਿੱਚ ਜਾਣ ਦੀ ਰਜ਼ਾਮੰਦੀ ਦੇ ਦਿੱਤੀ ਹੈ। ਹਰਸਿਮਰਤ ਕੌਰ ਅਤੇ ਸੁਖਬੀਰ ਸਿੰਘ ਬਾਦਲ ਦੋਵੇਂ ਲੋਕ ਸਭਾ ਮੈਂਬਰ ਹਨ, ਪ੍ਰੰਤੂ ਉਹ ਸਰਕਾਰ ਕੋਲੋਂ ਦੋ ਸਰਕਾਰੀ ਰਿਹਾਇਸ਼ਾਂ ਲੈਣਗੇ ਜਾਂ ਪਹਿਲਾਂ ਵਾਂਗ ਇੱਕ ਸਰਕਾਰੀ ਰਿਹਾਇਸ਼ ਰੱਖਣਗੇ ਇਹ ਵੇਖਣਾ ਪਵੇਗਾ। ਪਾਰਲੀਮੈਂਟ ਦੇ 2-3 ਵਾਰ ਮੈਂਬਰ ਰਹਿਣ ਵਾਲੇ ਐਮ ਪੀ 6 ਜਾਂ 7 ਟਾਈਪ ਦੀ ਸਰਕਾਰੀ ਰਿਹਾਇਸ਼ ਰੱਖਣ ਦਾ ਅਧਿਕਾਰ ਰੱਖਦੇ ਹਨ ਅਤੇ ਅਜਿਹੇ ਘਰ ਤਕਰੀਬਨ ਦੋ ਕਨਾਲ ਖੇਤਰ ਵਿੱਚ ਬਣੇ ਹੁੰਦੇ ਹਨ। ਬਾਦਲ ਪਰਵਾਰ ਦਾ ਚੰਡੀਗੜ੍ਹ ਦੇ ਸੈਕਟਰ-9 ਵਿਖੇ ਪੁਰਾਣਾ ਘਰ ਜੋ ਉਸਾਰੀ ਅਧੀਨ ਸੀ ਉਹ ਵੀ ਬਣ ਕੇ ਤਿਆਰ ਹੋ ਗਿਆ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਆਪਣੀ ਰਿਹਾਇਸ਼ ਚੰਡੀਗੜ੍ਹ ਵਿਖੇ ਵੀ ਰੱਖ ਸਕਦੇ ਹਨ।

## ਮਹਿੰਗਾਈ ਖਿਲਾਫ ਹੱਲਾ-ਬੋਲ ਵਿੱਚ ਨਵਜੋਤ ਸਿੱਧੂ ਨੇ ਕਿਹਾ : ਹਾਰੇ ਹਾਂ, ਮਰੇ ਨਹੀਂ



ਅੰਮ੍ਰਿਤਸਰ, 31 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਲਗਾਤਾਰ ਵਧ ਰਹੀਆਂ ਪੈਟਰੋਲ-ਡੀਜ਼ਲ ਤੇ ਗੈਸ ਸਿਲੰਡਰ ਦੀਆਂ ਕੀਮਤਾਂ ਤੋਂ ਲੋਕ ਬਹੁਤ ਪਰੇਸ਼ਾਨ ਹਨ। ਲਗਾਤਾਰ ਵਧਦੀ ਜਾਂਦੀ ਮਹਿੰਗਾਈ ਦੇ ਖਿਲਾਫ਼ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਿੱਚ ਅੱਜ ਅੰਮ੍ਰਿਤਸਰ ਵਿੱਚ ਪ੍ਰਦਰਸ਼ਨ ਕੀਤਾ ਗਿਆ ਹੈ।

ਇਸ ਦੌਰਾਨ ਕਾਂਗਰਸ ਪਾਰਟੀ ਵੱਲੋਂ ਚਲਾਏ ਮਹਿੰਗਾਈ ਮੁਕਤ ਅਭਿਆਨ ਹੇਠ ਨਵਜੋਤ ਸਿੰਘਸਿੱਧੂ ਨੇ ਕਿਹਾ ਕਿ 'ਅਸੀਂ ਹਾਰੇ ਹਾਂ, ਮਰੇ ਨਹੀਂ, ਇਸੇ ਲਈ ਅਸੀਂ ਪੰਜਾਬ ਲਈ ਲੜਾਈ ਲੜਦੇ ਰਹਾਂਗੇ। ਹਾਥੀ, ਹਾਥੀ ਹੀ ਹੁੰਦਾ ਹੈ।' ਉਨ੍ਹਾ ਕਿਹਾ ਕਿ ਅੱਜ ਦੇ ਪ੍ਰਦਰਸ਼ਨ ਦੇ ਸਿਆਸੀ ਅਰਥ ਨਹੀਂ, ਇਹ ਲੋਕਾਂ ਦੇ ਹੱਕ ਦੀ ਲੜਾਈ ਹੈ। ਕਾਂਗਰਸ ਵਲੋਂ ਲੋਕਾਂ ਦੇ ਹੱਕ ਵਿੱਚ ਹਮੇਸ਼ਾ ਆਪਣੀ ਆਵਾਜ਼ ਬੁਲੰਦ ਕੀਤੀ ਜਾਵੇਗੀ। ਮਹਿੰਗਾਈ ਖਿਲਾਫ ਕੀਤੇ ਗਏ ਪ੍ਰਦਰਸ਼ਨ ਵਿੱਚ ਨਵਜੋਤ ਸਿੱਧੂ ਨਾਲ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਅਤੇਸਾ-ਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਹਰਮਿੰਦਰ ਸਿੰਘ ਗਿੱਲ, ਨਵਤੇਜ ਸਿੰਘ ਚੀਮਾ ਆਦਿ ਸੀਨੀਅਰ ਆਗੂ ਵੀ ਮੌਜੂਦ ਸਨ।

ਵਰਨਣ ਯੋਗ ਹੈ ਕਿ ਪਿਛਲੇ ਇੱਕ ਹਫ਼ਤੇ ਤੋਂ ਘਰੇਲੂ ਚੀਜ਼ਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸਲਈ 7 ਅਪ੍ਰੈਲ ਨੂੰ ਦੇਸ਼ ਵਿੱਚਕਾਂਗਰਸ ਵੱਲੋਂ ਮਹਿੰਗਾਈ ਵਿਰੁੱਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਖਾਣ-ਪੀਣ ਦੀਆਂ ਚੀਜ਼ਾਂ, ਦਾਲਾਂ, ਸਬਜ਼ੀਆਂ ਸਿਲੰਡਰ ਆਦਿ ਵਿੱਚ ਵਾਧਾ ਹੋਣ ਕਾਰਨ ਲੋਕ ਬਹੁਤ ਪਰੇਸ਼ਾਨ ਹਨ।

# ਐਂਟਨੀ, ਸਿੱਬਲ, ਆਨੰਦ ਸ਼ਰਮਾ ਸਮੇਤ 72 ਪਾਰਲੀਮੈਂਟ ਮੈਂਬਰ ਰਾਜ ਸਭਾ ਤੋਂ ਰਿਟਾਇਰ

ਨਵੀਂ ਦਿੱਲੀ, 31 ਮਾਰਚ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਤੋਂ ਸੇਵਾ-ਮੁਕਤ ਹੋ ਰਹੇ 72 ਮੈਂਬਰਾਂ ਨੂੰ ਅੱਜ ਵਿਦਾਇਗੀ ਦਿੱਤੀ ਗਈ, ਜਿਨ੍ਹਾਂ ਵਿੱਚ ਕਈ ਸੀਨੀਅਰ ਨੇਤਾ ਵੀ ਸਨ। ਇਸ ਮੌਕੇ ਸੇਵਾਮੁਕਤ ਹੋਏ ਮੈਂਬਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਜ ਸਭਾ ਦੇ ਚੇਅਰਮੈਨ ਐੱਮ. ਵੈਂਕਈਆ ਨਾਇਡੂ, ਉਪ ਚੇਅਰਮੈਨ ਹਰੀਵੰਸ਼ ਰਾਏ ਤੇ ਲੋਕ ਸਭਾ ਸਪੀਕਰ ਓਮ ਬਿਰਲਾ ਨਾਲ ਫੋਟੋ ਖਿਚਵਾਈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਦੇ 72 ਸੇਵਾਮੁਕਤ ਮੈਂਬਰਾਂ ਦੀ ਵਿਦਾਇਗੀ ਮੌਕੇ ਰਾਜ ਸਭਾ ਵਿੱਚ ਕਿਹਾ ਕਿ ਸਾਡੇ ਇਨ੍ਹਾਂ ਰਾਜ ਸਭਾ ਮੈਂਬਰਾਂ ਦਾ ਕਾਫੀ ਤਜਰਬਾ ਹੈ, ਕਈ ਵਾਰ ਤਜਰਬਾ ਗਿਆਨ ਤੋਂ ਵੱਧ ਤਾਕਤ ਰੱਖਦਾ ਹੈ। ਅਸੀਂ ਸੇਵਾਮੁਕਤ ਮੈਂਬਰਾਂ ਨੂੰ ਦੁਬਾਰਾ ਸਦਨ ਵਿੱਚ ਆਉਣ ਲਈ ਕਹਾਂਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਆਜ਼ਾਦੀ ਦਾ ਅੰਮ੍ਰਿਤ ਤਿਉਹਾਰ ਹੈ। ਸਾਡੇ ਮਹਾਪੁਰਖਾਂ ਨੇ ਦੇਸ਼ ਲਈ ਬਹੁਤ ਕੁਝ ਦਿੱਤਾ ਹੈ, ਅੱਜ ਦੇਣ ਦੀ ਜ਼ਿੰਮੇਵਾਰੀ ਸਾਡੀ ਹੈ। ਤੁਸੀਂ ਖੁੱਲ੍ਹੇ ਮਨ ਨਾਲ ਵੱਡੇ ਪਲੇਟਫਾਰਮ ਉੱਤੇ ਜਾ ਕੇ ਆਜ਼ਾਦੀ ਦੇ ਅੰਮ੍ਰਿਤ ਮਹਾਂ ਉਤਸਵ ਦੇ ਤਿਉਹਾਰ ਨੂੰ ਪ੍ਰੇਰਿਤ ਕਰਨ ਵਿੱਚ ਯੋਗਦਾਨ ਪਾ ਸਕਦੇ ਹੋ।

ਇਹੀ ਨਹੀਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਤਜਰਬੇ ਨਾਲ ਜੋ ਕੁਝ ਵੀ ਹਾਸਲ ਹੁੰਦਾ ਹੈ, ਉਸ ਵਿੱਚ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਧਾਰਨ ਹੱਲ ਹੁੰਦੇ ਹਨ। ਗਲਤੀਆਂ ਘੱਟ ਕੀਤੀਆਂ ਜਾਂਦੀਆਂ ਹਨ, ਕਿਉਂਕਿ ਤਜਰਬੇ ਦਾ ਮਿਸ਼ਰਣ ਹੁੰਦਾ ਹੈ। ਇਸ ਦਾ ਆਪਣਾ ਮਹੱਤਵ ਹੈ। ਅਜਿਹੇ ਤਜਰਬੇਕ-ਾਰ ਸਾਥੀ ਜਦੋਂ ਘਰ ਛੱਡ ਜਾਂਦੇ ਹਨ ਤਾਂ ਘਰ ਅਤੇ ਕੌਮ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਅੱਜ ਅਲਵਿਦਾ ਕਹਿਣ ਵਾਲੇ ਸਾਥੀਆਂ ਤੋਂ ਅਸੀਂ ਜੋ ਸਿੱਖਿਆ ਹੈ, ਸਾਨੂੰ ਇਹ ਸੰਕਲਪ ਕਰਨਾ ਚਾਹੀਦਾ ਹੈ ਕਿ ਅਸੀਂ ਇਸ ਘਰ ਦੇ ਪਵਿੱਤਰ ਅਸਥਾਨ ਦੀ ਵਰਤੋਂ ਏਥੋਂ ਸਭ ਤੋਂ ਵਧੀਆ ਤੇ ਉੱਤਮ ਨੂੰ ਅੱਗੇ ਲਿਜਾਣ ਵਿੱਚ ਜ਼ਰੂਰ ਕਰਾਂਗੇ, ਜੋ ਦੇਸ਼ ਦੀ ਖੁਸ਼ਹਾਲੀ ਲਈ ਲਾਹੇਵੰਦ ਹੋਵੇਗਾ।

ਵਰਨਣ ਯੋਗ ਹੈ ਕਿ ਸਾਲ 2022 ਵਿੱਚ 72 ਪਾਰਲੀਮੈਂਟ ਮੈਂਬਰ ਰਾਜ ਸਭਾ ਵਿੱਚੋਂ ਸੇਵਾਮੁਕਤ ਹੋ ਰਹੇ ਹਨ।ਇਨ੍ਹਾਂ ਵਿੱਚ ਕਪਿਲ ਸਿੱਬਲ, ਨਿਰਮਲਾ ਸੀਤਾਰਮਨ, ਸੁਬਰਾਮਨੀਅਮ ਸਵਾਮੀ, ਸੰਜੇ ਰਾਉਤ, ਪੀ ਚਿਦੰਬਰਮ, ਪੀਯੂਸ਼ ਗੋਇਲ, ਰੂਪਾ ਗਾਂਗੁਲੀ, ਜੈਰਾਮ ਰਮੇਸ਼ ਦੇ ਨਾਂ ਸ਼ਾਮਲ ਹਨ। ਇਹ ਲਗਭਗ ਤੈਅ ਹੈ ਕਿ ਭਾਜਪਾ ਨਿਰਮਲਾ ਸੀਤਾਰਮਨ ਤੇ ਪੀਯੂਸ਼ ਗੋਇਲ ਨੂੰ ਫਿਰ ਰਾਜ ਸਭਾ ਵਿੱਚ ਭੇਜੇਗੀ, ਕਿਉਂਕਿ ਇਹ ਦੋਵੇਂ ਮੋਦੀ ਸਰਕਾਰ ਵਿੱਚ ਵਿੱਤ ਮੰਤਰੀ ਅਤੇ ਵਣਜ ਮੰਤਰੀ ਦਾ ਅਹੁਦਾ ਸੰਭਾਲ ਰਹੇ ਹਨ, ਪਰ ਸ਼ੱਕ ਹੈ ਕਿ ਕੀ ਭਾਜਪਾ ਸੁਬਰਾਮਣੀਅਮ ਸਵਾਮੀ ਨੂੰ ਰਾਜ ਸਭਾ ਵਿੱਚ ਨਹੀਂ ਭੇਜੇਗੀ, ਕਿਉਂਕਿ ਉਹ ਅੱਜਕੱਲ੍ਹ ਮੋਦੀ ਸਰਕਾਰ ਦੇ ਜ਼ੋਰਦਾਰ ਆਲੋਚਕ ਵਜੋਂ ਉੱਭਰੇ ਹਨ। ਕਾਂਗਰਸ ਜੈਰਾਮ ਰਮੇਸ਼ ਨੂੰ ਫਿਰ ਰਾਜ ਸਭਾ ਵਿੱਚ ਭੇਜ ਸਕਦੀ ਹੈ, ਕਿਉਂਕਿ ਉਹ ਗਾਂਧੀ ਪਰਿਵਾਰ ਦੇ ਕਰੀਬੀ ਹਨ ਅਤੇ ਹਰ ਸੰਕਟ ਵਿੱਚ ਹਾਈਕਮਾਂਡ ਦਾ ਬਚਾਅ ਕਰਦੇ ਹਨ, ਪਰ ਕਾਂਗਰਸ ਵੱਲੋਂ ਕਪਿਲ ਸਿੱਬਲ ਦੀ ਰਾਜ ਸਭਾ ਵਿੱਚ ਵਾਪਸੀਦਾ ਸ਼ੱਕ ਹੈ, ਕਿਉਂਕਿ ਉਹ ਜੀ-23 ਦੇ ਮੈਂਬਰ ਹਨ ਅਤੇ ਪਾਰਟੀ ਵਿੱਚ ਲੀਡਰਸਿ਼ਪ ਤਬਦੀਲੀ ਦਾ ਖੁੱਲ੍ਹ ਕੇ ਸਮਰਥਨ ਕਰਦੇ ਹਨ।

## ਅਕਾਲੀ ਦਲ ਨੇ ਹਾਰ ਦੀ ਘੋਖ ਕਰਨ ਲਈ ਇੱਕ ਹੋਰ 13 ਮੈਂਬਰੀ ਸਬ-ਕਮੇਟੀ ਬਣਾਈ


ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਨਮੋਸ਼ੀਜਨਕ ਹਾਰ ਤੋਂ ਬਾਅਦ ਹਾਰ ਦੇ ਕਾਰਨਾਂ ਦੀ ਘੋਖ ਲਈ ਬਣਾਈ 16 ਮੈਂਬਰੀ ਕਮੇਟੀ ਦੇ ਗਠਨ ਉੱਤੇ ਉਠ ਰਹੇ ਇਤਰਾਜ਼ਾਂ ਅਤੇ ਕਈ ਮੈਂਬਰਾਂ ਵੱਲੋਂ ਕਮੇਟੀ ਤੋਂ ਵੱਖ ਹੋਣ ਲਈ ਪ੍ਰਗਟਾਈ ਇੱਛਾ ਤੋਂ ਬਾਅਦ ਕੱਲ੍ਹ ਪਾਰਟੀ ਨੇ ਇੱਕ ਹੋਰ 13 ਮੈਂਬਰੀ ਫੀਡ ਬੈਕ ਕਮੇਟੀ ਦਾ ਗਠਨ ਕਰਨ ਦਾ ਫ਼ੈਸਲਾ ਲਿਆ ਹੈ।

ਬੀਤੇ ਦਿਨੀਂ 16 ਮੈਂਬਰੀ ਕਮੇਟੀ ਦੀ ਇਹ ਮੀਟਿੰਗ ਪ੍ਰੇਮ ਸਿੰਘ ਚੰਦੂਮਾਜਰਾ ਦੀ ਪ੍ਰਧਾਨਗੀ ਹੇਠ ਹੋਈ ਤੇ ਵਰਕਰ ਪੱਧਰ ਉੱਤੇ ਫੀਡ ਬੈਕ ਲੈਣ ਦਾ ਕੰਮ ਇੱਕ ਹੋਰ ਸਬ ਕਮੇਟੀ ਨੂੰ ਸੌਂਪਣ ਦਾ ਫ਼ੈਸਲਾ ਲਿਆ ਗਿਆ, ਜਿਸ ਦੀ ਅਗਵਾਈ ਅਕਾਲੀ ਦਲ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਇਕਬਾਲ ਸਿੰਘ ਝੂੰਦਾ ਨੂੰ ਦਿੱਤੀ ਗਈ ਅਤੇ ਮੈਂਬਰਾਂ ਵਿੱਚ ਮਨਪ੍ਰੀਤ ਸਿੰਘ ਇਆਲੀ, ਡਾ. ਸੁਖਵਿੰਦਰ ਸੁੱਖੀ, ਵਿਰਸਾ ਸਿੰਘ ਵਲਟੋਹਾ, ਗੁਰਪ੍ਰਤਾਪ ਸਿੰਘ ਵਡਾਲਾ, ਐਨ ਕੇ ਸ਼ਰਮਾ, ਪਵਨ ਕੁਮਾਰ ਟੀਨੂੰ, ਹਰਿੰ-ਦਰਪਾਲ ਸਿੰਘ ਚੰਦੂਮਾਜਰਾ, ਪਰਮ-ਬੰਸ ਸਿੰਘ ਰੋਮਾਣਾ, ਤੀਰਥ ਸਿੰਘ ਮਾਹਲਾ, ਰਵੀਕਰਨ ਸਿੰਘ ਕਾਹਲੋਂ, ਗੁਰਪ੍ਰੀਤ ਸਿੰਘ ਰਾਜੂ ਖੰਨਾ ਅਤੇ ਅਰਸ਼ਦੀਪ ਸਿੰਘ, ਰੋਬਿਨ ਬਰਾੜ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਵਿੱਚੋਂ ਬਹੁ ਸਾਰੇ ਮੈਂਬਰ 16 ਮੈਂਬਰੀ ਕਮੇਟੀ ਵਿੱਚ ਵੀ ਸਨ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਕੱਲ੍ਹ ਪਾਰਟੀ ਮੁੱਖ ਦਫ਼ਤਰ ਵਿੱਚ ਸਨ, ਪਰ ਉਹ ਇਸ ਕਮੇਟੀ ਦੀ ਮੀਟਿੰਗ ਵਿੱਚ ਨਹੀਂ ਆਏ। ਸਮਝਿਆ ਜਾਂਦਾ ਹੈ ਕਿ ਕੱਲ੍ਹ ਬਣਾਈ 13 ਮੈਂਬਰੀ ਕਮੇਟੀ ਉਨ੍ਹਾਂ ਦੀ ਰਾਏ ਨਾਲ ਬਣਾਈ ਗਈ ਹੋਵੇਗੀ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕਮੇਟੀ ਦੀ ਮੀਟਿੰਗ ਦੌਰਾਨ ਕੁਝ ਮੈਂਬਰਾਂ ਨੇ ਪਾਰਟੀ ਦੀ ਹਾਰ ਦੀ ਪੜਚੋਲ ਲਈ ਡੂੰਘਾਈ ਤੇ ਅਸਲੀਅਤ ਤਕ ਜਾਣ ਦੀ ਮੰਗ ਕੀਤੀ, ਲੇਕਿਨ ਬਾਅਦ ਵਿੱਚ ਪਾਰਟੀ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਇਸ ਮੀਟਿੰਗ ਦੀ ਜਾਣਕਾਰੀ ਨਹੀਂ ਦਿੱਤੀ ਗਈ।

## ਡਰੋਨ ਉਡਾ ਕੇ ਸੁਰੱਖਿਆ ਨੂੰ ਦਾਅ ਉਤੇ ਲਾਉਣ ਦੇ ਦੋਸ਼

ਅੰਮ੍ਰਿਤਸਰ, 31 ਮਾਰਚ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਦੀ ਅਟਾਰੀ ਵਾਹਗਾ ਸਰਹੱਦ ਵਿਖੇ ਭਾਰਤੀ ਖੇਤਰ ਵਿੱਚ ਬੀ ਐਸ ਐਫ ਨੇ ਦਿਨ ਦਿਹਾੜੇ ਵੱਖ-ਵੱਖ ਤਰ੍ਹਾਂ ਦੇ ਡਰੋਨ ਉਡਾ ਕੇ ਸੁਰੱਖਿਆ ਨੂੰ ਸੰਨ੍ਹ ਲਾਈ ਹੈ। ਵਰਨਣ ਯੋਗ ਹੈ ਕਿ ਬੀ ਐਸ ਐਫ ਨੇ ਮੈਰਾਥਨ ਦੌੜ ਕਰਵਾਈ ਸੀ ਜਿਸ ਦਾ ਇਨਾਮ ਵੰਡ ਸਮਾਰੋਹ ਅਟਾਰੀ ਸਰਹੱਦ ਉੱਤੇ ਰੱਖਿਆ ਸੀ ਜਿਸ ਵਿੱਚ ਮੁੱਖ ਮਹਿਮਾਨ ਬੀ ਐਸ ਐਫ ਦੇ ਡਾਇਰੈਕਟਰ ਜਨਰਲ ਪੰਕਜ ਕੁਮਾਰ ਸਿੰਘ ਦੀ ਅਗਵਾਈ ਵਿੱਚ ਇੱਥੇ ਪ੍ਰੋਗਰਾਮ ਕਰਵਾਇਆ ਸੀ, ਜਿਸ ਵਿੱਚ ਫਿਲਮ ਕਲਾਕਾਰ ਨਾਨਾ ਪਾਟੇਕਰ ਮੌਜੂਦ ਸਨ। ਜਾਣਕਾਰ ਸੂਤਰਾਂ ਮੁਤਾਬਕ ਭਾਰਤ-ਪਾਕਿਸਤਾਨ ਜਾਂ ਕਿਸੇ ਵੀ ਦੇਸ਼ ਦੀ ਸਰਹੱਦ ਉੱਤੇ ਡਰੋਨ ਨਾਲ ਕਵਰੇਜ ਜਾਂ ਵੀਡੀਓਗਰਾਫੀ ਕਰਨੀ ਹੋਵੇ ਤਾਂ ਦੂਸਰੇ ਦੇਸ਼ ਨੂੰ ਦੱਸਣਾ ਪੈਂਦਾ ਹੈ। ਬੀ ਐਸ ਐਫ ਵੱਲੋਂ ਜਾਣਕਾਰੀ ਨਾ ਦੇਣ ਕਾਰਨ ਉਡਾਏ ਗਏ ਡਰੋਨਾਂ ਦੀ ਵਾਹਗਾ ਸਰਹੱਦ ਉੱਤੇ ਡਿਊਟੀ ਉੱਤੇ ਤੈਨਾਤ ਪਾਕਿਸਤਾਨੀ ਰੇਂਜਰਾਂ ਦੇ ਅਧਿਕਾਰੀਆਂ, ਜਵਾਨਾਂ ਨੇ ਵੀਡੀਓਗਰਾਫੀ ਤੇ ਫੋਟੋਗਰਾਫੀ ਵੀ ਕੀਤੀ।ਉਡਦੇ ਡਰੋਨਾਂ ਸਬੰਧੀ ਜਾਣਕਾਰੀ ਦੇਣ ਲਈ ਬੀ ਐਸ ਐਫ ਨੇ ਸਹਾਇਕ ਕਮਾਂਡੈਂਟ ਅਧਿਕਾਰੀ ਹਰਿੰਦਰ ਸਿੰਘ ਨੂੰ ਨਿਯੁਕਤ ਕੀਤਾ ਸੀ। ਸਹਾਇਕ ਕਮਾਂਡੈਂਟ ਦਾ ਵਤੀਰਾ ਇਹੋ ਜਿਹਾ ਸੀ ਕਿ ਸਾਰੇ ਦੇਸ਼ ਭਰ ਤੋਂ ਆਏ ਸੈਲਾਨੀਆਂ ਤੇ ਕਵਰੇਜ਼ ਕਰਨ ਆਏ ਵੱਖ-ਵੱਖ ਪੱਤਰਕਾਰਾਂ ਨੇ ਉਸ ਉਤੇ ਤੂੰ-ਤੂੰ, ਮੈਂ-ਮੈਂ ਕਰਨ ਦੇ ਦੋਸ਼ ਲਾਏ ਸਨ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization


BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration




We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## 'ਹਾਫ਼-ਆਇਰਨਮੈਨ' ਮੁਕਾਬਲੇ 'ਚ ਭਾਗ ਲੈਣ ਲਈ ਟੀਪੀਏਆਰ ਕਲੱਬ ਦੇ ਮੈਂਬਰ ਕੁਲਦੀਪ ਗਰੇਵਾਲ ਤੇ ਹਰਜੀਤ ਸਿੰਘ ਜਨੇਵਾ ਜਾਣਗੇ





ਬਰੈਂਪਟਨ, (ਡਾ. ਝੰਡ) - 10 ਜੁਲਾਈ ਨੂੰ ਅਮਰੀਕਾ ਦੇ ਸ਼ਹਿਰ 'ਜਨੇਵਾ' (ਨਿਊਯੌਰਕ ਦੇ ਨੇੜੇ) 'ਹਾਫ਼-ਆਇਰਨਮੈਨ/ਆਇਰਨਮੈਨ 70.3 ਮੁਕਾਬਲੇ' ਹੋ ਰਹੇ ਹਨ ਅਤੇ ਇਨ੍ਹਾਂ ਵਿਚ ਹਿੱਸਾ ਲੈਣ ਲਈ ਬਰੈਂਪਟਨ ਵਿਚ ਪਿਛਲੇ 10 ਸਾਲਾਂ ਤੋਂ ਸਰਗ਼ਰਮ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਕੁਲਦੀਪ ਗਰੇਵਾਲ ਅਤੇ ਹਰਜੀਤ ਸਿੰਘ 9 ਜੁਲਾਈ ਨੂੰ ਜਨੇਵਾ ਪਹੁੰਚ ਰਹੇ ਹਨ। ਇਸ ਉੱਚ-ਪੱਧਰੀ ਮੁਕਾਬਲੇ ਦੇ ਨਾਂ ਵਿਚ ਆਉਣ ਵਾਲੇ ਸ਼ਬਦ 'ਹਾਫ਼-ਆਇਰਨਮੈਨ' ਤੋਂ ਭਾਵ 'ਅੱਧਾ ਲੋਹੇ ਦੇ ਸਰੀਰ' ਵਾਲੇ ਮਜ਼ਬੂਤ ਅਤੇ ਤਕੜੇ ਜੁੱਸੇ ਵਾਲੇ ਵਿਅੱਕਤੀ ਤੋਂ ਹੈ ਅਤੇ ਇਸ ਦੇ ਵਿਚਲੇ ਅੰਕ 70.3 ਦਾ ਭਾਵ ਇਸ ਮੁਕਾ-ਬਲੇ ਵਿਚ ਸ਼ਾਮਲ ਤਿੰਨ ਈਵੈਂਟਸ 1.2 ਮੀਲ ਤੈਰਾਕੀ, 56 ਮੀਲ ਸਾਈਕਲਿੰਗ ਅਤੇ 13.1 ਮੀਲ ਲੰਮੀ ਦੌੜ ਦੇ ਕੁਲ ਫ਼ਾਸਲੇ 70.3 ਮੀਲ ਤੋਂ ਹੈ ਜੋ ਕਿਲੋਮੀਟਰਾਂ ਵਿਚ 113 ਕਿਲੋਮੀਟਰ ਬਣਦਾ ਹੈ।

ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਇਸ ਤਿੰਨ-ਪੱਖੀ ਈਵੈਂਟ (ਵਿਚ ਸੱਭ ਤੋਂ ਪਹਿਲਾਂ 1.2 ਮੀਲ (1.9 ਕਿਲੋਮੀਟਰ) ਤੈਰਾਕੀ ਦਾ ਮੁਕਾਬਲਾ ਕਰਵਾਇਆ ਜਾਂਦਾ ਹੈ ਜਿਸ ਨੂੰ ਘੱਟੋ-ਘੱਟ ਇਕ ਘੰਟਾ 10 ਮਿੰਟਾਂ ਵਿਚ ਪੂਰਾ ਕਰਨਾ ਹੁੰਦਾ ਹੈ ਅਤੇ ਇਸ ਵਿਚ ਕਾਮਯਾਬ ਹੋਣ ਵਾਲਿਆਂ ਨੂੰ 56 ਮੀਲ (90 ਕਿਲੋਮੀਟਰ) ਸਾਈਕਲਿੰਗ ਦੇ ਦੌਰ ਵਿਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਜਾਂਦੀ ਹੈ ਜਿਸ ਨੂੰ ਪੂਰਾ ਕਰਨ ਲਈ ਘੱਟੋ-ਘੱਟ 5 ਘੰਟੇ 10 ਮਿੰਟ ਦਾ ਸਮਾਂ ਲੋੜੀਂਦਾ ਹੈ। ਇਸ 'ਦੂਸਰੇ ਮਰਹੱਲੇ' ਵਿੱਚੋਂ ਸਫ਼ਲ ਹੋਣ ਵਾਲੇ ਵਿਅੱਕਤੀ ਅੱਗੋਂ 13.1 ਮੀਲ (21.1 ਕਿਲੋਮੀਟਰ) 'ਹਾਫ਼-ਮੈਰਾਥਨ' ਵਾਲੇ ਆਖ਼ਰੀ ਦੌਰ ਵਿਚ ਪਹੁੰਚਦੇ ਹਨ। ਤੈਰਾਕੀ ਤੋਂ ਆਰੰਭ ਹੋ ਕੇ ਹਾਫ਼ ਮੈਰਾਥਨ ਪੂਰੀ ਕਰਨ ਦਾ ਪੂਰਾ ਸਮਾਂ ਘੱਟੋ-ਘੱਟ 8 ਘੰਟੇ 30 ਮਿੰਟ ਚਾਹੀਦਾ ਹੈ ਤਾਂ ਹੀ ਸਬੰਧਿਤ ਵਿਅੱਕਤੀ ਨੂੰ ਇਸ ਮੁਕਗਬਲੇ ਵਿਚ ਸਫ਼ਲ ਮੰਨਿਆ ਜਾਏਗਾ। ਇਸ ਤਰ੍ਹਾਂ ਇਸ ਮੁਕਾ-ਬਲੇ ਦੇ ਤਿੰਨੇ ਹੀ ਦੌਰ ਕਾਫ਼ੀ ਮੁਸ਼ਕਲ ਹਨ ਅਤੇ ਇਨ੍ਹਾਂ ਨੂੰ ਸਫ਼ਲਤਾ ਪੂਰਵਕ ਪਾਰ ਕਰਨ ਵਾਲੇ ਵਾਕਿਆ ਈ 'ਹਾਫ਼-ਆਇਰਨਮੈਨ' ਅਖਵਾਉਣ ਦੇ ਹੱਕਦਾਰ ਹਨ।

ਕੁਲਦੀਪ ਗਰੇਵਾਲ ਅਤੇ ਹਰਜੀਤ ਸਿੰਘ ਦੀ ਹੌਸਲਾ-ਅਫ਼ਜਾਈ ਲਈ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਉਨ੍ਹਾਂ ਦੇ ਨਾਲ ਸੱਤ ਹੋਰ ਮੈਂਬਰ ਜਗਤਾਰ ਗਰੇਵਾਲ, ਅਵਤਾਰ ਸਿੱਧੂ (ਪਿੰਕੀ), ਧਿਆਨ ਸਿੰਘ ਸੋਹਲ, ਸੁਖਦੇਵ ਸਿੱਧਵਾਂ, ਕੇਸਰ ਸਿੰਘ ਬੜੈਚ, ਕੁਲਵੰਤ ਧਾਲੀਵਾਲ ਅਤੇ ਹਰਭਜਨ ਸਿੰਘ ਗਿੱਲ ਜਾ ਰਹੇ ਹਨ। ਕਲੱਬ ਦੇ ਸਮੂਹ ਮੈਂਬਰਾਂ ਅਤੇ ਸ਼ੁਭ-ਚਿੰਤਕਾਂ ਵੱਲੋਂ ਕੁਲਦੀਪ ਗਰੇਵਾਲ ਅਤੇ ਹਰਜੀਤ ਸਿੰਘ ਨੂੰ ਇਸ ਮਿਆਰੀ ਤੇ ਵੱਕਾਰੀ ਮੁਕਾਬਲੇ ਵਿਚ ਹਿੱਸਾ ਲੈਣ ਲਈ ਹੁਣ ਤੋਂ ਹੀ ਸ਼ੁਭ-ਇੱਛਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਵੱਲੋਂ ਇਸ ਵਿਚ ਸਫ਼ਲ ਹੋਣ ਲਈ ਪੂਰੀਆਂ ਆਸਾਂ ਤੇ ਉਮੀਦਾਂ ਜਤਾਈਆਂ ਜਾ ਰਹੀਆਂ ਹਨ।

## ਪਾਕਿ ਵਿੱਚ ਇਮਰਾਨ ਖਾਨ ਦਾ ਸੰਕਟ ਟਲਿਆ, ਪਾਰਲੀਮੈਂਟ ਦਾ ਸੈਸ਼ਨ ਐਤਵਾਰ ਤਕ ਮੁਲਤਵੀ



ਇਸਲਾਮਾਬਾਦ, 31 ਮਾਰਚ, (ਪੋਸਟ ਬਿਊਰੋ)- ਵਿਰੋਧੀ ਧਿਰ ਦੇ ਬੇਭਰੋਸਗੀ ਮਤੇ ਨਾਲ ਜੂਝ ਰਹੇ ਇਮਰਾਨ ਖਾਨ ਨੂੰ ਅੱਜ ਕੁਝ ਰਾਹਤ ਮਿਲੀ ਹੈ। ਨੈਸ਼ਨਲ ਅਸੈਂਬਲੀ ਦਾ ਸੈਸ਼ਨ ਐਤਵਾਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਇਮਰਾਨ ਖਾਨ ਨੇ ਅੱਜ ਵੀਰਵਾਰ ਨੂੰ ਰਾਸ਼ਟਰੀ ਸੁਰੱਖਿਆ ਕਮੇਟੀ ਦੀ ਬੈਠਕ ਸੱਦੀ। ਪਾਕਿਸਤਾਨ ਵਿੱਚ ਰਾਸ਼ਟਰੀ ਸੁਰੱਖਿਆ ਕਮੇਟੀ (ਐਨਐਸਸੀ) ਸੁਰੱਖਿਆ ਬਾਰੇ ਚਰਚਾ ਲਈ ਸਭ ਤੋਂ ਉੱਚਾ ਮੰਚ ਹੈ। ਐਨਐਸਸੀ ਦੀ ਮੀਟਿੰਗ ਪ੍ਰਧਾਨ ਮੰਤਰੀ ਵੱਲੋਂ ਕੀਤੀ ਜਾਂਦੀ ਹੈ ਤੇ ਅੱਜ ਇਮਰਾਨ ਖਾਨ ਨੇ ਇਸ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚਸਰਵਿਸਿਜ਼ ਦੇ ਮੁਖੀ, ਮੁੱਖ ਮੰਤਰੀਅਤੇ ਸਾਬਕਾ ਅਧਿਕਾਰੀ ਸ਼ਾਮਲ ਹੋਏ। ਨਿਊਜ਼ ਏਜੰਸੀ ਨੇ ਜੀਓ ਨਿਊਜ਼ ਦੇ ਹਵਾਲੇ ਨਾਲ ਕਿਹਾ ਕਿ ਇਮਰਾਨ ਖ਼ਾਨ ਨੇ ਵਿਰੋਧੀ ਧਿਰ ਅੱਗੇ ਅਜੀਬ ਸ਼ਰਤ ਰੱਖੀ ਹੈ। ਸੂਤਰਾਂ ਮੁਤਾਬਕ ਇਮਰਾਨ ਖਾਨ ਨੇ ਬੇਭਰੋਸਗੀ ਮਤਾ ਵਾਪਸ ਲੈਣ ਉੱਤੇ ਨੈਸ਼ਨਲ ਅਸੈਂਬਲੀ ਨੂੰ ਭੰਗ ਕਰਨ ਦੀ ਪੇਸ਼ਕਸ਼ ਕੀਤੀ ਹੈ।

ਅੱਜ ਇਮਰਾਨ ਖਾਨ ਦਾ ਸਾਹ ਓਦੋਂ ਕੁਝ ਸੌਖਾ ਹੋ ਗਿਆ, ਜਦੋਂ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦਾ ਸੈਸ਼ਨ ਵੀਰਵਾਰ ਨੂੰ ਅਚਾਨਕ ਮੁਲਤਵੀ ਕਰ ਦਿੱਤਾ ਗਿਆ।ਜਦੋਂ ਸੈਸ਼ਨ ਸ਼ੁਰੂ ਹੋਇਆ ਤਾਂ ਡਿਪਟੀ ਸਪੀਕਰ ਕਾਸਿਮ ਸੂਰੀ ਨੇ ਪਾਰਲੀਮੈਂਟ ਮੈਂਬਰਾਂ ਨੂੰ ਲਿਸਟਿਡ ਮੁੱਦਿਆਂ ਉੱਤੇ ਚਰਚਾ ਕਰਨ ਨੂੰ ਕਿਹਾ। ਇਸ ਤੋਂ ਨਾਰਾਜ਼ ਹੋ ਕੇ ਵਿਰੋਧੀ ਪਾਰਲੀਮੈਂਟ ਮੈਂਬਰਾਂ ਨੇ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤੇ ਉੱਤੇ ਤੁਰੰਤ ਵੋਟਿੰਗ ਦੀ ਮੰਗ ਕੀਤੀ। ਵਿਰੋਧੀ ਧਿਰ ਦੇ ਮੈਂਬਰਾਂ ਦੇ ਜ਼ੋਰ ਪਾਉਣ ਕਾਰਨ ਸਦਨ ਦੀ ਕਾਰਵਾਈ 3 ਅਪ੍ਰੈਲ ਤੱਕ ਮੁਲਤਵੀ ਕਰ ਦਿੱਤੀ ਗਈ।

ਵਰਨਣ ਯੋਗ ਹੈ ਕਿ ਹਾਕਮ ਗੱਠਜੋੜਦੀ ਇਕ ਅਹਿਮ ਪਾਰਟੀ ਮੁਤਾਹਿਦਾ ਕੌਮੀ ਮੂਵਮੈਂਟ-ਪਾਕਿਸਤਾਨ (ਐੱਮਕਿਊ ਐੱਮ-ਪੀ) ਨੇ ਵੀ ਇਮਰਾਨ ਦਾ ਸਾਥ ਛੱਡ ਦਿੱਤਾ ਤੇ ਇਮਰਾਨ ਖਾਨ ਦੀ ਸਰਕਾਰ ਦੇ ਖਿਲਾਫ ਬੇਭਰੋਸਗੀ ਮਤੇ ਦੇ ਪੱਖਵਿੱਚ ਵੋਟਿੰਗ ਦਾ ਐਲਾਨ ਕੀਤਾ ਹੈ। ਇਮਰਾਨ ਖਾਨ ਨੇ ਆਪਣੀ ਸਰਕਾਰ ਨੂੰ ਡੇਗਣ ਪਿੱਛੇ ਵਿਦੇਸ਼ੀ ਸਾਜ਼ਿਸ਼ ਦੱਸੀ ਤੇ ਇਸ ਬਾਰੇ ਇੱਕ ਪੱਤਰ ਦਾ ਕੁਝ ਹਿੱਸਾ ਆਪਣੇ ਕੈਬਨਿਟ ਸਾਥੀਆਂ ਨਾਲ ਸਾਂਝਾ ਕੀਤਾ ਹੈ।ਉਨ੍ਹਾ ਨੇ ਐਤਵਾਰ ਰੈਲੀ ਵਿੱ-ਚਪੱਤਰ ਨੂੰ ਲਹਿਰਾ ਕੇ ਕਿਹਾ ਕਿ ਵਿਦੇਸ਼ੀ ਤਾਕਤਾਂ ਮੇਰੀ ਸਰਕਾਰ ਡੇਗਣਾ ਚਾਹੁੰਦੀਆਂ ਹਨ। ਇਮਰਾਨ ਖਾਨ ਨੇ ਇਹਪੱਤਰ ਮੀਡੀਆ ਨਾਲ ਸਾਂਝਾ ਨਹੀਂ ਕੀਤਾ, ਪਰ ਕਿਹਾ ਕਿ ਪੱਤਰਵਿੱਚ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਲਿਬਰਲ-ਐਨਡੀਪੀ ਡੀਲ ਕਰਕੇ ਜਗਮੀਤ ਸਿੰਘ ਦਾ ਭਵਿੱਖ ਖਤਰੇ ਵਿੱਚ : ਨੈਨੋਜ਼

...ਪੰਨਾ 1 ਦਾ ਬਾਕੀ

ਨੈਨੋਜ਼ ਨੇ ਆਖਿਆ ਕਿ ਜੇ ਇਸ ਅਰਸੇ ਦੌਰਾਨ ਲਿਬਰਲ ਕਿਸੇ ਵਿਵਾਦ ਵਿੱਚ ਫਸਦੇ ਹਨ, ਜੇ ਕੋਈ ਘਪਲਾ ਹੁੰਦਾ ਹੈ, ਕੋਈ ਗੜਬੜ ਹੁੰਦੀ ਹੈ ਤੇ ਐਨਡੀਪੀ, ਲਿਬਰਲਾਂ ਦਾ ਸਾਥ ਦਿੰਦੀ ਹੈ ਤਾਂ ਉਹ ਉਨ੍ਹਾਂ ਕੈਨੇਡੀਅਨਜ਼ ਦਾ ਮੁੱਖ ਨਿਸ਼ਾਨਾ ਬਣ ਜਾਣਗੇ ਜਿਹੜੇ ਖਿੱਝੇ ਹੋਏ ਹੋਣਗੇ। ਉਨ੍ਹਾਂ ਆਖਿਆ ਕਿ ਅਜਿਹੇ ਐਨਡੀਪੀ ਕਾਕਸ ਮੈਂਬਰ ਵੀ ਹੋਣਗੇ ਜਿਹੜੇ ਲਿਬਰਲਾਂ ਦਾ ਸਾਥ ਦੇਣ ਦੀ ਗੱਲ ਤੋਂ ਖਫਾ ਹੋਣਗੇ ਤੇ ਉਹ ਇਸ ਦਾ ਸਿੱਧਾ ਸਿੱਧਾ ਨਜ਼ਲਾ ਜਗਮੀਤ ਸਿੰਘ ਉੱਤੇ ਹੀ ਝਾੜਨਗੇ।

ਜਿੱਥੋਂ ਤੱਕ ਲਿਬਰਲਾਂ ਦਾ ਸਵਾਲ ਹੈ ਤਾਂ ਨੈਨੋਜ਼ ਦਾ ਕਹਿਣਾ ਹੈ ਕਿ ਕੁੱਝ ਬਲੂ ਲਿਬਰਲਜ਼ (ਜਾਂ ਜਿਨ੍ਹਾਂ ਨੂੰ ਬਿਜ਼ਨਸ ਲਿਬਰਲ ਵੀ ਆਖਿਆ ਜਾਂਦਾ ਹੈ) ਵੀ ਹਨ ਤੇ ਪਾਰਟੀ ਦੇ ਕੁੱਝ ਵੋਟਰ ਅਜਿਹੇ ਵੀ ਹਨ ਜਿਹੜੇ ਇਸ ਡੀਲ ਤੋਂ ਖੁਦ ਨੂੰ ਅਲੱਗ ਥਲੱਗ ਪੈ ਗਿਆ ਮਹਿਸੂਸ ਕਰਨਗੇ। ਜਿੱਥੋਂ ਤੱਕ ਕੰਜ਼ਰਵੇਟਿਵਾਂ ਦਾ ਸਵਾਲ ਹੈ ਤਾਂ ਨੈਨੋਜ਼ ਦਾ ਕਹਿਣਾ ਹੈ ਕਿ ਵੱਡਾ ਸਵਾਲ ਇਹ ਹੈ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਕੀ ਉਹ ਸੱਜੇ ਪੱਖ ਵੱਲ ਜਾਣ? ਸੈਂਟਰ ਰਾਈਟ ਰਹਿਣ, ਜਾਂ ਫਿਰ ਸੈਂਟਰ ਵੱਲ ਵਧਣ?

## ਸੰਤ ਸਮਾਗਮ

ਪਿੰਡ ਚੀਮਨਾ ਦੇ ਸਮੂਹ ਨਗਰ ਅਤੇ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਸੰਤ ਰਾਮ ਜੀ ਦੀ ਸਾਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਉਣ ਵਾਲੀ 15 ਅਪ੍ਰੈਲ ਤੋਂ 17 ਅਪ੍ਰੈਲ ਨੂੰ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, 99 ਗਲੀਡਨ ਰੋਡ, ਬਰੈਂਪਟਨ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਅਤੇ ਇਲਾਕਾ ਨਿਵਾਸੀਆਂ ਨੂੰ ਸਨਿਮਰ ਬੇਨਤੀ ਹੈ ਕਿ ਸਮਾਗਮ ਵਿਚ ਹਾਜਰ ਹੋਕੇ ਲਾਹਾ ਲੈਣ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ:

ਮਿਤੀ 15 ਅਪ੍ਰੈਲ, 2022 ਦਿਨ ਸ਼ੁਕਰਵਾਰ ਸਵੇਰੇ 9 ਵਜੇ : ਆਰੰਭ ਸ੍ਰੀ ਆਖੰਡ ਪਾਠ ਸਾਹਿਬ ਮਿਤੀ 17 ਅਪ੍ਰੈਲ, 2022 ਦਿਨ ਐਤਵਾਰ ਸਵੇਰੇ 10 ਵਜੇ: ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ, ਕਥਾ ਅਤੇ ਢਾਡੀ ਦਰਬਾਰ ਹੋਵੇਗਾ ਜੀ।

(ਗੁਰੂ ਕਾ ਲੰਗਰ ਅਤੁਟ ਵਰਤੇਗਾ ਜੀ)

ਵਧੇਰੇ ਜਾਣਕਾਰੀ ਲਈ ਫੋਨ ਕਰ ਸਕਦੇ ਹੋ ਜੀ:
ਮੁਹਿੰਦਰ ਸਿੰਘ ਗਰੇਵਾਲ : 416 568 6259
ਰਮਨ ਗਿਲ : 647 295 1407
ਦਵਿੰਦਰ ਸਿੰਘ ਢਿਲੋਂ 647 939 6136
ਪਰਮਜੀਤ ਸਿੱਧੂ : 416 896 2390

## ਸ਼੍ਰੋਮਣੀ ਕਮੇਟੀ ਨੇ ਸਿਰੋਪੇ ਦੇਣ ਵਾਸਤੇ ਪੰਜ ਸਾਲਾਂ ਵਿੱਚ 18 ਕਰੋੜ ਦਾ ਕੱਪੜਾ ਖਰੀਦ ਲਿਆ

ਸੰਗਰੂਰ, 31 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਵੱਲੋਂ ਪਿਛਲੇ ਪੰਜ ਸਾਲਾਂ ਦੇ ਅਰਸੇ ਦੌਰਾਨ ਗੁਰੂ ਘਰਾਂ ਦੇ ਦਰਸ਼ਨ ਕਰਨ ਲਈ ਆਉਂਦੇ ਪਤਵੰਤੇ ਸੱਜਣਾਂ ਤੇ ਹੋਰ ਲੋਕਾਂ ਨੂੰ ਮਾਣ-ਸਤਿਕਾਰ ਵਜੋਂ ਸਿਰੋਪਾਉ ਭੇਂਟ ਕਰਨ ਲਈ 18 ਕਰੋੜ 7 ਲੱਖ ਰੁਪਏ ਤੋਂ ਵੱਧ ਦਾ ਕੱਪੜਾ ਖ਼ਰੀਦ ਕੇ ਤਕਰੀਬਨ 36 ਲੱਖ 15 ਹਜ਼ਾਰ ਦੇ ਕਰੀਬ ਸਿਰੋਪਾਉ ਦਿੱਤੇ ਗਏ ਹਨ, ਜਿਹੜੀ ਇੱਕ ਵੱਡੀ ਗਿਣਤੀ ਬਣਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਸਭ ਤੋਂ ਵੱਧ ਸਿਰੋਪਾਉ ਦੀ ਵਰਤੋਂ ਸਾਲ 2015-16 ਵਿੱਚਹੋਈ ਹੈ, ਕਿਉਂਕਿ ਹੋਰ ਸਾਲਾਂ ਦੇ ਮੁਕਾਬਲੇ ਇਸ ਸਾਲ 6 ਕਰੋੜ 7 ਲੱਖ 26 ਹਜ਼ਾਰ 870 ਰੁਪਏ ਦਾ ਕੱਪੜਾ ਖਰੀਦ ਕੀਤਾ ਅਤੇ ਪ੍ਰਤੀ ਸਿਰੋਪਾ ਅੰਦਾਜ਼ਨ 50 ਰੁਪਏ ਦੇ ਹਿਸਾਬ ਨਾਲ ਇਸ ਸਾਲ ਵਿੱਚ 12 ਲੱਖ 14 ਹਜ਼ਾਰ 537 ਸਿਰੋਪੇ ਬਣੇ ਸਨ। ਗੁਰੂ ਘਰਾਂ ਵਿੱਚ ਆਉਂਦੇ ਪਤਵੰਤਿਆਂ ਨੂੰ ਹਰ ਮਹੀਨੇ ਇੱਕ ਲੱਖ ਸਿਰੋਪੇ ਦੇਣੇ ਬਹੁਤ ਵੱਡੀ ਗਿਣਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਉ ਦਾ ਕੱਪੜਾ ਨਿੱਜੀ ਕੰਪਨੀਆਂ ਤੋਂ ਟੈਂਡਰ ਦੇ ਕੇ ਖਰੀਦਿਆ ਜਾਂਦਾ ਹੈ, ਜਿਹੜਾ ਵੀ ਸਸਤਾ ਪੈਂਦਾ ਹੋਵੇਗਾ, ਪਰ ਬੁੱਧੀਜੀਵੀ ਵਰਗ ਵੱਲੋਂ ਸਿਰੋਪੇ ਦੀ ਵੰਡ ਅਤੇ ਗਿਣਤੀ ਨੂੰ ਕਿਸੇ ਰਾਜਨੀਤਕ ਪਾਰਟੀ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ।

ਆਰ ਟੀ ਆਈ ਮਾਹਰ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਕੋਲੋਂ ਸੂਚਨਾ ਅਧਿਕਾਰ ਐਕਟ ਹੇਠ ਸਾਲ 2015 ਤੋਂ ਸਾਲ 2020 ਤਕ ਖ਼ਰੀਦ ਕੀਤੇ ਸਿਰੋਪਾਉ ਦੇ ਕੱਪੜੇ ਦੀ ਕੁਲ ਕੀਮਤ ਬਾਰੇਪੁੱਛਿਆ ਸੀ, ਪਰ ਕਮੇਟੀ ਦੇ ਸੂਚਨਾ ਅਧਿਕਾਰੀ ਨੇ ਰਿਕਾਰਡ ਹਾਲਸ ਨਹੀਂ ਕਰਵਾਇਆ, ਜਿਸ ਕਰਕੇ ਸੂਚਨਾ ਐਕਟ ਮੁਤਾਬਕ ਕੇਸ ਪੰਜਾਬ ਰਾਜ ਸੂਚਨਾ ਕਮਿਸ਼ਨ ਕੋਲ ਜਾਣ ਪਿੱਛੋਂ ਕਮੇਟੀ ਨੇ ਸਿਰੋਪਾਉ ਦੇਣ ਲਈ ਖ਼ਰੀਦ ਕੀਤੇ ਕੱਪੜੇ ਦੇ ਰਿਕਾਰਡ ਵਿੱਚ ਦੱਸਿਆ ਹੈ ਕਿ ਪੰਜ ਸਾਲਾਂ ਦੌਰਾਨ 18 ਕਰੋੜ 7 ਲੱਖ 89 ਹਜ਼ਾਰ 649 ਰੁਪਏ ਦਾ ਕੱਪੜਾ ਖ਼ਰੀਦਿਆਸੀ ਤੇ ਜਿਸ ਦੌਰਾਨ ਸਭ ਤੋਂ ਵੱਧ ਸਾਲ 2015-16 ਵਿੱਚ 6 ਕਰੋੜ 7 ਲੱਖ 26 ਹਜ਼ਾਰ 870 ਰੁਪਏ ਦਾ ਕੱਪੜਾ ਖ਼ਰੀਦ ਕੀਤਾ ਗਿਆ ਸੀ।

ਸਾਲ 2016-17 ਵਿੱਚ 2 ਕਰੋੜ 23 ਲੱਖ 86 ਹਜ਼ਾਰ 586ਰੁਪਏ, 2017-18 ਵਿੱਚ 3 ਕਰੋੜ 74 ਲੱਖ 28 ਹਜਾਰ 243 ਰੁਪਏ, 2018-19 ਵਿੱਚ 3 ਕਰੋੜ 12 ਲੱਖ 42 ਹਜ਼ਾਰ ਰੁਪਏ, 2019-20 ਵਿੱਚ 2 ਕਰੋੜ 90 ਲੱਖ 47 ਹਜ਼ਾਰ 908 ਰੁਪਏ ਦਾਕੱਪੜਾ ਸਿਰੋਪੇ ਦੇਣ ਲਈ ਖ਼ਰੀਦਿਆਸੀ। ਬੁਜਰਕ ਨੇ ਕਿਹਾ ਕਿ ਸਾਲ 2015-16 ਵਿੱਚ ਸਿਰੋਪੇ ਦੇਣ ਲਈ ਖ਼ਰੀਦੇ ਕੱਪੜੇ ਦੀ ਕੁਲ ਕੀਮਤ ਦੇ ਹਿਸਾਬ ਪ੍ਰਤੀ ਸਿਰੋਪਾਉ 50 ਰੁਪਏ ਕੀਮਤ ਲੱ ਕੇ ਸਿਰੋਪਾਉ ਦੀ ਗਿਣਤੀ 12 ਲੱਖ 14 ਹਜ਼ਾਰ 537 ਬਣਦੀ ਹੈ। ਏਦਾਂ ਹਰ ਮਹੀਨੇ ਇੱਕ ਲੱਖ ਤੋਂ ਵੱਧ ਸਿਰੋਪਾਉ ਸੰਗਤ ਨੂੰ ਦਿੱਤੇ ਗਏ। ਇਸੇ ਤਰ੍ਹਾਂ ਸਾਲ 2016-17 ਵਿੱਚ 4 ਲੱਖ 47 ਹਜ਼ਾਰ 731 ਸਿਰੋਪਾਉ, ਸਾਲ 2017-18 ਵਿੱਚ 7 ਲੱਖ 48 ਹਜ਼ਾਰ 564 ਸਿਰੋਪਾਉ, ਹਰ ਮਹੀਨੇ 70 ਹਜ਼ਾਰ ਤੋਂ ਵੱਧ ਸਿਰੋਪਾਉ ਦਿੱਤੇ ਗਏ। ਸਾਲ 2018-19 ਵਿੱਚ 6 ਲੱਖ 24 ਹਜ਼ਾਰ ਸਿਰੋਪਾਉਅਤੇ ਸਾਲ 2019-20 ਅੰਦਰ 5 ਲੱਖ 80 ਹਜ਼ਾਰ 958 ਸਿਰੋਪਾਉ ਦਿੱਤੇ ਗਏ, ਜਿਨ੍ਹਾਂ ਦੀ ਕੁਲ ਗਿਣਤੀ 36 ਲੱਖ 15 ਹਜ਼ਾਰ 790 ਬਣਦੀ ਹੈ। ਹਰ ਮਹੀਨੇ 72 ਹਜ਼ਾਰ ਤੋਂ ਇੱਕ ਲੱਖ ਤਕ ਦੇ ਸਿਰੋਪਾਉ ਵੰਡਣ ਨੂੰ ਦੁਰਵਰਤੋਂ ਹੀ ਮੰਨਿਆ ਜਾ ਸਕਦਾ ਹੈ, ਪਰ ਸਾਲ 2015-16 ਵਿੱਚ ਆਮਸਾਲਾਂ ਨਾਲੋਂ ਦੁਗਣੇ-ਤਿੱਗਣੇ ਸਿਰੇਪਾਉ ਦੇਣੇ ਅਤੇ 6 ਕਰੋੜ ਤੋਂ ਵੱਧ ਦਾ ਕੱਪੜਾ ਖ਼ਰੀਦਣਾ ਬਹੁਤ ਵੱਡੀ ਰਕਮ ਹੈ।

## ਬੱਜਟ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਬਾਰੇ ਸਫਾਈਆਂ, ਵਿਰੋਧੀਆਂ ਉੱਤੇ ਹਮਲੇ



ਅੰਮ੍ਰਿਤਸਰ, 31 ਮਾਰਚ,(ਪੋਸਟ ਬਿਊਰੋ)-ਬੀਤੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਬੱਜਟ ਸੈਸ਼ਨ ਦੌਰਾਨ ਸਿੱਖਮਾਮਲਿਆਂ ਨਾਲ ਸਬੰਧਤ ਕਈ ਅਹਿਮ ਮਤੇ ਪਾਸ ਕੀਤੇ ਗਏ ਤੇ ਸਾਲ 2022-23 ਦਾ 9 ਅਰਬ 88 ਕਰੋੜ 15 ਲੱਖ 53 ਹਜ਼ਾਰ 780 ਰੁਪਏ ਦਾ ਬੱਜਟ ਪਾਸ ਕੀਤਾ ਗਿਆ।ਇਸ ਮੌਕੇ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਵੱਖ-ਵੱਖ ਮਤਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਨਾਲ ਛੇੜ-ਛਾੜ ਕਰਕੇ ਛਾਪਣ ਦੀ ਨਿੰਦਾ, ਗੁਰਮੁੱਖੀ ਲਿਪੀ ਦਿਵਸ ਮਨਾਉਣ, ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ, ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਰਸਤੇ ਖੁੱਲ੍ਹੇ ਕਰਨ ਸਮੇਤ ਕਈਸਿੱਖ ਮਸਲਿਆਂ ਨੂੰ ਉਭਾਰਿਆ ਗਿਆ ਹੈ। ਅੱਜ ਦੇ ਇਜਲਾਸ ਪਿੱਛੋਂਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਆਖਿਆ ਕਿ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਮਿੱਠੂ ਸਿੰਘ ਕਾਹਨੇਕੇ ਅਤੇ ਸ਼੍ਰੋਮਣੀ ਕਮੇਟੀ ਦੇ ਹੋਰ ਮੈਂਬਰ ਜਾਣਬੁੱਝ ਕੇ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਦੇ ਹਨ ਅਤੇ ਉਨ੍ਹਾਂ ਨੇਬੱਜਟ ਦੇ ਵੇਰਵੇ ਗਲਤ ਢੰਗ ਨਾਲ ਪੇਸ਼ ਕੀਤੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਤੇ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਹਥਿਆਉਣ ਦੀ ਸੋਚ ਨਾਲ ਇਸ ਵਿਰੁੱਧ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਪ੍ਰਚਾਰਿਆ ਜਾ ਰਿਹਾ ਹੈ।

ਇਸ ਦੌਰਾਨ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਢ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਇਤਿਹਾ-ਸਕ ਗੁਰੂ ਘਰਾਂ ਦੀਆਂ ਜ਼ਮੀਨਾਂ ਉੱਤੇ ਕਿਸੇ ਰਾਜਸੀ ਵਿਅਕਤੀ ਦਾ ਕਬਜ਼ਾ ਨਹੀਂ, ਸਗੋਂ ਸ਼੍ਰੋਮਣੀ ਕਮੇਟੀ ਨੇ ਕਾਬਜ਼ ਲੋਕਾਂ ਤੋਂ ਜ਼ਮੀਨਾਂ ਛੁਡਵਾਈਆਂ ਹਨ। ਉਨ੍ਹਾਂ ਕਿਹਾ ਕਿ ਮਿੱਠੂ ਸਿੰਘ ਕਾਹਨੇਕੇ ਵੱਲੋਂ ਲਾਇਆ ਦੋਸ਼ ਕਿ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਦੱਬੀਆਂ ਹੋਈਆਂ ਹਨ, ਗਲਤ ਹੈ, ਕੁਝ ਗੁਰੂ ਘਰਾਂ ਦੀਆਂ ਲੋਕਲ ਕਮੇਟੀਆਂ ਨੇ ਆਪਣੇ ਪ੍ਰਬੰਧ ਸਮੇਂ ਮੁਜ਼ਾਰਿਆਂ ਨੂੰ ਜ਼ਮੀਨਾਂ ਦਿੱਤੀਆਂ ਸਨ, ਪਰ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਆਉਣ ਉੱਤੇ ਇਨ੍ਹਾਂ ਜ਼ਮੀਨਾਂ ਤੋਂ ਕਬਜ਼ੇ ਛੁਡਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਲੋਕਲ ਕਮੇਟੀਆਂ ਦੇ ਸਮੇਂ ਨਾਲ ਅੱਜ ਇਨ੍ਹਾਂ ਜ਼ਮੀਨਾਂ ਦੀ ਆਮਦਨ ਤਕਰੀਬਨ 1100 ਫੀਸਦੀ ਵਧੀ ਹੈ।

ਗੁਰਬਾਣੀ ਨਾਲ ਛੇੜ-ਛਾੜ ਕਰਕੇ ਛਾਪਣ ਤੇ ਵੈੱਬਸਾਈਟਾਂ ਉੱਤੇ ਅਪਲੋਡ ਕਰਨ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਅੱਜ ਦੇ ਇਜਲਾਸ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਬਾਰੇ ਸਖ਼ਤ ਕਾਰਵਾਈ ਕਰਨ ਨੂੰ ਕਿਹਾ ਤੇਵੱਖ-ਵੱਖ ਮੋਬਾਈਲ ਐਪਸ ਅਤੇ ਵੈੱਬਸਾਈਟਾਂ ਉੱਤੇ ਆਪਣੀ ਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵੱਖ-ਵੱਖ ਪਾਵਨ ਬਾਣੀਆਂ ਅਪਲੋਡ ਕਰਨਦਾ ਇਤਰਾਜ਼ ਕਰ ਕੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਨੂੰ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਹੈ। ਇਸ ਮੌਕੇ ਪਾਸ ਕੀਤੇ ਇੱਕ ਮਤੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਏਅਰਪੋਰਟ ਅੰਮ੍ਰਿਤਸਰ ਤੋਂ ਵੱਖ-ਵੱਖ ਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਵਧਾਉਣ ਦੀ ਮੰਗ ਕਰ ਕੇ ਕਿਹਾ ਗਿਆ ਕਿ ਵਿਦੇਸ਼ਾਂ ਵਿਚਲੇ 50 ਲੱਖ ਦੇ ਕਰੀਬ ਸਿੱਖਾਂ ਨੂੰ ਪੰਜਾਬ ਤੋਂ ਸਿੱਧੀਆਂ ਉਡਾਣਾਂ ਨਾ ਹੋਣਕਾਰਨ ਪ੍ਰੇਸ਼ਾਨੀ ਹੁੰਦੀ ਹੈ। ਇਸ ਬਾਰੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਸੰਜੀਦਾ ਪਹੁੰਚ ਧਾਰਨ ਕਰ ਕੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂਰਪੀ ਦੇਸ਼ਾਂ, ਨਿਊਜ਼ੀਲੈਂਡ ਨੂੰ ਸਿੱਧੀਆਂ ਉਡਾਣਾਂ ਚਾਲੂ ਕਰਾਵੇ।ਇਕ ਹੋਰ ਮਤੇ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਖੁੱਲ੍ਹੇ ਲਾਂਘੇ ਰਾਹੀਂ ਜਾਂਦੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖ਼ਤਮ ਕਰਨ ਦੀ ਮੰਗ ਕੀਤੀ ਗਈ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਨੂੰ ਸਿੱਖ 'ਵਿਰਾਸਤੀ ਸ਼ਹਿਰ' ਵਜੋਂ ਵਿਕਸਤ ਕਰੇ।

ਜਨਰਲ ਇਜਲਾਸ ਸਮੇਂ ਪਾਸ ਕੀਤੇ ਇਕ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਦੇ ਖਿਲਾਫ ਪ੍ਰਚਾਰ ਕਰਨ ਵਾਲੇ ਲੋਕਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰ ਕੇ ਕਿਹਾ ਗਿਆ ਕਿ ਕੁਝ ਲੋਕ ਜਾਣਬੁਝ ਕੇ ਸ਼੍ਰੋਮਣੀ ਕਮੇਟੀ ਦਾ ਅਕਸ ਖਰਾਬ ਕਰਦੇ ਹਨ।ਸ਼੍ਰੋਮਣੀ ਕਮੇਟੀ ਨੇ ਸਾਫ ਕਿਹਾ ਕਿ ਕਮੇਟੀ ਦੇ ਟਰੱਸਟ ਸ਼੍ਰੋਮਣੀ ਕਮੇਟੀ ਦੀ ਜਾਇਦਾਦ ਹਨ ਤੇ ਇਨ੍ਹਾਂ ਦੇ ਚੇਅਰਮੈਨ ਸ਼੍ਰੋਮਣੀ ਕਮੇਟੀ ਪ੍ਰਧਾਨਹਨ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਕੋਲ ਹਨ। ਇੱਕ ਹੋਰ ਮਤੇ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਗਿਆਨ ਗੋਦੜੀ ਹਰਿ ਕੀ ਪਾਉੜੀ ਹਰਿਦੁਆਰ, ਗੁਰਦੁ-ਆਰਾ ਗੁਰੂ ਡਾਂਗਮਾਰ ਅਤੇ ਚੁੰਗਥਾਂਗ ਸਿੱਖਮ, ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ ਅਤੇ ਪੰਜਾਬੀ ਮੱਠ ਜਗਨਨਾਥਪੁਰੀ ਦੇ ਮਸਲੇ ਹੱਲ ਕਰਨ ਲਈ ਵੀ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ।

## ਗੁਰਦੁਆਰਾ ਅਜੀਤਸਰ ਸਾਹਿਬ ਵਿਖੇ ਅੱਗ ਨਾਲ ਗੁਰੂ ਗ੍ਰੰਥ



ਜਗਰਾਉਂ, 31 ਮਾਰਚ,(ਪੋਸਟ ਬਿਊਰੋ)-ਏਥੋਂ ਦੀ ਰਾਏਕੋਟ ਰੋਡ ਉਤੇ ਗੁਰੂਦੁਆਰਾ ਅਜੀਤਸਰ ਸਾਹਿਬ ਵਿਖੇ ਅੱਧੀ ਰਾਤ ਨੂੰ ਸੁੱਖ ਆਸਨ ਵਾਲੇ ਕਮਰੇ ਵਿਚ ਸ਼ਾਰਟ ਸਰਕਟ ਨਾਲ ਲੱਗੀ ਅੱਗ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸਰੂਪਅਗਨ ਭੇਟ ਹੋ ਗਏ। ਇਸ ਦਾ ਪਤਾ ਲੱਗਦੇ ਸਾਰ ਸਵੇਰੇਆਮ ਸ਼ਰਧਾਲੂਅਤੇ ਨਿਹੰਗ ਜਥੇਬੰਦੀਆਂ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਵਿਖੇ ਪਹੁੰਚੀਆਂ ਤੇ ਇਸ ਘਟਨਾ ਪਿੱਛੇ ਕਿਸੇ ਸ਼ਰਾਰਤ ਦਾ ਦੋਸ਼ ਲਾਇਆ।

ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਦੇ ਸੁਖ ਆਸਨ ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਵਾਸਤੇ ਲਾਏ ਪੱਖੇ ਦੀ ਤਾਰਅੱਧੀ ਰਾਤ ਅਚਾਨਕ ਸ਼ਾਰਟ ਹੋ ਗਈ ਤੇ ਇਸ ਕਾਰਨ ਪੱਖੇ ਨਾਲ ਲਟਕ ਰਹੇ ਸੁੱਖ ਆਸਣ ਵਾਲੇ ਕਮਰੇ ਦੇ ਪਰਦਿਆਂ ਨੂੰ ਅੱਗ ਪੈਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਤੇ ਦੋ ਪੋਥੀਆਂ ਨੂੰ ਅੱਗ ਨੇ ਲਪੇਟ ਵਿੱਚ ਲੈ ਲਿਆ। ਕਾਫੀ ਜੱਦੋ-ਜਹਿਦ ਤੋਂ ਬਾਅਦ ਅੱਗ ਉੱਤੇ ਕਾਬੂ ਪਾਇਆ ਗਿਆ।

## ਡੇਰਾ ਸਿਰਸਾ ਨੇ ਬੇਅਦਬੀ ਕੇਸਾਂ ਦੀ ਜਾਂਚ ਬਾਰੇ ਆਪਣਾ ਪੱਖ ਰੱਖਿਆ

### * ਪੰਜਾਬ ਪੁਲਸ ਉੱਤੇ ਝੂਠਾ ਕੇਸ ਬਣਾਉਣ ਦਾ ਦੋਸ਼ ਲਾਇਆ



ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਬੁਲਾਰੇ ਅਤੇ ਵਕੀਲਾਂ ਨੇ ਕਿਹਾ ਹੈ ਕਿ ਬੇਅਦਬੀ ਦੇ ਕੇਸ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਿਆਸਤ ਦੇ ਕਾਰਨ ਫਸਾਇਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਅੱਜ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੇਰੇ ਦੇ ਬੁਲਾਰੇ ਜਤਿੰਦਰ ਖ਼ੁਰਾਣਾ, ਸੰਦੀਪ ਕੌਰ ਅਤੇ ਵਕੀਲ ਹਰੀਸ਼ ਛਾਬੜਾ ਤੇ ਕੇਵਲ ਬਰਾੜ ਨੇ ਦਾਅਵਾ ਕੀਤਾਕਿ ਬੇਅਦਬੀ ਕੇਸਾਂ ਦਾ ਡੇਰੇ ਨਾਲ ਕੋਈ ਸਬੰਧ ਨਹੀਂ।ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਸ ਦੀ ਉੱਚ ਪੱਧਰੀ ਜਾਂਚ ਕਰਵਾਉਣ ਪਿੱਛੋਂ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ 2015 ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿੱਚਓਦੋਂ ਦੀ ਪੰਜਾਬ ਸਰਕਾਰ ਨੇ ਸਿਆਸਤ ਕਰਦੇ ਹੋਏ ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਵੇਲੇ ਡੇਰਾ ਮੁਖੀ ਨੂੰ ਫਸਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਸਾਜ਼ਿਸ਼ ਹੇਠ ਅਸਲ ਦੋਸ਼ੀ ਗ੍ਰਿਫ਼ਤਾਰ ਨਹੀਂ ਕੀਤੇ, ਡੇਰਾ ਸੱਚਾ ਸੌਦਾ ਉੱਤੇ ਝੂਠੇ ਦੋਸ਼ ਲਾਏ ਸਨ।

ਜਤਿੰਦਰ ਖ਼ੁਰਾਣਾ ਨੇ ਕਿਹਾ ਕਿ ਪੰਜਾਬ ਪੁਲਸ ਦੇ ਸਾਬਕਾ ਡੀਆਈਜੀ ਰਣਬੀਰ ਖਟੜਾ ਪਹਿਲਾਂਕਹਿੰਦੇ ਸਨ ਕਿ ਡੇਰਾ ਮੁਖੀ ਦਾ ਮੁਆਫ਼ੀਨਾਮਾ ਕਬੂਲ ਹੋਣ ਉੱਤੇ ਡੇਰਾ ਅਜਿਹੀ ਘਿਣਾਉਣੀ ਘਟਨਾ ਨਹੀਂ ਕਰ ਸਕਦਾ, ਪਰ ਇਸ ਦੇ ਬਾਅਦਕਾਂਗਰਸ ਸਰਕਾਰ ਦੇ ਇਸ਼ਾਰੇ ਉੱਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਅਤੇ ਡੇਰਾ ਮੁਖੀਖਿਲਾਫਦੋਸ਼ ਲਾ ਦਿੱਤਾ। ਖ਼ੁਰਾਣਾ ਨੇ ਕਿਹਾ ਕਿ ਮਹਿੰਦਰਪਾਲ ਬਿੱਟੂ ਨੂੰ ਗ੍ਰਿਫ਼ਤਾਰ ਕਰਨ ਸਮੇਂ ਜਾਂਚਸੀ ਬੀ ਆਈਕੋਲ ਸੀ ਤਾਂ ਪੰਜਾਬ ਪੁਲਿਸ ਨੇ ਬਿੱਟੂਅਤੇ ਹੋਰਨਾਂ ਨੂੰ ਸੀ ਬੀ ਆਈ ਦੇ ਹਵਾਲੇ ਕਰ ਦਿੱਤਾ ਸੀ। ਇਸ ਪਿੱਛੋਂਸੀ ਬੀ ਆਈ ਨੇ ਬਿੱਟੂ ਦਾ ਝੂਠ ਬੋਲਣ ਬਾਰੇ ਵੀ ਅਤੇ ਬ੍ਰੇਨ ਮੈਪਿੰਗ ਟੈਸਟ ਵੀ ਕਰਵਾਇਆ, ਪਰ ਹੱਥ ਕੁਝ ਨਹੀਂ ਲੱਗਾ ਤਾਂ ਬਿੱਟੂਅਤੇ ਹੋਰ ਦੋਸ਼ੀ ਬੇਗੁਨਾਹ ਨਿਕਲੇ। ਇਸ ਤਰ੍ਹਾਂ ਸੀ ਬੀ ਆਈ ਨੇ ਉਨ੍ਹਾਂ ਨੂੰ ਅਦਾਲਤੀ ਕੇਸ ਵਿੱਚ ਕਲੀਨ ਚਿੱਟ ਦੇ ਦਿੱਤੀ ਸੀ।

ਵਕੀਲ ਹਰੀਸ਼ ਛਾਬੜਾ ਨੇ ਕਿਹਾ ਕਿ ਪੰਜਾਬ ਪੁਲਿਸ ਇਸ ਕੇਸ ਵਿੱਚ ਬਹੁਤ ਝੂਠ ਬੋਲਦੀ ਤੇ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂਡੇਰਾ ਸੱਚਾ ਸੌਦਾ ਨੂੰ ਫਸਾਉਣਾ ਚਾਹੁੰਦੀ ਹੈ, ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਪੀਲ ਹੈ ਕਿ ਇਸ ਕੇਸ ਵਿੱਚ ਦੇਸ਼ ਦੀ ਕਿਸੇ ਵੱਡੀ ਏਜੰਸੀ ਤੋਂ ਜਾਂਚ ਕਰਵਾਏ ਤਾਂ ਕਿ ਬੇਅਦਬੀ ਕਰਨ ਵਾਲੇ ਅਸਲੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਬੇਅਦਬੀ ਕਰਨ ਵਾਲੇ ਦੋਸ਼ੀ ਅੱਜ ਵੀ ਬਾਹਰ ਖੁੱਲ੍ਹੇਆਮ ਘੁੰਮਦੇ ਹਨ, ਜਦੋਂ ਕਿ ਨਿਰਦੋਸ਼ ਹੋਣ ਦੇ ਬਾਵਜੂਦ ਡੇਰਾ ਸੱਚਾ ਸੌਦਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW

# ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਆਫ਼ ਕੈਨੇਡਾ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਜ਼ੂਮ-ਸਮਾਗ਼ਮ ਰਚਾ ਕੇ ਕੀਤਾ ਯਾਦ

## ਮੁੱਖ-ਬੁਲਾਰੇ ਸਨ, ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ.ਜਗਮੋਹਨ ਸਿੰਘ ਤੇ ਲਾਹੌਰ ਦੇ ਪਿਛੋਕੜ ਦੀ ਫ਼ਰਹਾ ਮਲਿਕ

ਬਰੈਂਪਟਨ, (ਡਾ. ਝੰਡ) -ਭਾਰਤ ਦੀ ਆਜ਼ਾਦੀ ਖ਼ਾਤਰ ਜਾਨਾਂ ਵਾਰਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਅਦੁੱਤੀ ਕੁਰਬਾਨੀ ਨੂੰ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਆਫ਼ ਕੈਨੇਡਾ ਵੱਲੋਂ ਲੰਘੇ ਐਤਵਾਰ 27 ਮਾਰਚ ਨੂੰ ਇਕ ਖ਼ੂਬਸੂਰਤ ਜ਼ੂਮ-ਸਮਾਗ਼ਮ ਰਚਾ ਕੇ ਯਾਦ ਕੀਤਾ ਗਿਆ। ਇਸ ਸਮਾਗ਼ਮ ਦੇ ਮੁੱਖ-ਬੁਲਾਰੇ ਪੰਜਾਬ ਤੋਂ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਸਨ ਜਿਨ੍ਹਾਂ ਨੇ "ਭਗਤ ਸਿੰਘ ਦੀ ਵਿਚਾਰਧਾਰਾ ਅਜੋਕੇ ਸੰਦਰਭ ਵਿਚ" ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ, ਜਦਕਿ ਲਾਹੌਰ ਦੇ ਪਿਛੋਕੜ ਨਾਲ ਸਬੰਧਿਤ ਅੱਜਕੱਲ੍ਹ ਬਰੈਂਪਟਨ ਦੀ ਵਸਨੀਕ ਫ਼ਰਹਾ ਮਲਿਕ ਨੇ ਆਪਣੇ ਸੰਖੇਪ ਸੰਬੋਧਨ ਵਿਚ ਸ਼ਹੀਦ ਭਗਤ ਸਿੰਘ ਦੀਆਂ ਲਾਹੌਰ ਨਾਲ ਜੁੜੀਆਂ ਸਾਂਝਾਂ ਬਾਖ਼ੂਬੀ ਬਿਆਨ ਕੀਤੀਆਂ। ਸਮਾਗ਼ਮ ਵਿਚ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਜੁੜੇ ਅੰਮ੍ਰਿਤ ਢਿੱਲੋਂ ਨੇ ਭਗਤ ਸਿੰਘ ਦੀ ਵਿਰਾਸਤ ਬਾਰੇ ਸੰਖੇਪ ਵਿਚ ਦੱਸਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸੰਚਾਲਕ ਹਰਿੰਦਰ ਹੁੰਦਲ ਨੇ ਸਮਾਗ਼ਮ ਦੀ ਰੂਪ-ਰੇਖ਼ਾ ਦੱਸਦਿਆਂ ਹੋਇਆਂ ਇਸ ਸਮਾਗ਼ਮ ਵਿਚ ਸ਼ਾਮਲ ਸਮੂਹ ਮੈਂਬਰਾਂ ਤੇ ਮਹਿਮਾਨਾਂ ਨੂੰ 'ਜੀ-ਆਇਆਂ' ਕਹੀ ਅਤੇ ਨਾਲ ਹੀ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਕੱਤਰ ਸੁਰਜੀਤ ਸਹੋਤਾ ਨੂੰ ਜੱਥੇਬੰਦੀ ਬਾਰੇ ਸੰਖੇਪ ਵਿਚ ਦੱਸਣ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਬੜੇ ਭਾਵਪੂਰਤ ਸ਼ਬਦਾਂ ਵਿਚ ਜੱਥੇਬੰਦੀ ਦੀਆਂ ਸਰਗ਼ਰਮੀਆਂ ਬਾਰੇ ਦੱਸਦਿਆਂ ਹੋਇਆਂ ਸਾਰਿਆਂ ਦਾ ਭਰਵਾਂ ਸੁਆਗ਼ਤ ਕੀਤਾ। ਉਪਰੰਤ, 'ਕਮੇਟੀ ਆਫ਼ ਪਰੌਗਰੈੱਸਿਵ ਪਾਕਿਸਤਾਨੀਜ਼ ਇਨ ਕੈਨੇਡਾ' ਦੀ ਸਰਗ਼ਰਮ ਕਾਰਕੁੰਨ ਫ਼ਰਹਾ ਮਲਿਕ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਗਤ ਸਿੰਘ ਲਾਹੌਰ ਦਾ ਹੈ ਤੇ ਲਾਹੌਰ ਭਗਤ ਸਿੰਘ ਦਾ ਹੈ। ਲਾਹੌਰ ਉਹ ਸ਼ਹਿਰ ਹੈ ਜਿੱਥੇ ਭਗਤ ਸਿੰਘ ਨੇ ਪੜ੍ਹਾਈ ਕੀਤੀ ਸੀ ਅਤੇ ਕਿਸੇ ਨਾਲ ਕਿਸੇ ਕਿਸਮ ਦਾ ਕੋਈ ਵੀ ਵਿਤਕਰਾ ਨਾ ਕਰਨ ਦੀ ਸਹੁੰ ਖਾਧੀ ਸੀ। ਲਾਹੌਰ ਵਿਚ ਹੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਖ਼ਿਲਾਫ਼ 'ਲਾਹੌਰ ਕਾਂਸਪੀਰੇਸੀ ਕੇਸ' ਚੱਲਿਆ ਅਤੇ ਇੱਥੋਂ ਦੀ ਜੇਲ੍ਹ ਵਿਚ ਹੀ ਉਨ੍ਹਾਂ ਤਿੰਨਾਂ ਬਹਾਦਰ ਸੂਰਮਿਆਂ ਨੇ ਫ਼ਾਸੀ ਦਾ ਰੱਸਾ ਚੁੰਮਿਆਂ। ਇਸ ਦੇ ਨਾਲ ਹੀ ਉਨ੍ਹਾਂ ਆਪਣੇ ਸੰਬੋਧਨ ਵਿਚ ਲੋਕਾਂ ਵੱਲੋਂ ਲਾਹੌਰ ਦੇ 'ਸਦਮਨ ਚੌਂਕ' ਦਾ ਨਾਂ 'ਸ਼ਹੀਦ ਭਗਤ ਸਿੰਘ ਚੌਂਕ' ਰੱਖਣ ਦੀ ਮੰਗ ਵੀ ਦੁਹਰਾਈ।



ਪ੍ਰੋ. ਜਗਮੋਹਨ ਸਿੰਘ ਨੇ ਆਪਣੀ ਗੱਲ ਭਗਤ ਸਿੰਘ ਵੱਲੋਂ 1924 ਵਿਚ ਦਿੱਤੇ ਗਏ ਸੰਦੇਸ਼ ਤੋਂ ਆਰੰਭ ਕੀਤੀ ਜਿਸ ਨੂੰ ਇਤਿਹਾਸ ਵਿਚ 'ਆਜ਼ਾਦੀ ਦੇ ਚਾਰ ਥੰਮ੍ਹ' ਕਿਹਾ ਗਿਆ ਹੈ। ਪਹਿਲਾ, ਲੋਕ ਤੇ ਵਰਕਰ ਮਿਲ ਕੇ ਸੰਘਰਸ਼ ਕਰਨ; ਦੂਸਰਾ, ਸਾਮਰਾਜ ਸਾਡੀਆਂ ਕਮਜ਼ੋਰੀਆਂ 'ਤੇ ਪਲ਼ਦਾ ਹੈ। ਤੀਸਰਾ ਥੰਮ੍ਹ ਲਾਹੌਰ ਤੋਂ ਵਿਗਿਆਨ ਦਾ ਮਾਹੌਲ ਸਿਰਜੇ ਜਾਣਾ ਅਤੇ ਚੌਥਾ, ਸਮਾਜਿਕ ਨਾ-ਬਰਾਬਰੀ ਹੈ। ਭਗਤ ਸਿੰਘ ਨੇ ਕਿਹਾ ਸੀ ਕਿ ਸਾਮਰਾਜੀ ਦੇਸ਼ਾਂ ਵਿਚ ਕਾਰਪੋਰੇਟਾਂ ਦੇ ਉਭਾਰ ਨਾਲ ਲੋਕ ਹੋਰ ਗ਼ਰੀਬ ਹੋ ਰਹੇ ਹਨ ਅਤੇ ਇਸ ਦੇ ਹੱਲ ਲਈ ਉਨ੍ਹਾਂ ਨੇ ਦੇਸ਼-ਵਾਸੀਆਂ ਨੂੰ "ਸਾਮਰਾਜ ਮੁਰਦਾਬਾਦ" ਅਤੇ "ਇਨ-ਕਲਾਬ ਜ਼ਿੰਦਾਬਾਦ" ਦਾ ਨਾਅਰਾ ਦਿੱਤਾ। ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ 26 ਜਨਵਰੀ 1930 ਨੂੰ ਭਾਰਤ ਲਈ 'ਸੰਪੂਰਨ ਆਜ਼ਾਦੀ' ਦੀ ਕਸਮ ਲੈਂਦਿਆਂ ਕਿਹਾ ਗਿਆ ਸੀ ਕਿ ਲੋਕ ਆਪਣੀ ਕਿਸਮਤ ਆਪ ਬਣਾ ਸਕਦੇ ਹਨ। ਉਨ੍ਹਾਂ ਨੂੰ ਰੋਟੀ ਨਾ ਵਿਖਾਓ, ਸਗੋਂ ਰੋਜ਼ਗਾਰ ਮੁਹੱਈਆ ਕਰਕੇ ਕੇ ਰੋਟੀ ਕਮਾਉਣ ਦਾ ਵੱਲ ਦੱਸੋ। ਉਨ੍ਹਾਂ ਹੋਰ ਕਿਹਾ ਕਿ ਨਵ-ਉਦਾਰਵਾਦ ਕੋਲ ਮਸਲਿਆਂ ਦਾ ਹੱਲ ਨਹੀਂ ਹੈ ਅਤੇ ਸਰਕਾਰਾਂ ਵੱਲੋਂ ਬੈਂਕਾਂ ਤੋਂ ਕਰਜ਼ਾ ਲੈ ਲੈ ਕੇ ਲੋਕਾਂ ਦਾ ਵਿਕਾਸ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ 'ਸਰਵਿੰਗ' (ਸੇਵਾ ਕਰਨੀ), 'ਸਫ਼ਰਿੰਗ' (ਦੁੱਖ ਝੱਲਣਾ) ਅਤੇ 'ਸੈਕਰੀਫਾਈਸ' (ਕੁਰਬਾਨੀ ਕਰਨੀ) ਸ਼ਹੀਦ ਭਗਤ ਸਿੰਘ ਦੇ ਤਿੰਨ ਮੁੱਖ-ਉਦੇਸ਼ ਸਨ ਅਤੇ ਉਨ੍ਹਾਂ ਨੇ ਪੌਣੇ ਚੌਵੀ ਸਾਲਾਂ ਦੇ ਆਪਣੇ ਜੀਵਨ ਵਿਚ ਇਹ ਤਿੰਨੇ ਉਦੇਸ਼ ਪੂਰੇ ਕੀਤੇ।





ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਅੱਜ ਦੇ ਸੰਦਰਭ ਵਿਚ ਪ੍ਰਸੰਗਿਕਤਾ ਬਾਰੇ ਬੋਲਦਿਆਂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਭਗਤ ਸਿੰਘ ਦਾ ਜੇਲ੍ਹ ਵਿਚ ਆਪਣੇ ਆਖ਼ਰੀ ਸਮੇਂ ਤੱਕ ਢੇਰ ਸਾਰੀਆਂ ਪੁਸਤਕਾਂ ਪੜ੍ਹਨਾ ਅਤੇ ਉਨ੍ਹਾਂ ਦੀ ਡੂੰਘੀ ਘੋਖ-ਪੜਚੋਲ ਕਰਨੀ ਸਾਡੇ ਸਾਰਿਆਂ ਲਈ ਅੱਜ ਸੱਭ ਤੋਂ ਵੱਡਾ ਸੰਦੇਸ਼ ਹੈ। ਭਗਤ ਸਿੰਘ ਵੱਲੋਂ ਆਪਣੇ ਭੈਣ-ਭਰਾਵਾਂ ਨੂੰ ਭੇਜੇ ਗਏ ਸੰਦੇਸ਼ ਸਾਡੇ ਲਈ ਚਾਨਣ-ਮੁਨਾਰੇ ਹਨ। ਛੋਟੇ ਭਰਾ ਕੁਲਤਾਰ ਸਿੰਘ ਨੂੰ ਭੇਜਿਆ ਗਿਆ ਚੰਗੀ ਸਿਹਤ ਬਨਾਉਣ, ਹੌਂਸਲਾ ਰੱਖਣ ਅਤੇ ਮਿਹਨਤ ਕਰਨ ਦਾ ਸੰਦੇਸ਼ ਕੇਵਲ ਕੁਲਤਾਰ ਲਈ ਨਹੀਂ ਹੈ, ਸਗੋਂ ਇਹ ਸਮੂਹ ਨੌਜੁਆਨਾਂ ਲਈ ਹੈ। ਏਸੇ ਤਰ੍ਹਾਂ, ਭੈਣ ਅਮਰ ਕੌਰ ਨੂੰ ਭੇਜਿਆ ਗਿਆ ਗੁਰਬਾਣੀ ਵਿਚ ਆਸਥਾ ਰੱਖਣ ਦਾ ਸੰਦੇਸ਼ "ਬਲ ਹੋਆ ਬੰਧਨ ਛੁਟੈ, ਸਭ ਕਿਛੁ ਹੋਤ ਉਪਾਏ" ਕੇਵਲ ਉਸ ਦੇ ਲਈ ਹੀ ਨਹੀਂ, ਸਗੋਂ ਇਹ ਸਾਡੇ ਸਾਰਿਆਂ ਲਈ ਹੈ। ਆਮ ਲੋਕਾਂ ਦੇ ਲਈ ਦਿੱਤਾ ਗਿਆ ਰਲ਼-ਮਿਲ਼ ਕੇ ਰਹਿਣ ਅਤੇ ਵਿਚਾਰ-ਵਟਾਂਦਰਾ ਕਰਨ ਲਈ ਬੈਠਣ ਦਾ ਸੰਦੇਸ਼ ਅੱਜ ਦੇ 'ਕਮਿਊਨਿਟੀ ਬਿਲਡਿੰਗ' ਦੇ ਉਦੇਸ਼ ਵੱਲ ਸੰਕੇਤ ਕਰਦਾ ਹੈ। ਅੱਜ ਜਦੋਂ ਲੋਕ ਇਲੈੱਕਟ੍ਰਾਨਿਕ ਅਤੇ ਸੋਸ਼ਲ ਮੀਡੀਏ ਵੱਲ ਪੂਰੀ ਤਰ੍ਹਾਂ ਖਿੱਚੇ ਗਏ ਹਨ ਅਤੇ ਉਨ੍ਹਾਂ ਕੋਲ ਇਕ ਦੂਸਰੇ ਦੇ ਕੋਲ ਬੈਠਣ ਅਤੇ ਵਿਚਾਰਨ ਲਈ ਸਮਾਂ ਨਹੀਂ ਹੈ, ਭਗਤ ਸਿੰਘ ਦਾ ਇਹ ਸੰਦੇਸ਼ ਇਸ ਸਮੱਸਿਆ ਦਾ ਯੋਗ ਹੱਲ ਦੱਸਦਾ ਹੈ। ਸਮਾਗ਼ਮ ਦਾ ਸਮਾਂ ਸੀਮਤ ਹੋਣ ਕਾਰਨ ਪ੍ਰੋ.ਜਗਮੋਹਨ ਸਿੰਘ ਸਰੋਤਿਆਂ ਦੇ ਸੁਆਲ ਨਾ ਲੈ ਸਕੇ ਅਤੇ ਉਨ੍ਹਾਂ ਨੇ ਸਰੋਤਿਆਂ ਨੂੰ ਆਪਣੇ ਸੁਆਲ ਆਪਣੀ ਈ-ਮੇਲ ਆਈ.ਡੀ. jagmohan08@gmail 'ਤੇ ਭੇਜਣ ਲਈ ਕਿਹਾ

ਚੱਲ ਰਹੇ ਪ੍ਰੋਗਰਾਮ ਦੌਰਾਨ ਬਲਜੀਤ ਬੈਂਸ ਵੱਲੋਂ ਇਨਕਲਾਬੀ ਗੀਤ "ਰਾਵੀ ਦਾ ਯਾਰ ਕੁੜੇ, ਭਗਤ ਸਿੰਘ ਸਰਦਾਰ ਕੁੜੇ, ਜਿਸ ਨੇ ਗਲ਼ ਪਾਇਆ ਸੀ, ਫ਼ਾਂਸੀ ਦਾ ਹਾਰ ਕੁੜੇ" ਅਤੇ "ਸਿਦਕ ਸਾਡੇ ਨੇ ਕਦੇ ਮਰਨਾ ਨਹੀਂ, ਸੱਚ ਦੇ ਸੰਗਰਾਮ ਨੇ ਹਰਨਾ ਨਹੀਂ" ਪੇਸ਼ ਕੀਤੇ ਗਏ। ਸਮੁੱਚੇ ਪ੍ਰੋਗਰਾਮ ਨੂੰ 'ਪੰਜਾਬੀ ਦੁਨੀਆਂ ਟੀ.ਵੀ.' ਵੱਲੋਂ ਆਪਣੇ ਚੈਨਲ ਉੱਪਰ ਲਾਈਵ-ਟੈਲੀਕਾਸਟ ਕੀਤਾ ਗਿਆ।। ਸਮਾਗ਼ਮ ਦੇ ਅਖ਼ੀਰ ਵਿਚ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੇ ਮੁੱਖ-ਬੁਲਾਰੇ ਪ੍ਰੋ. ਜਗਮੋਹਨ ਸਿੰਘ ਤੇ ਦੂਸਰੇ ਬੁਲਾਰੇ ਫ਼ਰਹਾ ਮਲਿਕ ਅਤੇ ਸਮੂਹ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਤੂੜੀ ਵਾਲਾ ਕੋਠਾ !



-ਹਰਮਨਪ੍ਰੀਤ ਸਿੰਘ-

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਚਾਹ ਪੱਤੀ ਬਜ਼ਾਰਾਂ 'ਚ ਲੱਕੜ ਜਾਂ ਕਿਹਾ ਲਈਏ ਹਲਕੀ ਪਲਾਈ ਦੀਆਂ ਬਣੀਆਂ ਚੌਰਸ ਪੇਟੀਆ 'ਚ ਆਇਆ ਕਰਦੀ ਸੀ। ਮੇਰੀਆਂ ਵੀ ਕਈ ਯਾਦਾਂ ਜੁੜੀਆਂ ਨੇ ਇਸ ਚਾਹ ਪੱਤੀ ਦੀਆਂ ਬਣੀਆਂ ਚੌਰਸ ਪੇਟੀਆ ਨਾਲ 'ਜੋ ਤਕਰੀਬਨ ਦੋ-ਢਾਈ ਫੁੱਟ ਹਲਕੀ ਪਲਾਈ ਦੀ ਚੌਰਸ ਅਕਾਰ ਦੀ ਤੇ ਚਾਰੇ ਪਾਸਿਓਂ ਇਕ ਲੋਹੇ ਦੀ ਪੱਤ੍ਰੀ ਨਾਲ ਮੜ੍ਹੀ ਹੁੰਦੀ ਸੀ। ਇਸ ਵਿਚ ਇਕ ਵੱਡਾ ਮੋਮੀ ਕਾਗਜ਼ ਹੁੰਦਾ ਸੀ ਜਿਸ ਵਿਚ ਖੁੱਲ੍ਹੀ ਚਾਹ ਪੱਤੀ ਹੁੰਦੀ ਤੇ ਉਤਲੇ ਪਾਸੇ ਇਕ ਵੱਡੇ ਫੋਆਇਲ ਪੇਪਰ ਨਾਲ ਸੀਲ ਕਰ ਉਪਰ ਫਿਰ ਪਲਾਈ ਲਗਾਈ ਹੁੰਦੀ ਸੀ।

ਖੈਰ ਅਸਲ ਗੱਲ ਕਹਾਣੀ 'ਤਾਂ ਉਨ੍ਹਾਂ ਭਲਿਆਂ ਵੇਲਿਆਂ 'ਚ ਔਖੇ-ਸੌਖੇ 'ਹੋ ਪਾਏ 'ਤੂੜੀ ਵਾਲੇ ਕੋਠੇ' ਦੀ ਹੈ, ਜਦੋਂ ਲੋਕਾ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ, ਸੀਮਤ ਆਮਦਨ ਤੇ ਸੀਮਤ ਜਹੇ ਖਰਚੇ ਹੁੰਦੇ ਸਨ। ਕੱਚਾ ਕੋਠਾ ਪਾਉਣਾ ਵੀ ਬੜਾ ਮਿਹਨਤ ਅਤੇ ਸੁਚੱਜ ਦਾ ਕੰਮ ਹੁੰਦਾ ਸੀ। ਪ੍ਰੰਤੂ ਇਥੇ 'ਚਾਹ ਪੱਤੀ ਵਾਲੀ ਪੇਟੀ' ਦਾ ਜ਼ਕਿਰ ਕਰਨਾ ਵੀ ਜ਼ਰੂਰੀ ਸੀ। ਸੋ ਹੁਣ ਗੱਲ ਕਰਦੇ ਹਾਂ, ਜਦੋਂ ਉਹ ਸਿੱਧੇ-ਪੱਧਰੇ ਅਤੇ ਸਾਦੇ ਵੇਲ਼ੇ ਹੁੰਦੇ ਸਨ, ਉਨ੍ਹਾਂ ਭਲਿਆਂ ਵੇਲਿਆਂ 'ਚ ਘਰ ਪਾਲ਼ੇ ਕੱਟੇ, ਵੱਛੇ, ਮੱਝਾ, ਗਾਵਾਂ ਨਾਲ਼ ਪਿਆਰ ਹੁੰਦਾ ਸੀ। ਆਪਣੇ ਰਹਿਣ ਲਈ ਬਣਾਈ ਥਾਂ ਨਾਲੋਂ ਮਾਲ-ਡੰਗਰ ਦੇ ਰੱਖ-ਰਖਾਓ ਦਾ ਵਧੇਰੇ ਫਿਕਰ ਹੁੰਦਾ ਤੇ ਨਾਲ ਹੀ ਉਨ੍ਹਾਂ ਦੇ ਕੱਖ-ਕੰਡੇ ਤੇ ਤੂੜੀ-ਤੰਦ ਦੀ ਸਾਂਭ-ਸੰਭਾਲ ਦਾ ਵੀ!

ਸੀਮਤ ਜਿਹੀ ਆਮਦਨ ਤੇ ਸੀਮਤ ਜਿਹੇ ਖਰਚਿਆਂ ਨਾਲ ਠੀਕ-ਠਾਕ ਜਿਹਾ ਗੁਜ਼ਾਰਾ ਹੋਈ ਜਾਂਦਾ ਸੀ, ਮੁਸ਼ਕਲ ਤਾਂ ਉਦੋਂ ਹੁੰਦੀ ਜਦੋਂ ਕੋਈ ਵੱਡਾ ਖਰਚਾ ਅਚਾਨਕ ਆ ਘੇਰਦਾ ਤੇ ਘਰ ਦਾ ਲਾਣੇਦਾਰ ਫਿਕਰਾਂ 'ਚ ਡੁੱਬ ਜਾਂਦਾ। ਪ੍ਰੰਤੂ ਉਹ ਆਪਣੀ ਫ਼ਿਕਰ ਦਾ ਜ਼ਿਕਰ ਕਿਸੇ ਕੋਲ ਨਾ ਕਰ ਸਿਰ ਪਈ ਸਮੱਸਿਆ ਦਾ ਹੱਲ ਲੱਭਣ 'ਚ ਜੁਟ ਜਾਂਦਾ। ਇਕ ਪਾਸੇ ਤਾਂ ਪੈਸੇ-ਟਕੇ ਤੋਂ ਹੱਥ ਤੰਗ ਤੇ ਦੂਜੇ ਪਾਸੇ ਅਚਾਨਕ ਖਸਤਾ ਹਾਲਤ ਹੋਏ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਕਿਸੇ ਅਚਨ-ਚੇਤ ਆਈ ਮੁਸੀਬਤ ਤੋਂ ਘੱਟ ਨਹੀਂ ਸੀ। ਹਾੜ੍ਹੀ ਦੀ ਫਸਲ ਦੀ ਸਾਂਭ ਸੰਭਾਲ ਮਗਰੋਂ ਸਭ ਤੋਂ ਪਹਿਲਾ ਕੰਮ ਮਾਲ-ਡੰਗਰ ਲਈ ਸਾਰੇ ਸਾਲ ਭਰ ਦੇ ਤੂੜੀ-ਤੰਦ ਦੀ ਸਾਂਭ-ਸੰਭਾਲ ਦਾ ਹੁੰਦਾ।

ਜ਼ਿੰਦਗੀ ਮਿੰਨੀ-ਮਿੰਨੀ ਚਾਲੇ ਚੱਲ ਰਹੀ ਸੀ, ਪੰਜ-ਚਾਰ ਮੱਝਾ, ਗਾਵਾਂ ਦੇ ਨਾਲ਼ ਦਸ-ਬਾਰਾਂ ਕਿੱਲਿਆਂ ਦੀ ਖੇਤੀ, ਪਰ ਉਨ੍ਹਾਂ ਸਮਿਆਂ 'ਚ ਪੈਸੇ-ਟਕੇ ਦੀ ਅਕਸਰ ਤੰਗੀ ਰਹਿੰਦੀ ਤੇ ਖੇਤੀ ਦੀ ਸੀਮਤ ਜਹੀ ਆਮਦਨ ਤੋਂ ਘਰ ਦੇ ਖਰਚ ਚਲਾਉਣੇ ਬੜੇ ਮੁਸ਼ਕਲ ਹੋਇਆ ਕਰਦੇ ਸਨ। ਹਾੜ੍ਹੀ ਦੀ ਫਸਲ ਆਉਣ ਤੋਂ ਪਹਿਲਾ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਸਾਡੇ ਲਈ ਕਿਸੇ ਮਹਿਲ ਦੇ ਢਹਿ ਜਾਣਾ ਤੋਂ ਘੱਟ ਨਹੀਂ ਸੀ ਅਤੇ ਹੁਣ ਸਭ ਤੋਂ ਜ਼ਰੂਰੀ ਸੀ ਇਸ ਕੋਠੇ ਦੀ ਮੁੜ ਉਸਾਰੀ, ਇਹ ਇਸ ਲਈ ਵੀ ਜ਼ਰੂਰੀ ਸੀ ਕਿ ਇਸ ਕੋਠੇ 'ਚ ਇਕਾ-ਦੁੱਕਾ ਖੇਤੀ ਦੇ ਸੰਦਾ ਤੋਂ ਬਿਨਾਂ ਡੰਗਰ, ਵੱਛਾ ਵੀ ਬੰਨ ਲਿਆ ਜਾਂਦਾ ਤੇ ਇਸ ਨੂੰ ਅਸੀਂ ਤੂੜੀ ਵਾਲਾ ਕੋਠਾ ਤਾਂ ਕਹਿੰਦੇ ਹੀ ਸਾਂ ਤੇ ਨਾਲ ਹੀ ਇਸ ਨੂੰ ਡੰਗਰਾਂ ਵਾਲਾ ਅੰਦਰ ਵੀ ਕਹਿ ਲਿਆ ਕਰਦੇ ਸਾਂ।

ਪਿੰਡ ਦੇ ਅੱਧ ਸੁੱਕੇ ਟੋਭੇ 'ਚੋਂ ਲਿਆਂਦੀ ਮਿੱਟੀ ਨਾਲ ਅਸਾਂ ਤੂੜੀ ਵਾਲੇ ਕੋਠੇ ਦੀਆ ਕੰਧਾਂ ਦੀ ਚਿਨਾਈ ਸ਼ੁਰੂ ਕਰ ਦਿੱਤੀ, ਕੰਧਾਂ ਦੀ ਉਸਾਰੀ ਲਈ ਇੱਟ ਪੂਰੀ -ਸੂਰੀ ਹੀ ਸੀ, ਸੋ ਜੋ ਟੋਟਾ, ਦੇਹਲੀ, ਅੱਧੀ ਪੋਣੀ ਇੱਟ ਸੀ ਸਾਰੀ ਕੰਧਾਂ ਦੀ ਚਿਨਾਈ 'ਚ ਲਗਾ, ਕੰਧਾਂ ਤਕਰੀਬਨ ਅੱਠ-ਨੌਂ ਫੁੱਟ ਉੱਚੀਆਂ ਕਰ ਲਈਆਂ ਸਨ। ਜਮੋਏ ਦੀ ਲੱਕੜ ਦੇ ਤਿੰਨ ਸ਼ਤੀਰਾਂ ਨਾਲ ਚਾਰ ਖਣਾਂ ਦਾ ਤੂੜੀ ਵਾਲਾ ਕੋਠਾ ਤਾਂ ਖੜ੍ਹਾ ਕਰ ਲਿਆ ਸੀ, ਪਰ ਕੋਠੇ ਦੀਆਂ ਕੰਧਾਂ 'ਤੇ ਰੱਖੇ ਛੱਤ ਪਾਉਣ ਲਈ ਸ਼ਤੀਰਾਂ 'ਤੇ ਪੂਰੇ-ਸੂਰੇ ਬਾਲਿਆ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਜ ਤਾਂ ਕੋਠੇ ਦੀਆ ਕੰਧਾਂ ਉੱਤੇ ਸ਼ਤੀਰ, ਸ਼ਤੀਰਾਂ ਉੱਤੇ ਬਾਲੇ ਤੇ ਬਾਲਿਆਂ ਉੱਤੇ ਇੱਟ-ਟਾਈਲ ਹੀ ਪੈਣੀ ਚਾਹੀਦੀ ਸੀ, ਪਰ ਤੰਗਦਸਤੀ ਕਾਰਨ ਕਿਤੋਂ ਵੀ ਨਵੀਂ-ਪੁਰਾਣੀ ਇੱਟ-ਟਾਈਲ ਲਿਆਉਣ ਦੀ ਹਿੰਮਤ ਨਾ ਪਈ।

ਇਸ ਤਰ੍ਹਾਂ ਕਿਵੇਂ ਵੀ ਇੱਟ-ਟਾਈਲ ਦਾ ਇੰਤਜ਼ਾਮ ਨਹੀਂ ਸੀ ਹੋ ਰਿਹਾ। ਅਚਾਨਕ ਖੱਦਰ ਦੇ ਗਲਾਸ 'ਚ ਚਾਹ ਪੀਂਦੇ ਸਾਡੇ ਲਾਣੇਦਾਰ ਦੇ ਦਿਮਾਗ 'ਚ ਸਕੀਮ ਆਈ ਕਿ ਕਿਉਂ ਨਾ ਬਾਲਿਆਂ ਦੀ ਛੱਤ 'ਤੇ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਪਾ ਦਿੱਤੀ ਜਾਵੇ। ਬਸ, ਦਿਨ ਚੜ੍ਹਦੀ ਹੀ ਅਸੀਂ ਲਾਣੇਦਾਰ ਨਾਲ ਸ਼ਹਿਰ ਨੂੰ ਹੋ ਤੁਰੇ ਤੇ ਪੰਜ, ਸੱਤ ਪਰਚੂਨ ਦੀਆਂ ਹੱਟੀਆਂ ਤੋਂ ਅੱਠ-ਦਸ ਚਾਹ ਪੱਤੀ ਦੀਆਂ ਖਾਲੀ ਪੇਟੀਆ ਦਾ ਇੰਤਜ਼ਾਮ ਕਰ ਕੇ ਸ਼ਾਮਾਂ ਤੱਕ ਘਰ ਪਰਤ ਆਏ। ਅਗਲੇ ਦਿਨ ਅਸਾਂ ਤੂੜੀ ਵਾਲੇ ਕੋਠੇ ਦੇ ਬਾਲਿਆਂ ਤੇ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਖੋਲ ਉਨ੍ਹਾਂ ਦੀ ਕੱਚੀ-ਪੱਕੀ ਪਲਾਈ ਰੱਖ ਦਿੱਤੀ ਤੇ ਨਾਲ ਹੀ ਉਨ੍ਹਾਂ ਚਾਹ ਪੱਤੀ ਦੀਆਂ ਖਾਲੀ ਪੇਟੀਆਂ 'ਚੋਂ ਨਿਕਲਿਆ ਮੋਮੀ ਕਾਗਜ ਉੱਤੇ ਵਿਛਾ ਦਿੱਤਾ। ਹੁਣ ਕੋਠੇ ਪ੍ਰਤੀ ਸਾਡਾ ਫਿਕਰ ਮੁੱਕਣ ਕੰਢੇ ਸੀ। ਬਾਲਿਆਂ 'ਤੇ ਰੱਖੀ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਤੇ ਮੋਮੀ ਕਾਗਜ ਤੋਂ ਬਾਅਦ ਟੋਬੇ ਤੋਂ ਲਿਆਂਦੀ ਮਿੱਟੀ 'ਚ ਤੂੜੀ ਰਲਾ ਤੇ ਹੋਲੀ-ਹੋਲੀ ਬਾਲਿਆ, ਸ਼ਤੀਰਾਂ 'ਤੇ ਪੈਰ ਟਕਾ ਮਿੱਟੀ ਪਾਉਣ ਮਗਰੋਂ ਉੱਪਰ ਮਿੱਟੀ ਤੂੜੀ ਰਲਾ ਪੋਚ ਲਗਾ ਦਿੱਤਾ ਤੇ ਸਾਡਾ ਤੂੜੀ ਵਾਲਾ ਕੋਠ ਤਿਆਰ ਹੋ ਗਿਆ।

ਫਿਰ ਅਸਾਂ ਉਹ ਇਕ ਦਰਵਾਜ਼ੇ 'ਤੇ ਇਕ ਛੋਟੀ ਜਹੀ ਖਿੜਕੀ ਵਾਲਾ ਕੋਠਾ ਤੂੜੀ ਨਾਲ ਭਰ ਦਿੱਤਾ। ਮੈਨੂੰ ਯਾਦ ਹੈ ਕਿ ਉਹ ਤੂੜੀ ਵਾਲਾ ਕੋਠਾ ਆਪਣੀ ਜਗ੍ਹਾ 'ਤੇ ਬਾਰਾਂ-ਤੇਰਾ ਸਾਲ ਜਿਉਂ ਦਾ ਤਿਉਂ ਖੜ੍ਹਾ ਰਿਹਾ, ਨਾ ਢਹਿਆ ਤੇ ਨਾ ਹੀ ਮੀਂਹ-ਕਣੀ 'ਚ ਕਦੀ ਚੋਇਆ। ਹਾਂ ਇਕ ਸਖ਼ਤ ਹਦਾਇਤ ਸੀ, ਸਭ ਨੂੰ ਕਿ ਤੂੜੀ ਵਾਲੇ ਕੋਠੇ ਦੇ ਉੱਤੇ ਕਿਸੇ ਚੜ੍ਹਨਾ ਨਹੀਂ!

## ਮਿੰਨੀ ਕਹਾਣੀ

### ਉਹ ਆਪਣੇ

-ਸੁਮਨ ਓਬਰਾਏ-

ਉਨ੍ਹਾਂ ਨੂੰ ਕੈਂਸਰ ਹੋ ਗਿਆ ਤੇ ਆਈ ਸੀ ਯੂ ਵਿੱਚ ਦਾਖਲ ਸਨ। ਅਚਾਨਕ ਮਿਲਣ ਆਏ ਦੋ ਮੁੰਡਿਆਂ ਨੂੰ ਵੇਖ ਕੇ ਉਹ ਹੈਰਾਨ ਸਨ, ਕਿਉਂਕਿ ਉਹ ਉਨ੍ਹਾਂ ਨੂੰ ਪਛਾਣ ਨਹੀਂ ਸਕੇ ਸਨ।ਉਨ੍ਹਾਂ ਨੂੰ ਚੁੱਪ ਅਤੇ ਹੈਰਾਨ ਵੇਖ ਕੇ ਦੋਵੇਂ ਮੁੰਡੇ ਕੁਝ ਘਬਰਾ ਜਿਹੇ ਗਏ। ਕੁਝ ਪਲ ਦੋਵਾਂ ਪਾਸਿਉਂ ਖਾਮੋਸ਼ੀ ਰਹੀ। ਖਾਮੋਸ਼ੀ ਤੋੜਦਿਆਂ ਉਨ੍ਹਾਂ ਵਿੱਚੋਂ ਇੱਕ ਜਣਾ ਬੋਲਿਆ, ''ਚਾਚਾ ਜੀ, ਮੈਂ ਸੁਧੀਰ। ਤੁਹਾਡੇ ਵੱਡੇ ਭਰਾ ਦਾ ਮੁੰਡਾ ਅਤੇ ਇਹ ਛੋਟੇ ਚਾਚਾ ਜੀ ਮੁੰਡਾ, ਪੁਨੀਤ। ਤੁਹਾਡੀ ਬਿਮਾਰੀ ਬਾਰੇ ਸੁਣ ਕੇ ਸਾਨੂੰ ਬੜੀ ਚਿੰਤਾ ਹੋਈ।''

ਏਧਰ-ਓਧਰ ਦੀਆਂ ਕੁਝ ਗੱਲਾਂ ਪਿੱਛੋਂ ਪੁਨੀਤ ਬੋਲਿਆ, ''ਚਾਚਾਜੀ, ਅਸੀਂ ਤਾਂ ਤੁਹਾਨੂੰ ਇਹੋ ਸਲਾਹ ਦਿਆਂਗੇ ਕਿ ਤੁਹਾਨੂੰ ਆਪਣੀ ਵਸੀਅਤ ਬਣਾ ਲੈਣੀ ਚਾਹੀਦੀ ਹੈ। ਤੁਸੀਂ ਤਾਂ ਵਿਆਹ ਕੀਤਾ ਨਹੀਂ। ਤੁਹਾਡਾ ਪਰਵਾਰ ਤਾਂ ਹੈ ਨਹੀਂ। ਤੁਸੀਂ ਹਮੇਸ਼ਾ ਚੰਗੇ ਅਹੁਦੇ ਉੱਤੇ ਰਹੇ। ਪੈਸੇ ਦੀ ਕੋਈ ਕਮੀ ਨਹੀਂ ਤੁਹਾਨੂੰ। ਪਿੱਛੋਂ ਬਹੁਤ ਲੋਕ ਖੜ੍ਹੇ ਹੋ ਜਾਣਗੇ, ਕੀ ਲਾਭ ਕੋਰਟ-ਕਚਹਿਰੀ ਦੇ ਚੱਕਰ ਲੱਗਣਗੇ, ਤੁਹਾਡਾ ਪਰਵਾਰ ਤਾਂ ਤੁਹਾਡੇ ਦੋਵੇਂ ਭਰਾ ਹੀ ਹਨ ਨਾ।''

ਉਹ ਚੁੱਪਚਾਪ ਸੁਣਦੇ ਰਹੇ। ਫਿਰ ਕਿਹਾ, ''ਬੇਟਾ, ਮੇਰੀ ਪਤਨੀ ਦੀ ਮੌਤ ਪਿੱਛੋਂ ਜਦੋਂ ਮੈਂ ਕਿਹਾ ਕਿ ਦੂਜਾ ਵਿਆਹ ਨਹੀਂ ਕਰਨਾ ਚਾਹੁੰਦਾ ਤਾਂ ਭਰਾਵਾਂ ਨੇ ਕਹਿ ਦਿੱਤਾ ਕਿ ਮੈਂ ਆਪਣੀ ਜ਼ਿੰਮੇਵਾਰੀ ਆਪੇ ਚੁੱਕਾਂ। ਅਜਿਹਾ ਕਹਿ ਕੇ ਉਨ੍ਹਾਂ ਨੇ ਮੈਨੂੰ ਘਰੋਂ ਅੱਡ ਹੀ ਨਹੀਂ ਕੀਤਾ, ਮੇਰੇ ਨਾਲੋਂ ਨਾਤਾ ਵੀ ਤੋੜ ਲਿਆ। ਦੋ ਸਾਲ ਇਕੱਲੇ ਰਹਿਣ ਪਿੱਛੋਂ ਮੈਂ ਦੋ ਅਨਾਥ ਬੱਚਿਆਂ ਨੂੰ ਗੋਦ ਲੈ ਲਿਆ, ਇੱਕ ਬੇਟਾ, ਇੱਕ ਬੇਟੀ। ਉਨ੍ਹਾਂ ਨੂੰ ਪੜ੍ਹਾਇਆ ਲਿਖਾਇਆ, ਉਨ੍ਹਾਂ ਦੇ ਵਿਆਹ ਕੀਤੇ। ਉਹੀ ਮੇਰਾ ਪਰਵਾਰ ਹਨ। ਇਸੇ ਸ਼ਹਿਰ ਵਿੱਚ ਹਨ। ਉਹ ਹੀ ਮੇਰੀ ਦੇਖਭਾਲ ਵੀ ਕਰ ਰਹੇ ਹਨ। ਮੈਂ ਵਸੀਅਤ ਕਰ ਚੁੱਕਾ ਹਾਂ। ਦੋਵਾਂ ਵਿੱਚ ਪੈਸਾ ਵੰਡ ਚੁੱਕਾ ਹਾਂ।''

ਬੋਲਦਿਆਂ ਬੋਲਦਿਆਂ ਉਨ੍ਹਾਂ ਨੂੰ ਥਕਾਵਟ ਮਹਿਸੂਸ ਹੋਈ। ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ। ਕੁਝ ਪਲਾਂ ਪਿੱਛੋਂ ਜਦੋਂ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ, ਤਾਂ ਵੇਖਿਆ, ਦੋਵੇਂ ਜਾ ਚੁੱਕੇ ਸਨ।

## ਵਿਅੰਗ

# ਆਲਸੀ ਸ੍ਰੀਮਾਨਾਂ ਦੀ ਤਾਰੀਫ ਵਿੱਚ

-ਨੂਰ ਸੰਤੋਖਪੁਰੀ-

ਆਲਸੀ ਲੋਕਾਂ ਦੀ ਆਪਣੀ ਵਿਲੱਖਣ, ਦਿਲਚਸਪ ਤੇ ਅੱਵਲ ਦਰਜੇ ਦੀ ਵਿਚਾਰਧਾਰਾ ਹੁੰਦੀ ਹੈ, ''ਕੰਮ ਹੈ ਹਰਾਮ। ਸਭ ਤੋਂ ਵੱਡਾ ਸੁੱਖ ਹੈ ਆਰਾਮ। ਸੁਬ੍ਹਾ ਹੋਵੇ ਜਾਂ ਸ਼ਾਮ, ਕੰਮ ਦਾ ਨਹੀਂ ਲੈਣਾ ਨਾਮ।''

ਆਲਸੀ ਬੰਦਿਆਂ ਦਾ ਕਿਸਮਤ ਅਤੇ ਰੱਬ ਉੱਤੇ ਪੂਰਾ ਭਰੋਸਾ ਹੁੰਦਾ ਹੈ। ਉਹ ਸਭ ਤੋਂ ਵੱਡੇ ਮੋਮਨ (ਆਸਤਿਕ) ਤੇ ਆਸ਼ਾਵਾਦੀ ਹੁੰਦੇ ਹਨ। ਉਹ ਆਪਣੇ ਨੇੜੇ ਨਾਸਤਿਕਤਾ ਤੇ ਨਿਰਾਸ਼ਾ ਨੂੰ ਬੈਠਣ ਜਾਂ ਲੇਟਣ ਨਹੀਂ ਦਿੰਦੇ। ਕਈ ਕਈ ਘੰਟੇ ਮੰਜੇ ਉੱਤੇ ਲੇਟੇ-ਲੇਟੇ ਜਾਂ ਫਿਰ ਕੁਰਸੀ, ਸੋਫਾ ਵਗੈਰਾ ਉੱਤੇ ਬੈਠੇ-ਬੈਠੇ ਆਪਣੇ ਭਰੋਸੇ ਨੂੰ ਮਜ਼ਬੂਤ ਕਰਦੇ ਰਹਿੰਦੇ ਹਨ। ਰੱਬ ਦਾ ਨਾਂਅ ਜਪਦੇ ਰਹਿੰਦੇ ਹਨ। 'ਆਰਾਮ ਹੈ ਹਰਾਮ' ਅਤੇ 'ਕੰਮ ਹੀ ਪੂਜਾ, ਆਲਸ ਰੋਗਾਂ ਦਾ ਨਾਂਅ ਦੂਜਾ' ਦੇ ਵਿਸ਼ਵਾਸੀ ਲੋਕਾਂ ਕੋਲ ਮੰਜੀਆਂ ਤੋੜਨ, ਰੱਬ ਦਾ ਨਾਂਅ ਜਪਣ ਦਾ ਸਮਾਂ ਭਾਵੇਂ ਨਾ ਹੋਵੇ, ਪਰ ਆਲਸੀ ਤੇ ਕੰਮਚੋਰਾਂ ਕੋਲ ਕਾਫੀ ਸਮਾਂ ਹੁੰਦਾ ਹੈ। ਕੋਈ ਕੰਮ-ਧੰਦਾ ਕਰਨ ਦੀ ਨਸੀਹਤ, ਸਲਾਹ ਆਦਿ ਦੇਣ ਉੱਤੇ ਅੱਗੋਂ ਪ੍ਰਵਚਨ ਕਰਨ ਲੱਗ ਜਾਂਦੇ ਹਨ।

ਆਲਸ ਨੂੰ ਚਾਹੁਣ ਅਤੇ ਵਿਛਾਉਣ ਵਾਲੇ ਆਪਣੇ ਹੰਝੂਆਂ, ਭੋਲੇਪਣ ਅਤੇ ਮਾਸੂਮੀਅਤ ਨਾਲ ਦੂਸਰਿਆਂ ਦਾ ਸਹਾਰਾ, ਸਹਾਇਤਾ ਤੇ ਹਮਦਰਦੀ ਹਾਸਲ ਕਰ ਲੈਂਦੇ ਨੇ। ਆਪਣੇ ਹਿੱਸੇ ਦੇ ਕੰਮ ਬਾਕੀਆਂ ਤੋਂ ਕਰਵਾ ਲੈਂਦੇ ਨੇ। ਇਨ੍ਹਾਂ ਨੂੰ ਹੋਰ ਲੋਕਾਂ ਨੂੰ ਜਜ਼ਬਾਤੀ, ਹਿਪਨੋਟਾਈਜ਼ ਕਰਨਾ ਆਉਂਦਾ ਹੈ। ਮਿੱਠੀਆਂ ਗੱਲਾਂ ਦੇ ਜਾਲ ਵਿੱਚ ਫਸਾਉਣਾ ਆਉਂਦਾ ਹੈ। ਆਲਸੀ ਆਦਮੀ ਚੁਸਤ ਤਾਂ ਹੁੰਦਾ ਨਹੀਂ, ਹੱਦ ਦਰਜੇ ਦਾ ਚਲਾਕ, ਕਮੀਨਾ ਜ਼ਰੂਰ ਹੁੰਦਾ ਹੈ। ਉਹ ਕੋਈ ਕੰਮ-ਧੰਦਾ ਕਰਨ ਵਿੱਚ ਆਪਣੀ ਦੇਹ ਦੀ ਚਰਬੀ (ਊਰਜਾ) ਭਾਵੇਂ ਨਾ ਖਰਚ ਕਰੇ, ਪਰ ਬਹਾਨੇ ਬਣਾਉਣ ਵਿੱਚ ਆਪਣੇ ਦਿਮਾਗ ਦੀ ਚਰਬੀ ਖਰਚ ਕਰ ਲੈਂਦਾ ਹੈ। ਆਪਣਾ ਸਿਰ, ਆਪਣੀਆਂ ਲੱਤਾਂ ਤੱਕ ਦੂਜਿਆਂ ਤੋਂ ਘੁਟਵਾ ਲੈਂਦਾ ਹੈ। ਦੁਨੀਆ ਭਰ ਵਿੱਚ ਜਿੰਨੇ ਕੰਮਾਂ ਤੋਂ ਜੀਅ ਚੁਰਾਉਣ ਦੇ ਜਾਂ ਉਕਾ ਹੀ ਕੰਮ ਨਾ ਕਰਨ ਦੇ ਬਹਾਨੇ ਹਨ, ਜੁਗਤਾਂ ਹਨ, ਇਨ੍ਹਾਂ ਸਭ ਦੇ ਜਨਮਦਾਤਾ ਇਹ ਤਮਾਮ ਆਲਸੀ ਅਤੇ ਕੰਮਚੋਰ ਹੀ ਹੁੰਦੇ ਨੇ। ਇਨ੍ਹਾਂ ਦਾ ਅਸੂਲ ਤੇ ਗ੍ਰੇਟ ਫਲਸਫਾ ਇਹ ਹੁੰਦਾ ਹੈ, ''ਅੱਜ ਦਾ ਕੰਮ ਕੱਲ੍ਹ ਕਰੋ। ਕੱਲ੍ਹ ਦਾ ਪਰਸੋਂ ਤੇ ਪਰਸੋਂ ਦਾ ਹਫਤੇ ਪਿੱਛੋਂ ਕਰੋ। ਜ਼ਿਆਦਾ ਜ਼ਰੂਰੀ ਕੰਮ ਸਾਲ ਬਾਅਦ ਕਰੋ।''

ਇਸ ਕਾਰਨ ਇਨ੍ਹਾਂ ਦੇ ਘਰ ਪਸ਼ੂਆਂ ਦੇ ਵਾੜੇ ਜਾਂ ਕਬਾੜੀਆਂ ਦੇ ਕਬਾੜਖਾਨਿਆਂ ਵਰਗੇ ਨਜ਼ਰ ਆਉਂਦੇ ਹਨ। ਜਿਨ੍ਹਾਂ ਦਫਤਰਾਂ ਵਿੱਚ ਇਹ ਨੌਕਰੀ ਕਰਦੇ ਹਨ, ਉਨ੍ਹਾਂ ਵਿੱਚ ਇਨ੍ਹਾਂ ਦੇ ਹਿੱਸੇ ਦੇ ਕੰਮਾਂ ਤੇ ਫਾਈਲਾਂ ਦੇ ਢੇਰ ਲੱਗ ਜਾਂਦੇ ਹਨ। ਇਨ੍ਹਾਂ ਦੀ ਲੇਟਲਤੀਫੀ, ਨਾਂਹ ਨੁੱਕਰ, ਬਹਾਨੇਬਾਜ਼ੀ ਟੱਬਰ, ਸਮਾਜ, ਮੁਲਕ ਨੁੱਕਰੇ ਲਾਈ ਰੱਖਦੀ ਹੈ। ਇਨ੍ਹਾਂ ਦੀਆਂ ਮਿੱਠੀਆਂ ਗੱਲਾਂ, ਭੋਲੀਆਂ ਸੂਰਤਾਂ ਤੋਂ ਪ੍ਰਭਾਵਤ ਹੋ ਕੇ, ਪਸੀਜ ਕੇ ਉਦਮੀ-ਮਿਹਨਤੀ ਲੋਕ ਕਦੋਂ ਤੱਕ ਇਨ੍ਹਾਂ ਦੇ ਹਿੱਸੇ ਦੇ ਕੰਮ-ਧੰਦੇ ਕਰਦੇ ਰਹਿਣ। ਇਨ੍ਹਾਂ ਦੇ ਸੌ-ਸੌ ਬਹਾਨੇ ਸੁਣਦੇ ਰਹਿਣ? ਸੌ-ਸੌ ਨਖਰੇ ਸਹਿੰਦੇ ਰਹਿਣ? ਕਦੋਂ ਤੱਕ ਇਨ੍ਹਾਂ ਦੇ ਹਿੱਸੇ ਦੀਆਂ ਫਾਈਲਾਂ ਨਿਪਟਾਉਂਦੇ ਰਹਿਣ? ਹਰ ਖੇਤਰ ਅਤੇ ਕੰਮ ਵਿੱਚ ਆਲਸੀ ਬੰਦੇ ਫਾਡੀ ਸਿੱਧ ਹੁੰਦੇ ਨੇ। ਘਰਵਾਲਿਆਂ ਅਤੇ ਦਫਤਰ ਦੇ ਬੌਸ ਕੋਲੋਂ ਲਾਹਨਤਾਂ, ਫਿਟਕਾਰਾਂ, ਝਿੜਕਾਂ ਸੁਣਨ ਵਿੱਚ ਅੱਗੇ ਰਹਿੰਦੇ ਹਨ।

ਆਲਸੀ ਲੋਕ ਨਾ ਸਿਰਫ ਤਰੱਕੀ ਤੇ ਖੁਸ਼ਹਾਲੀ ਦੇ ਵੈਰੀ ਹੁੰਦੇ ਹਨ, ਸਗੋਂ ਇਹ ਆਪਣੀ ਸਿਹਤ ਅਤੇ ਤੰਦਰੁਸਤੀ ਦੇ ਵੀ ਦੁਸ਼ਮਣ ਹੁੰਦੇ ਹਨ। 'ਕੰਮ ਦੇ ਨਾ ਕਾਜ ਦੇ, ਦੁਸ਼ਮਣ ਅਨਾਜ ਦੇ, ਦੇਸ਼ ਸਮਾਜ ਦੇ।'' ਇਨ੍ਹਾਂ ਦੀ ਆਦਤ 'ਮਨ ਹਰਾਮੀ, ਹੁੱਜਤਾਂ ਢੇਰ', 'ਆਖਾ ਮੋੜਨਾ ਨਹੀਂ, ਡੱਕਾ ਤੋੜਨਾ ਨਹੀਂ' ਵਾਲੀ ਹੁੰਦੀ ਹੈ।


ਕੋਰੋਨਾ ਤਾਲਾਬੰਦੀ, ਕਰਫਿਊ ਦੌਰਾਨ 'ਵਰਕ ਫਰਾਮ ਹੋਮ' ਨੀਤੀ ਨੇ ਆਲਸੀ ਲੋਕਾਂ ਦੀ ਨੀਤ ਵਿੱਚ ਖੋਟ ਤੇ ਸਿਹਤ ਵਿੱਚ ਸੁਸਤੀ ਕੁੱਟ ਕੁੱਟ ਕੇ ਭਰ ਦਿੱਤੀ। ਇਨ੍ਹਾਂ ਵੱਲੋਂ ਲਈਆਂ ਜਾਂਦੀਆਂ ਉਬਾਸੀਆਂ ਅਤੇ ਅੰਗੜਾਈਆਂ ਦੀ ਗਿਣਤੀ ਕਈ ਗੁਣਾਂ ਵਧ ਗਈ। ਉਂਝ ਵੀ ਤਮਾਮ ਸੁਸਤ, ਢਿੱਲੇ-ਢਿੱਲੇ, ਢਿੱਡਲ, ਆਲਸੀ ਲੋਕਾਂ ਦਾ ਸੁਭਾਅ ਪੈਰ ਪਸਾਰ ਕੇ ਸੌਣਾ ਤੇ ਦਿਨ ਵਿੱਚ ਦੁਪਹਿਰ ਵੇਲੇ ਜਾਗਣ-ਉਠਣ ਦਾ ਹੁੰਦਾ ਹੈ। ਫੋਨ, ਕੰਪਿਊਟਰ, ਲੈਪਟਾਪ ਕਲਚਰ ਨੇ ਅਨੇਕ ਲੋਕਾਂ ਨੂੰ ਦੇਰ ਰਾਤ ਤੱਕ ਜਾਗਣ ਦਾ ਆਦੀ ਬਣਾ ਦਿੱਤਾ। 'ਅਰਲੀ ਟੂ ਬੈੱਡ, ਅਰਲੀ ਟੂ ਰਾਈਜ, ਮੇਕਸਕ ਹੈਲਥੀ-ਵੈਲਥੀ ਐਂਡ ਵਾਈਜ਼' ਦੀ ਜਗ੍ਹਾ 'ਨੋ ਅਰਲੀ ਟੀ ਬੈੱਡ, ਨੋ ਅਰਲੀ ਟੂ ਰਾਈਜ, ਨੋ ਐਕਸਰਸਾਈਜ਼, ਨੋ ਐਕਟੀਵਿਟੀ, ਨੋ ਅਰਲੀ ਵਰਕ ਇਜ ਰਾਈਟ' ਕਥਨ ਨੂੰ ਸੌ ਫੀਸਦੀ ਸਹੀ ਮੰਨਣ ਵਾਲਿਆਂ ਦੀ ਗਿਣਤੀ ਹਰ ਦਿਨ ਵਧੀ ਜਾਂਦੀ ਹੈ। ਇੱਕ ਸਰਵੇਖਣ ਮੁਤਾਬਕ 41 ਫੀਸਦੀ ਬਾਲਗ (18-69 ਸਾਲ ਉਮਰ ਵਰਗ ਦੇ ਭਾਰਤੀ) ਕਿਸੇ ਕਿਸਮ ਦੀ ਵਰਜ਼ਿਸ਼ (ਕਸਰਤ) ਨਹੀਂ ਕਰਦੇ।

ਨਤੀਜੇ ਵਜੋਂ ਅਨੇਕ ਭਾਰਤੀਆਂ ਨੂੰ ਮੋਟਾਪੇ ਦਾ ਰਿੱਛ ਜੱਫੇ ਵਿੱਚ ਲੈ ਰਿਹਾ ਹੈ। ਹਾਈ ਬਲੱਡਪ੍ਰੈਸ਼ਰ, ਸ਼ੂਗਰ, ਦਿਲ ਦੇ ਰੋਗ, ਜੋੜਾਂ ਦੇ ਰੋਗ, ਹੌਂਕਣੀ ਚੜ੍ਹਨ, ਹੱਡੀਆਂ ਤੇ ਪੱਠਿਆਂ ਦੀ ਕਮਜ਼ੋਰੀ ਦੇ ਰੋਗ ਬਹੁਤ ਸਾਰੇ ਲੋਕਾਂ ਨੂੰ ਜੋਕਾਂ ਵਾਂਗ ਚਿੰਬੜੇ ਹੋਏ ਹਨ। ਡਾਕਟਰ ਦੀਆਂ ਦੁਕਾਨਾਂਅਤੇ ਛੋਟੇ-ਵੱਡੇ ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਰੌਣਕਾਂ ਲੱਗੀਆਂ ਹੁੰਦੀਆਂ ਹਨ। ਪੰਜ ਤੇ ਸੱਤ ਸਿਤਾਰਾ ਹੋਟਲਾਂ ਵਰਗੇ ਸਪੈਸ਼ਲ, ਸੁਪਰ ਤੇ ਮਲਟੀ ਸਪੈਸ਼ਲ ਹਸਪਤਾਲ ਧੜਾਧੜ ਚੱਲ ਰਹੇ ਹਨ। ਪਹਿਲਾਂ ਤੋਂ ਖੁੱਲ੍ਹੇ ਹੋਏ ਖੂਬ ਚੱਲਦੇ ਹਨ। ਦਵਾਈਆਂ ਬਣਾਉਣ ਤੇ ਵੇਚਣ ਵਾਲਿਆਂ ਅਤੇ ਮੈਡੀਕਲ ਟੈਸਟ ਕਰਨ ਵਾਲਿਆਂ ਦੇ ਵਾਰੇ-ਨਿਆਰੇ ਹੋ ਰਹੇ ਹਨ। ਚਾਹ ਦੀਆਂ ਦੁਕਾਨਾਂ ਅਤੇ ਪਾਨ ਦੇ ਖੋਖਿਆਂ ਤੋਂ ਕਿਤੇ ਜ਼ਿਆਦਾ ਕੈਮਿਸਟਾਂ ਦੀਆਂ ਦੁਕਾਨਾਂ ਖੁੱਲ੍ਹ ਚੁੱਕੀਆਂ ਹਨ। ਆਲਸੀ ਲੋਕਾਂ ਦੀ ਰੇਲ ਗੱਡੀ, ਬਸ ਆਦਿ ਛੁੱਟ ਜਾਂਦੀ ਹੈ। ਲੱਗੀ ਹੋਈ ਯਾਰੀ ਟੁੱਟ ਜਾਂਦੀ ਹੈ। ਹਵਾਈ ਅੱਡੇ ਉੱਤੇ ਪੁੱਜਣ ਵਿੱਚ ਦੇਰ ਕਰ ਦਿੰਦੇ ਨੇ ਤੇ ਜਹਾਜ਼ ਫੁ-ਰੁ-ਰੁ ਉਡ ਜਾਂਦਾ ਏ। ਇਹ 'ਕਾਰਵਾਂ ਗੁਜ਼ਰ ਗਿਆ ਔਰ ਗੁਬਾਰ ਦੇਖਦੇ ਰਹੇ' ਗੀਤ ਦੀਆਂ ਤੁਕਾਂ ਗੁਣਗੁਣਾ ਕੇ ਆਪਣੇ ਦਿਲਾਂ ਨੂੰ ਹੌਸਲੇ ਦੇ ਲੈਂਦੇ ਹਨ। ਬੱਲੇ-ਬੱਲੇ। ਨਹਾਉਣ-ਧੋਣ ਤੋਂ ਇਨ੍ਹਾਂ ਨੂੰ ਬਹੁਤ ਡਰ ਲੱਗਦਾ ਹੈ। ਅੱਵਲ ਨੰਬਰ ਦੇ ਆਲਸੀ ਤਾਂ ਆਪਣੀ ਹੀ ਸ਼ਾਦੀ ਕਰਵਾਉਣ ਵਿੱਚ ਲੇਟ ਹੋ ਜਾਂਦੇ ਹਨ। ਸ਼ਾਦੀ ਦੇ ਮੰਡਪ ਵਿੱਚ ਦੇਰ ਨਾਲ ਪੁੱਜਦੇ ਹਨ। ਲਾੜੀਆਂ ਦੇ ਮਾਪਿਆਂ ਦਾ ਮਨ ਕਰਦਾ ਹੈ ਕਿ ਜੁੱਤੀ ਲਾਹ ਕੇ ਜੁਆਈ ਮਹਾਰਾਜਿਆਂ ਦੀ 'ਆਓ ਭਗਤ' ਕੀਤੀ ਜਾਵੇ, ਪਰ ਉਹ ਅਜਿਹਾ ਨਹੀਂ ਕਰ ਪਾਉਂਦੇ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org


IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਭਗਵੰਤ ਮਾਨ ਸਰਕਾਰ ਦੇ ਮੁੱਢਲੇ ਕਦਮ





ਜਤਿੰਦਰ ਪੰਨੂ

ਜਦੋਂ ਵੀ ਕਿਸੇ ਰਾਜ ਵਿੱਚ ਕੋਈ ਨਵੀਂ ਸਰਕਾਰ ਬਣਦੀ ਹੈ, ਉਸ ਦੇ ਪਹਿਲੇ ਦਿਨੀਂ ਨਵੀਂ ਵਿਆਹੀ ਨੂੰਹ ਦੇ ਚਾਅ ਵਰਗਾ ਚਾਅ ਜਿਹਾ ਚੜ੍ਹਿਆ ਹੁੰਦਾ ਹੈ। ਕੁਝ ਦਿਨ ਲੰਘਣ ਪਿੱਛੋਂ ਹਕੀਕਤਾਂ ਦੇ ਦਰਸ਼ਨ ਹੁੰਦੇ ਹਨ। ਪੰਜਾਬ ਦੀ ਨਵੀਂ ਬਣੀ ਸਰਕਾਰ ਅਜੇ ਮੁੱਢਲੇ ਦਿਨਾਂ ਵਿੱਚ ਹੈ। ਇਹ ਲਿਖਤ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਦੇ ਖਟਕੜ ਕਲਾਂ ਵਿੱਚ ਹੋਏ ਸਹੁੰ ਚੁੱਕ ਸਮਾਗਮ ਦੇ ਗਿਆਰਵੇਂ ਦਿਨ ਲਿਖਣ ਵੇਲੇ ਦੋ ਕਿਸਮ ਦੇ ਪ੍ਰਭਾਵ ਹਨ। ਇੱਕ ਪ੍ਰਭਾਵ ਇਹ ਕਿ ਇਸ ਦੇ ਵਿਰੋਧੀਆਂ ਨੇ ਇਸ ਨੂੰ ਸਰਕਾਰੀ ਕੰਮ ਵੀ ਸੰਭਾਲਣ ਤੋਂ ਪਹਿਲਾਂ ਹੀ ਘੇਰਨਾ ਆਰੰਭ ਕਰ ਦਿੱਤਾ ਹੈ ਅਤੇ ਓਦੋਂ ਘੇਰਿਆ ਜਾਣ ਲੱਗਾ ਹੈ, ਜਦੋਂ ਅਜੇ ਮਸਾਂ ਅੱਧੀ ਦਰਜਨਅਫਸਰ ਇਸ ਨੇ ਬਦਲੇ ਹਨ, ਬਾਕੀ ਸਾਰੇ ਪਹਿਲੇ ਹਾਕਮਾਂ ਦੇ ਲਾਏ ਤੇ ਉਨ੍ਹਾਂ ਵਾਲੀ ਚਾਲ ਉੱਤੇ ਚੱਲਦੇ ਅਫਸਰਾਂ ਨਾਲ ਡੰਗ ਸਾਰਿਆ ਜਾ ਰਿਹਾ ਹੈ। ਦੂਸਰਾ ਪੱਖ ਇਹ ਕਿ ਹਰ ਪਾਸਿਉਂ ਚੁਣੌਤੀ ਮਿਲ ਰਹੀ ਹੈ ਕਿ ਇਸ ਪਾਰਟੀ ਨੇ ਕਿਹਾ ਸੀ ਕਿ ਫਲਾਣਾ ਕੰਮ ਸਹੁੰ ਚੁੱਕਦੇ ਸਾਰ ਕਰ ਦੇਵਾਂਗੇ ਤਾਂ ਫਿਰ ਇਹ ਕਰਦੇ ਕਿਉਂ ਨਹੀਂ, ਕਰਨ ਜੋਗੇ ਹੀ ਨਹੀਂ ਹਨ।ਇਹ ਗੱਲ ਇੱਕ ਸੀਨੀਅਰ ਭਾਜਪਾ ਆਗੂ ਨੇ ਵੀ ਕਹੀ ਹੈ ਤੇ ਕਾਂਗਰਸ ਦੇ ਇੱਕ ਆਗੂ ਨੇ ਵੀ ਇੰਜ ਕਹੀ ਹੈ, ਜਿਵੇਂ ਦੋਵਾਂ ਨੇ ਸਲਾਹ ਕਰ ਕੇ ਬਿਆਨ ਲਿਖਿਆ ਹੋਵੇ। ਉਨ੍ਹਾਂ ਨੂੰ ਇਹ ਲਿਖਣ ਦਾ ਵੀ ਹੱਕ ਹੈ ਤੇ ਕਹਿਣ ਦਾ ਵੀ, ਪਰ ਨਾ ਭਾਜਪਾ ਆਗੂ ਇਹ ਦੱਸੇਗਾ ਕਿ ਅੱਠ ਸਾਲ ਪਹਿਲਾਂ ਨਰਿੰਦਰ ਮੋਦੀ ਦੇ ਮੂੰਹੋਂ ਨਿਕਲੇ ਵਾਅਦੇ ਤੇ ਦਾਅਵੇ ਸਿਰਫ ਚੋਣ ਜੁਮਲੇ ਕਿਉਂ ਬਣ ਗਏ ਸਨ ਅਤੇ ਨਾ ਕਾਂਗਰਸ ਦਾ ਆਗੂ ਦੱਸੇਗਾ ਕਿ ਪੰਜ ਸਾਲ ਪਹਿਲਾਂ ਉਸ ਦੇ ਆਗੂ ਨੇ ਗੁਟਕਾ ਸਾਹਿਬ ਮੱਥੇ ਨੂੰ ਲਾ ਕੇ ਜਿਹੜਾ ਦਾਅਵਾ ਕੀਤਾ ਸੀ, ਉਸ ਦਾ ਕੀ ਬਣਿਆ? ਉਹ ਕਹਿੰਦੇ ਹਨ ਕਿ ਸਾਡੇ ਵਾਲੇ ਮਾੜੇ ਸਨ, ਏਸੇ ਲਈ ਹਾਰ ਗਏ, ਅੱਗੋਂ ਨਵੀਂ ਸਰਕਾਰ ਕੁਝ ਕਰ ਕੇ ਵਿਖਾਵੇ। ਇਹ ਗੱਲ ਉਹ ਠੀਕ ਕਹਿੰਦੇ ਹਨ, ਨਵੀਂ ਸਰਕਾਰ ਨੂੰ ਇਹ ਸਾਬਤ ਕਰਨਾ ਪੈਣਾ ਹੈ ਕਿ ਉਹ ਪਹਿਲੀਆਂ ਸਰਕਾਰਾਂ ਵਰਗੀ ਨਹੀਂ, ਪਰ ਸਾਬਤ ਕਰ ਸਕਣ ਲਈ ਕੁਝ ਵਕਤ ਵੀ ਤਾਂ ਦੇਣਾ ਪਵੇਗਾ, ਲੋਕ ਦੇਣ ਨੂੰ ਤਿਆਰ ਹਨ, ਵਿਰੋਧੀ ਧਿਰ ਦੇ ਆਗੂ ਤਿਆਰ ਨਹੀਂ।

ਵਿਰੋਧੀ ਧਿਰ ਦੇ ਆਗੂਆਂ ਵਿੱਚੋਂ ਕੌਣ ਕੀ ਕਹਿੰਦਾ ਹੈ, ਉਸ ਨੂੰ ਪਾਸੇ ਰੱਖਦੇ ਹੋਏ ਇਹ ਗੱਲ ਕਹੀ ਜਾ ਸਕਦੀ ਹੈ ਕਿ ਨਵੀਂ ਸਰਕਾਰ ਦੇ ਮੁੱਢਲੇ ਕਦਮਾਂ ਵਿੱਚੋਂ ਸਿਰਫ ਰਾਜ ਸਭਾ ਲਈ ਪੰਜ ਬੰਦੇ ਚੁਣਨ ਦੀ ਗੱਲ ਲੋਕਾਂ ਨੂੰ ਹਜ਼ਮ ਨਹੀਂ ਹੋ ਸਕੀ, ਬਾਕੀ ਲਗਭਗ ਸਭ ਗੱਲਾਂ ਵਿੱਚ ਇਸ ਸਰਕਾਰ ਦੇ ਕਦਮ ਲੋਕਾਂ ਨੇ ਸਲਾਹੇ ਹਨ। ਖਾਸ ਤੌਰ ਉੱਤੇ ਇਹ ਗੱਲ ਆਮ ਲੋਕਾਂ ਨੇ ਬਹੁਤ ਸਲਾਹੀ ਹੈ ਕਿ ਨਵੇਂ ਮੁੱਖ ਮੰਤਰੀ ਨੇ ਸਾਬਕਾ ਵਿਧਾਇਕਾਂ ਦੀਆਂ ਹੱਦੋਂ ਬਾਹਰੀਆਂ ਪੈਨਸ਼ਨਾਂ ਨੂੰ ਕੁਹਾੜੇ ਵਾਲਾ ਟੱਕ ਲਾਇਆ ਹੈ।ਨਵੀਂ ਸਰਕਾਰ ਨੇ ਕਿਹਾ ਹੈ ਕਿ ਸਾਬਕਾ ਵਿਧਾਇਕਾਂ ਦੇ ਪੈਨਸ਼ਨਾਂ ਦੇ ਗਲਤ ਢੰਗ ਨਾਲ ਪੰਜਾਬ ਦਾ ਖਜ਼ਾਨਾ ਇੰਜ ਲੁਟਾਇਆ ਜਾਂਦਾ ਸੀ ਕਿ ਸਭ ਤੋਂ ਪੁਰਾਣੇ ਵਿਧਾਇਕ ਅਤੇ ਪੰਜ ਵਾਰੀ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਦੀ ਪੈਨਸ਼ਨ ਹਰ ਵਾਰੀ ਦੇ ਹਿਸਾਬ ਵਧੀ ਜਾਣ ਨਾਲ ਇਸ ਵੇਲੇਛੇ ਲੱਖ ਬਾਹਠ ਹਜ਼ਾਰ ਰੁਪਏ ਬਣਨੀ ਸੀ। ਇਸ ਨਵੇਂ ਕਦਮ ਦੇ ਵਿਰੋਧ ਵਿੱਚ ਇੱਕ ਸਾਬਕਾ ਮੰਤਰੀ ਨੇ ਸਾਨੂੰ ਇਹ ਵੇਰਵਾ ਭੇਜਿਆ ਹੈ ਕਿ ਦਿੱਲੀ ਵਿੱਚ ਜਿੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਓਥੇ ਵੀ ਹਰ ਵਾਰ ਦੇ ਹਿਸਾਬ ਵਿਧਾਇਕਾਂ ਦੀ ਪੈਨਸ਼ਨ ਵਧਦੀ ਹੈ। ਉਸ ਦਾ ਧੰਨਵਾਦੀ ਹੁੰਦੇ ਹੋਏ ਅਸੀਂ ਉਹ ਵੇਰਵਾ ਫੋਲਿਆ ਤਾਂ ਗੱਲ ਉਸ ਦੀ ਸੱਚੀ ਨਿਕਲੀ, ਪਰ ਇਹ ਅੱਧਾ ਸੱਚ ਸੀ ਤੇ ਸਾਰੇ ਜਾਣਦੇ ਹਨ ਕਿ ਅੱਧੇ ਸਿਰ ਦੀ ਪੀੜ ਵਾਂਗ ਅੱਧਾ ਸੱਚ ਵੀ ਕੋਰੇ ਝੂਠ ਤੋਂ ਮਾੜਾ ਹੁੰਦਾ ਹੈ। ਦਿੱਲੀ ਦੇ ਸਾਬਕਾ ਵਿਧਾਇਕਾਂ ਨੂੰ ਮਾਸਿਕ ਪੈਨਸ਼ਨ ਸਾਢੇ ਸੱਤ ਹਜ਼ਾਰ ਰੁਪਏ ਅਤੇ ਮੈਂਬਰੀ ਦੇ ਹਰ ਸਾਲ ਨਾਲ ਇੱਕ ਹਜ਼ਾਰ ਦੇ ਵਾਧੇ ਨਾਲ ਜੇ ਕੋਈ ਵੱਡੇ ਬਾਦਲ ਸਾਹਿਬ ਵਾਂਗ ਬਾਈ ਵਾਰੀਆਂ ਮਿਲਾ ਕੇ ਬਤਾਲੀ ਸਾਲ ਮੈਂਬਰ ਰਹੇ ਤਾਂ ਸਮੁੱਚੀ ਪੈਨਸ਼ਨ ਪੰਜਾਹ ਹਜ਼ਾਰ ਤੋਂ ਘੱਟ ਬਣੇਗੀ, ਵੱਡੇ ਬਾਦਲ ਦੀ ਅਜੋਕੇ ਹਿਸਾਬ ਦੀ ਪੈਨਸ਼ਨ ਦਾ ਬਾਰਵਾਂ ਹਿੱਸਾ ਵੀ ਨਹੀਂ ਬਣਨੀ। ਪੰਜਾਬ ਦੇ ਵਿਧਾਇਕਾਂ ਦੀ ਭੱਤਿਆਂ ਸਮੇਤ ਪੈਨਸ਼ਨ ਸ਼ੁਰੂ ਹੀ ਪੌਣਾ ਕੁ ਲੱਖ ਟੱਪ ਕੇ ਹੁੰਦੀ ਹੈ। ਇਹ ਨਿਯਮਵੀ ਦਿੱਲੀ ਵਿੱਚ ਅਜੋਕੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਹੀਂ ਬਣਾਏ, ਪਿਛਲੀ ਕਾਂਗਰਸ ਸਰਕਾਰ ਨੇ ਗਿਆਰਾਂ ਸਾਲ ਪਹਿਲਾਂ ਬਣਾਏ ਸਨ ਤੇ ਪਿਛਲੇ ਸਾਲ ਜਦੋਂ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਵਧੀ ਮਹਿੰਗਾਈ ਵੇਖ ਕੇ ਸੋਧਣੇ ਚਾਹੇ ਸਨ ਤਾਂ ਕੇਂਦਰ ਸਰਕਾਰ ਨੇ ਅੜਿੱਕਾ ਪਾ ਦਿੱਤਾ ਸੀ। ਫਿਰ ਵੀ ਕੇਜਰੀਵਾਲ ਸਰਕਾਰ ਨੇ ਸਾਬਕਾ ਵਿਧਾਇਕਾਂ ਨੂੰ ਛੱਡੋ, ਮੌਜੂਦਾ ਵਿਧਾਇਕਾਂ ਲਈ ਤਨਖਾਹਾਂ ਸਮੇਤ ਜਿੰਨੀ ਕੁੱਲ ਰਕਮ ਪਾਸ ਕਰਨ ਦਾ ਪਿਛਲੇ ਸਾਲ ਇਰਾਦਾ ਬਣਾਇਆ ਸੀ, ਉਸ ਦੀ ਬਹੁਤ ਚਰਚਾ ਚੱਲੀ ਸੀ।

ਸਾਡੇ ਕੋਲ ਪਿਛਲੇ ਸਾਲ 2021 ਦੇ ਤਿੰਨ ਅਗਸਤ ਨੂੰ ਛਪੀ 'ਟਾਈਮਜ਼ ਨਾਉ ਡਿਜੀਟਲ' ਦੀ ਰਿਪੋਰਟ ਹੈ ਤੇ ਸਭ ਨੂੰ ਪਤਾ ਹੈ ਕਿ 'ਟਾਈਮਜ਼ ਨਾਉ' ਕਿਸੇ ਦਾ ਵੀ ਹੋਵੇ, ਆਮ ਆਦਮੀ ਪਾਰਟੀ ਦਾ ਸਮੱਰਥਕ ਚੈਨਲ ਉਹ ਬਿਲਕੁਲ ਨਹੀਂ ਕਿਹਾ ਜਾ ਸਕਦਾ। ਇਸ ਰਿਪੋਰਟ ਵਿੱਚ ਲਿਖਿਆ ਹੈ ਕਿ ਕਿਹੜੇ ਰਾਜ ਵਿੱਚ ਵਿਧਾਨ ਸਭਾ ਮੈਂਬਰਾਂ ਨੂੰ ਕੀ ਮਿਲਦਾ ਹੈ ਤੇ ਇਸ ਰਿਪੋਰਟ ਨੂੰ ਪੜ੍ਹਨ ਲੱਗਾ ਬੰਦਾ ਹੈਰਾਨ ਹੋ ਜਾਂਦਾ ਹੈ। ਰਿਪੋਰਟ ਮੁਤਾਬਕ ਸਭ ਤੋਂ ਵੱਧ ਤਨਖਾਹ ਤੇਲੰਗਾਨਾਵਿਚਲੇ ਵਿਧਾਇਕਾਂ ਨੂੰ ਢਾਈ ਲੱਖ ਰੁਪਏ ਮਿਲਦੀ ਹੈ ਅਤੇ ਦੂਸਰੇ ਨੰਬਰ ਉੱਤੇ ਭਾਜਪਾ ਦੀ ਸਰਕਾਰ ਵਾਲੇ ਉੱਤਰਾ ਖੰਡ ਵਿਚਲੇ ਵਿਧਾਇਕਾਂ ਦੀ ਕੁੱਲ ਤਨਖਾਹ ਇੱਕ ਲੱਖ ਅਠਾਨਵੇਂ ਹਜ਼ਾਰ ਰੁਪਏ ਮਿਲ ਰਹੀ ਹੈ। ਤੀਸਰੇ ਹਿਮਾਚਲ ਪ੍ਰਦੇਸ਼ ਦੀ ਭਾਜਪਾ ਸਰਕਾਰ ਕੁੱਲ ਇੱਕ ਲੱਖ ਨੱਬੇ ਹਜ਼ਾਰ ਅਤੇ ਚੌਥੀ ਹਰਿਆਣਾ ਦੀ ਭਾਜਪਾ ਸਰਕਾਰ ਇੱਕ ਲੱਖ ਪਚਵੰਜਾ ਹਜ਼ਾਰ ਦੇਂਦੀ ਹੈ। ਪੰਜਵਾਂ ਨੰਬਰ ਰਾਜਸਥਾਨ ਦੀ ਕਾਂਗਰਸ ਸਰਕਾਰ ਦਾ ਹੈ, ਜਿੱਥੇ ਇੱਕ ਲੱਖ ਸਾਢੇ ਬਤਾਲੀ ਹਜ਼ਾਰ ਤੇ ਛੇਵਾਂ ਕਮਜ਼ੋਰੀ ਦੇ ਮਾਰੇ ਬਿਹਾਰ ਦਾ ਹੈ, ਜਿੱਥੇ ਭਾਜਪਾ ਤੇ ਨਿਤੀਸ਼ ਕੁਮਾਰ ਦੀ ਸਰਕਾਰ ਕੁੱਲ ਇੱਕ ਲੱਖ ਤੀਹ ਹਜ਼ਾਰ ਦੇਂਦੀ ਹੈ, ਜਦ ਕਿ ਦਿੱਲੀ ਦੀ ਸਰਕਾਰ ਨੇ ਪਿਛਲੇ ਸਾਲ ਜਿਹੜੀ ਤਨਖਾਹ ਵਧਾਉਣੀ ਸੀ, ਉਹ ਲਾਗੂ ਹੋ ਜਾਂਦੀ ਤਾਂ ਉਹ ਦਸਵੇਂ ਥਾਂ ਆਪਣੇ ਵਿਧਾਇਕਾਂ ਨੂੰ ਕੁੱਲ ਨੱਬੇ ਹਜ਼ਾਰ ਰੁਪਏ ਹਰ ਮਹੀਨੇ ਦੇਣਾ ਚਾਹੁੰਦੀ ਸੀ। ਹੈਰਾਨੀ ਵਾਲੀ ਗੱਲ ਹੈ ਕਿਵਿਧਾਇਕਾਂ ਨੂੰ ਵੱਧ ਤਨਖਾਹ ਦੇਣ ਵਾਲੇ ਉਤਲੇ ਦਸ ਵੱਧ ਰਾਜਾਂ ਵਿੱਚੋਂ ਛੇ ਭਾਜਪਾ ਦੇ ਹਨ, ਪਰ ਮਾੜਾ ਕੇਜਰੀਵਾਲ ਹੈ!

ਗੱਲਾਂ ਵਿੱਚੋਂ ਗੱਲ ਚੱਲ ਪੈਣ ਵਾਂਗ ਦਿੱਲੀ ਤੇ ਭਾਜਪਾ ਦੇ ਮੁਕਾਬਲੇ ਵੱਲ ਮੁੜੀ ਇਹ ਗੱਲ ਮੋੜ ਕੇ ਪੰਜਾਬ ਵੱਲ ਝਾਕੀਏ ਤਾਂ ਏਥੇ ਇਸ ਵਕਤ ਖਜ਼ਾਨੇ ਦਾ ਬੁਰਾ ਹਾਲ ਹੈ। ਪੰਜ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਵਾਗ ਸੰਭਾਲਣ ਵੇਲੇ ਸੁਣਿਆ ਸੀ ਕਿ ਅਕਾਲੀ-ਭਾਜਪਾ ਦੀ ਪਿਛਲੀ ਸਰਕਾਰ ਆਖਰੀ ਛਿਮਾਹੀ ਦੌਰਾਨ ਕੇਂਦਰ ਸਰਕਾਰ ਤੋਂ ਇਕੱਤੀ ਹਜ਼ਾਰ ਕਰੋੜ ਰੁਪਏ ਮਨਜ਼ੂਰ ਕਰਵਾ ਕੇ ਲਿਆਈ ਸੀ, ਪਰ ਇਹ ਪਤਾ ਨਹੀਂ ਲੱਗਦਾ ਕਿ ਉਹ ਪੈਸੇ ਗਏ ਕਿੱਥੇ ਹਨ ਤੇ ਇਸ ਦੀ ਜਾਂਚ ਕਰਵਾਉਣੀ ਹੈ। ਇਕੱਤੀ ਹਜ਼ਾਰ ਕਰੋੜ ਰੁਪਏ ਛੋਟੀ ਰਕਮ ਨਹੀਂ ਸੀ ਕਿ ਭੁੱਲ ਜਾਵੇ, ਪਰ ਕੈਪਟਨ ਦੀ ਸਰਕਾਰ ਨੇ ਬਾਅਦ ਵਿੱਚ ਇਸ ਬਾਰੇ ਚੁੱਪ ਵੱਟ ਲਈ ਅਤੇ ਸਾਢੇ ਚਾਰ ਸਾਲਾਂ ਬਾਅਦ ਚਰਚਾ ਇਹ ਚੱਲੀ ਕਿ ਇਸ ਇਕੱਤੀ ਹਜ਼ਾਰ ਦੇ ਨੌਂਗੇ ਪਾਉਣ ਦਾ ਏਟੀ-ਟਵੰਟੀ ਵਰਗਾ ਸੌਦਾ ਹੋ ਗਿਆ ਸੀ। ਅਜੋਕੀ ਸਰਕਾਰ ਕੋਲ ਨਾ ਖਜ਼ਾਨੇ ਵਿੱਚ ਕੁਝ ਲੱਭਦਾ ਹੈ ਤੇ ਨਾ ਉਸ ਦਾ ਰਿਵਾਇਤੀ ਪਾਰਟੀਆਂ ਵਿੱਚੋਂ ਕਿਸੇ ਨਾਲ ਕੋਈ ਸੌਦਾ ਹੀ ਵੱਜਣ ਦੀ ਕਨਸੋਅ ਜਾਂ ਸੰਭਾਵਨਾ ਦਿੱਸਦੀ ਹੈ। ਏਦਾਂ ਦੇ ਹਾਲਾਤ ਵਿੱਚ ਮੁੱਖ ਮੰਤਰੀ ਨੂੰ ਅੱਕੀਂ-ਪਲਾਹੀਂ ਹੱਥ ਮਾਰ ਕੇ ਸਰਕਾਰ ਚਲਾਉਣ ਲਈ ਕਈ ਜੁਗਾੜ ਕਰਨੇ ਪੈਣੇ ਹਨ ਅਤੇ ਦੇਸ਼ ਦੇ ਉਸ ਪ੍ਰਧਾਨ ਮੰਤਰੀ ਤੋਂ ਵੀ ਪੈਕੇਜ ਮੰਗਣ ਦਾ ਅੱਕ ਚੱਬਣਾ ਪੈਣਾ ਹੈ, ਜਿਸ ਨਾਲ ਸੰਬੰਧ ਚੰਗੇ ਨਹੀਂ ਸੁਣੀਂਦੇ। ਇਸ ਕਰ ਕੇ ਅਸੀਂ ਆਮ ਲੋਕਾਂ ਵਾਂਗ ਇਸ ਸਰਕਾਰ ਦੇ ਮੁੱਢਲੇ ਕਦਮਾਂ ਵੱਲ ਵੇਖਾਂਗੇ ਵੀ ਅਤੇ ਇਸ ਨੂੰ ਕੁਝ ਕਰਨ ਦਾ ਮੌਕਾ ਵੀ ਦੇਵਾਂਗੇ, ਜੇ ਨਾ ਕਰੇਗੀ ਤਾਂ ਇਸ ਨੂੰ ਮਿਲਿਆ ਪੰਜ ਸਾਲਾਂ ਦਾ ਸਮਾਂ ਸਿਰਫ ਪੰਜ ਸਾਲ ਨਹੀਂ ਹੁੰਦਾ, ਉਸ ਦੇ ਦੋ ਸੌ ਸੱਠ ਹਫਤੇ ਹੋਣਗੇ, ਜਿਨ੍ਹਾਂ ਵਿੱਚ ਅਸੀਂ ਲੋਕਾਂ ਅੱਗੇ ਇਸ ਸਰਕਾਰ ਦਾ ਚੰਗ-ਮਾੜ ਵੀ ਰੱਖਦੇ ਰਹਾਂਗੇ।ਸਰਕਾਰ ਕਿਸੇ ਦੀ ਵੀ ਹੋਵੇ, ਕੋਈ ਲਿਹਾਜ਼ ਨਹੀਂ ਕਰਾਂਗੇ।

# ਤੈਨੂੰ ਮੋਗੇ ਦੀ ਮੰਡੀ 'ਚ ਆਵਾਂ ਵੇਚ ਮੁੰਡਿਆਂ



ਸੁਰਜੀਤ ਸਿੰਘ ਫਲੋਰਾ

ਪੰਜਾਬੀ ਸੱਭਿਆਚਾਰ ਦੁਨੀਆਂ ਦੇ ਸਭ ਤੋਂ ਪੁਰਾਣੇ ਅਤੇ ਅਮੀਰ ਸੱਭਿਆਚਾਰਾਂ ਵਿੱਚੋਂ ਇੱਕ ਹੈ। ਸੱਭਿਆਚਾਰ ਦਾ ਦਾਇਰਾ, ਇਤਿਹਾਸ, ਸੂਝ-ਬੂਝ ਅਤੇ ਗੁੰਝਲਦਾਰਤਾ ਬਹੁਤ ਵਿਸ਼ਾਲ ਹੈ। ਪੰਜਾਬੀ ਸੱਭਿਆਚਾਰ ਪੰਜਾਬੀ ਲੋਕਾਂ ਦਾ ਸੱਭਿਆਚਾਰ ਹੈ ਜੋ ਹੁਣ ਦੁਨੀਆਂ ਭਰ ਵਿੱਚ ਫੈਲਿਆਂ ਹੋਇਆ ਹੈ। ਜਿਸ ਵੀ ਦੇਸ਼ ਵਿਚ ਪੰਜਾਬੀ ਜਾਂਦੇ ਹਨ, ਉਸ ਦੇਸ਼ ਨੂੰ ਜਾਂ ਉਸ ਦੇ ਕਿਸੇ ਇਕ ਹਿਸੇ ਨੂੰ ਪੰਜਾਬ ਦਾ ਰੰਗ ਚੜ੍ਹਾ ਹੀ ਦਿੰਦੇ ਹਨ। ਜਿਵੇਂ ਕੈਨੇਡਾ ਵਿਚ ਬਰੈਂਪਟਨ ਨੂੰ ਮਿੰਨੀ ਪੰਜਾਬ ਕਿਹਾ ਜਾਂਦਾ ਹੈ। ਇੰਗਲੈਂਡ ਵਿਚ ਲੰਡਨ ਨੂੰ ਮਿਨੀ ਪੰਜਾਬ ਕਿਹਾ ਜਾਂਦਾ ਹੈ। ਉਸ ਧਰਤੀ ਤੇ ਤੀਆ, ਵਿਸਾਖੀ ਤੇ ਮੇਲੇ ਲਗਾਏ ਜਾਂਦੇ ਹਨ। ਜਿਸ ਵਿਚ ਲੋਕਲ ਅਤੇ ਪੰਜਾਬ ਤੋਂ ਕਲਾਕਾਰਾਂ ਨੂੰ ਸੱਦ ਕੇ ਖੂਬ ਮੌਜ਼ ਮਸਤੀ ਕੀਤੀ ਜਾਂਦੀ ਹੈ ਕਿਉਂਕਿ ਪੰਜਾਬੀ ਸੰਗੀਤ ਭੰਗੜਾ ਪੰਜਾਬੀ ਸੰਗੀਤਕ ਕਲਾ ਦੇ ਬਹੁਤ ਸਾਰੇ ਰੂਪਾਂ ਵਿੱਚੋਂ ਇੱਕ ਹੈ ਜੋ ਪੱਛਮ ਵਿੱਚ ਤੇਜ਼ੀ ਨਾਲ ਸੁਣਿਆ ਜਾ ਰਿਹਾ ਹੈ ਅਤੇ ਇੱਕ ਮੁੱਖ ਧਾਰਾ ਦਾ ਮਨਪਸੰਦ ਬਣ ਚੁਕਾ ਹੈ।

ਇਸ ਦੇ ਨਾਲ ਹੀ ਪੰਜਾਬੀ ਡਾਂਸ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਲੋਕਾਂ ਦੇ ਲੰਬੇ ਇਤਿਹਾਸ ਦੇ ਕਾਰਨ ਇੱਥੇ ਵੱਡੀ ਗਿਣਤੀ ਵਿੱਚ ਭੰਗੜੇ ਗਿੱਧੇ ਦੀਆਂ ਅਦਾਕਾਰੀਆਂ ਹਨ ਨਾਚ ਹਨ, ਜੋ ਆਮ ਤੌਰ 'ਤੇ ਜਸ਼ਨਾਂ ਦੇ ਸਮੇਂ ਕੀਤੇ ਜਾਂਦੇ ਹਨ, ਜਿਸ ਵਿੱਚ ਵਾਢੀ, ਤਿਉਹਾਰ ਅਤੇ ਵਿਆਹ ਸ਼ਾਮਲ ਹਨ। ਨਾਚਾਂ ਦਾ ਵਿਸ਼ੇਸ਼ ਪਿਛੋਕੜ ਗੈਰ-ਧਾਰਮਿਕ ਅਤੇ ਧਾਰਮਿਕ ਹੋ ਸਕਦਾ ਹੈ। ਸਮੁੱਚੀ ਸ਼ੈਲੀ ਵਾਲੇ "ਭੰਗੜਾ" ਪੁਰਸ਼ਾਂ ਦੇ ਨਾਚ ਤੋਂ ਲੈ ਕੇ ਵਧੇਰੇ ਰਾਖਵੇਂ "ਝੂਮਰ", "ਗਿੱਧਾ" ਔਰਤਾਂ ਦੇ ਨਾਚ ਹੁੰਦਾ ਹੈ।

ਵੱਖ-ਵੱਖ ਬੋਲੀਆਂ ਤੇ ਸਭਿਆਚਾਰਾਂ ਦੇ ਦੇਸ਼ ਭਾਰਤ ਵਿੱਚ ਅਲੱਗ-ਅਲੱਗ ਰਵਾਇਤਾਂ ਤੇ ਢੰਗ ਤਰੀਕਿਆਂ ਨਾਲ ਸੰਗੀਤ ਗਿੱਧਾ - ਭੰਗੜੇ ਦੇ ਜਸ਼ਨ ਮਨਾਏ ਜਾਂਦੇ। ਖਾਸ ਤੌਰ ਤੇ ਜਦ ਵਿਆਹ ਸ਼ਾਦੀ, ਕੋਈ ਖੁਸ਼ੀ ਦਾ ਮਾਹੌਲ ਹੁੰਦਾ ਹੈ, ਉਸ ਤੋਂ ਵੀ ਵੱਧ ਕੇ ਜਦ ਕਿਸਾਨ ਆਪਣਿਆਂ ਫਸਲਾਂ ਸਾਂਭ ਸੰਭਾਲ ਲੈਂਦੇ ਹਨ ਤੇ ਕ੍ਰਿਤੀ ਵੀ ਬੜੀ ਖੁਸ਼ੀ ਵਿਚ ਮਸਤ ਹੋ ਜਾਂਦੀ ਹੈ। ਉਹ ਮਿੱਟੀ ਉਡਾ ਕੇ, ਪੁਰਾਣੇ ਪੱਤੇ ਗਿਰਾ ਕੇ ਅਤੇ ਨਵੇਂ ਫੁੱਲ ਅਤੇ ਪੱਤੇ ਲਹਿਰਾ ਕੇ ਆਪਣੀ ਖੁਸ਼ੀ ਦਰਸਾ ਕੇ ਬਸੰਤ ਦਾ ਅਭਿਨੰਦਨ ਕਰਦੀ ਹੈ।

ਦੇਸ਼ ਦਾ ਅੰਨਦਾਤਾ ਕਿਸਾਨ ਆਪਣੇ ਹਰੇ ਭਰੇ ਖੇਤਾਂ ਨੂੰ ਵੇਖ ਕੇ ਖੁਸ਼ੀ ਨਾਲ ਨੱਚ ਉਠਦਾ ਹੈ। ਹਾੜੀ ਦੀ ਇਸ ਫਸਲ ਦਾ ਸਵਾਗਤ ਕਰਦਾ ਹੈ।

ਪਰ ਸਮੇਂ ਦੇ ਹਿਸਾਬ ਨਾਲ ਬਹੁਤ ਕੁਝ ਬਦਲ ਚੁਕਾ ਹੈ। ਜੇਕਰ ਪੁਰਣੇ ਸਮਿਆਂ ਦੀ ਗੱਲ ਕਰੀਏ ਤਾਂ, ਔਰਤਾਂ ਗਲੀਆਂ ਵਿਚ ਰਲ ਮਿਲ ਬੈਠ ਬੋਲੀਆਂ ਪਾ ਕੇ ਧਮਾਲ ਪਾ ਦਿੰਦੀਆਂ ਸਨ। ਪਿਪਲਾਂ ਤੇ ਪੀਘਾ ਪਾ ਕੇ ਮੁਟਿਆਰਾਂ ਪੀਘਾਂ ਝੂਟਦਿਆਂ ਸਨ ਪਰ ਅਫ਼ਸੋਸ ਨਾ ਹੁਣ ਉਹ ਪਿੱਪਲ ਰਹੇ ਤੇ ਨਾ ਹੀ ਉਹੋ ਜਿਹੀਆਂ ਮੁਟਿਆਰਾਂ ਦੀਆਂ ਹਸਰਤਾਂ ਤੇ ਸ਼ੌਕ। ਪੰਜਾਬੀਆਂ ਨੂੰ ਪ੍ਰਦੇਸਾਂ ਵਿਚ ਜਾ ਵਸਣ ਤੇ ਜੋ ਨੌਜਵਾਨ ਬਚੇ ਹਨ ਉਹਨਾਂ ਨੂੰ ਨਸ਼ਿਆਂ ਨੇ ਖਾਂ ਲਿਆ ਹੈ। ਪਰ ਫਿਰ ਵੀ ਉਹ ਵੇਲੇ ਯਾਦ ਆਉਂਦੇ ਹਨ। ਇਨ੍ਹਾਂ ਬੋਲੀਆਂ ਵਿੱਚ ਪੂਰੀ ਪੰਜਾਬੀ ਕੌਮ ਦਾ ਦਿਲ ਧੜਕਦਾ ਹੁੰਦਾ ਸੀ, ਸਮਾਜ ਦਾ ਚਿਹਰਾ, ਸਮਾਂ -ਕਾਲ ਝਾਤੀ ਮਾਰਦਾ ਹੁੰਦਾ ਸੀ। ਇਹ ਬੋਲੀਆਂ ਪੰਜਾਬੀ ਕੌਮ ਦਾ ਮੁਹਾਂਦਰਾ ਹੁੰਦੀਆਂ ਸਨ। ਇਹਨਾਂ ਵਿੱਚ ਪਿਆਰ ਦੇ ਭਾਵ, ਨਫ਼ਰਤ ਦੇ ਭਾਵ , ਮੇਲ - ਮਿਲਾਪ ਅਤੇ ਜੁਦਾਈ ਦਾ ਗ਼ਮ ਹੁੰਦਾ ਸੀ।

*ਉੱਚੇ ਟਿੱਬੇ ਮੇਰੀ ਮੂੰਗੀ ਦਾ ਬੂਟਾ,*
*ਉਹਨੂੰ ਚਰ ਗਈ ਗਾਂ,*
*ਵੇ ਰੋਂਦਾ ਮੂੰਗੀ ਨੂੰ,*
*ਘਰ ਮਰਗੀ ਤੇਰੀ ਮਾਂ,ਵੇ ਰੋਂਦਾ*
*ਮੂੰਗੀ ..*

ਉਸ ਸਮੇਂ ਵਿਚ ਸ਼ਾਇਦ ਇਹੋ ਜਿਹੀਆਂ ਬੋਲੀਆਂ ਹੱਸਣ ਖੇਡਣ ਦਾ ਮਨ ਪ੍ਰਚਾਂਉਣ ਦਾ ਇਕ ਸਾਧ ਸੀ ਪਰ ਹੁਣ ਸ਼ਾਇਦ ਮਜਾਕ ਜਾ ਬੋਲੀਆਂ ਰਾਂਹੀ ਵੀ ਇਹ ਕਹਿਣਾ ਔਖਾ ਹੋਵੇਗਾ ਕਿ ਮਰਗੀ ਤੇਰੀ ਮਾਂ ਬੰਦਾ ਤਾ ਗਲਾ ਕੱਟਣ ਲਈ ਤਿਆਰ ਰਹਿੰਦਾ ਹੈ, ਹਾਊਮੈਂ , ਮੈਂ ਮੇਰੀ ਹੀ ਸਭ ਤੋਂ ਅੱਗੇ ਰਹਿੰਦੀ ਹੈ।

ਪਰ ਅੱਜ ਸਮਾਂ ਇੰਨਾ ਬਦਲ ਗਿਆ ਹੈ ਕਿ ਇਕ ਹੀ ਛੱਤ ਹੇਠ ਪਿਉ ਪੁਤਰ, ਮਾਂ ਧੀ ਨਹੀਂ ਰਹਿ ਸਕਦੇ, ਇਕ ਦੂਜੇ ਦੀ ਜਾਨ ਲੈਣ ਲਈ ਤੱਤਪਰ ਰਹਿੰਦੇ ਹਨ। ਪਹਿਲੈ ਸਮਿਆਂ ਵਿਚ ਸਾਰਾ ਪਰਿਵਾਰ ਰਲ ਮਿਲ ਕੇ ਇਕ ਹੀ ਛੱਤ ਹੇਠ ਸਾਰਾਂ ਜੀਵਨ ਕੱਢ ਲੈਂਦਾ ਸੀ।

*ਇੱਕ ਤਾਂ ਨਣਦੇ ਤੂੰ ਨੀ ਪਿਆਰੀ,*
*ਦੂਜਾ ਪਿਆਰਾ ਤੇਰਾ ਵੀਰ,*
*ਨੀ ਜਦ ਹੱਸਦਾ ਨਣਦੇ,*
*ਹੱਸਦਾ ਦੰਦਾਂ ਦਾ ਬੀੜ,*
*ਨੀ ਜਦ ......*

ਪਰ ਹੁਣ ਸਮਾਂ ਉਹ ਰਹਿ ਹੀ ਨਹੀਂ ਗਿਆ, ਨੂੰਹ ਸੱਸ, ਨਣਦ ਭਰਜਾਈ , ਦੇਵਰ ਭਾਬੀ ਵਿਚ ਸਭ ਰਿਸ਼ਤਿਆਂ ਨੂੰ ਮੈਂ ਮੇਰੀ ਵਰਗੇ ਕੋਹੜ ਦਾ ਗ੍ਰਹਿਣ ਲੱਗ ਚੁਕਿਆ ਹੈ।

ਬੋਲੀਆਂ ਵਿੱਚ ਲੜਾਈ ਹੁੰਦੀ ਸੀ, ਸੁਲਹ ਸਲਾਮਤੀ ਹੁੰਦੀ ਸੀ । ਇਸ ਵਿੱਚ ਗਰੂਰ, ਤਾਬੋਰ ਤੇ ਦੇਸ਼ ਭਗਤੀ ਹੁੰਦੀ ਸੀ ।ਇਨ੍ਹਾਂ ਵਿੱਚ ਹੰਝੂਆਂ ਦੀਆਂ ਬਰਸਾਤਾਂ ਤੇ ਹਾਸਿਆਂ ਦੀ ਚਮਕਾਰ ਹੁੰਦੀ ਸੀ। ਨਿਰਾਜ਼ ਤੇ ਮਨਾਉਣ ਦੀ ਗੱਲ੍ਹ ਕਰਦੀਆਂ ਸਨ ਏਹ ਬੋਲੀਆਂ। ਇਨ੍ਹਾਂ ਬੋਲੀਆਂ ਵਿੱਚ ਜ਼ਾਲਮ ਹਾਕਮਾਂ ਲਈ ਵੰਗਾਰ ਅਤੇ ਬੇਸਹਾਰਿਆਂ ਪ੍ਰਤੀ ਹਮਾਇਤ ਦੇ ਭਾਵ ਵੀ ਸ਼ਾਮਿਲ ਹੁੰਦੇ ਸਨ ਹਾਸ-ਵਿਅੰਗ, ਮਿੱਠੀਆਂ ਤੇ ਪਿਆਰੀਆਂ ਗਾਲ੍ਹਾਂ ਵੀ ਹੁੰਦੀਆਂ ਸਨ। ।

ਵਿਆਹ ਸ਼ਾਦੀ ਸਮੇਂ ਨਾਨਕਾ ਮੇਲ ਆਂਉਂਦਾ ਹੁੰਦਾ ਸੀ, ਗਲੀਆਂ ਵਿਚ ਪਿੰਡਾਂ ਦੀ ਸੱਥ ਤੱਕ ਉਹਨਾਂ ਬੋਲੀਆਂ ਪਾਉਂਦੇ ਜਾਣਾ, ਜੋ ਵੀ ਸਾਹਮਣੇ ਆਉਂਦਾ ਉਸ ਦੇ ਕੱਪੜੇ ਲਾਹ ਲੈਣੇ ਸਾਇਕਲ ਖੋਹ ਲੈਣੇ, ਬੋਲੀਆਂ ਪਾ-ਪਾ ਕੇ ਨੱਚਣਾ ਤੇ ਗਾਲਾਂ , ਤਾਹਨੇ ਮਿਹਨੇ ਇਹ ਸਭ ਆਮ ਜਿਹੀ ਗੱਲ ਸੀ।

*ਗਿੱਧਾ ਪਾਇਆ,ਮੇਲ ਸਦਾਇਆ,*
*ਚਾਰੇ ਪਾਸੇ ਝਾਂਜਰ ਛਣਕੇ,*
*ਨਾਨਕਿਆ ਛੱਜ ਭੰਨਿਆ,*
*ਛੱਜ ਭੰਨਿਆ ਤਾੜ ਤਾੜ ਕਰਕੇ,*
*ਨਾਨਕਿਆ ......*

ਪਰ ਹੁਣ ਕੌਣ ਛੱਜਾਂ ਦੀ ਵਰਤੋਂ ਕਰਦਾ ਹੈ, ਮਸ਼ੀਨਾ ਦਿਨਾ ਹਫਤਿਆਂ ਦਾ ਕੰਮ ਮਿੰਟਾ ਵਿਚ ਕਰਕੇ ਪਰੇ ਹੁੰਦੇ ਹਨ।

ਬਾਪ ਦੀ ਲਾਡਾ ਨਾਲ ਪਾਲੀ ਧੀ ਪਿਉ ਨੂੰ ਕੁਝ ਇਸ ਤਰ੍ਹਾਂ ਦੇ ਬੋਲ ਬੋਲਦਿਆਂ ਸਨ:

*ਇਕੋ ਬੋਲ ਬੋਲਾਂ,*
*ਬੋਲਾਂ ਨਾ ਕੋਈ ਹੋਰ ਵੇ,*
*ਸਾਉਣ ਦਾ ਮਹੀਨਾ,*
*ਬਾਗਾਂ ਵਿੱਚ ਬੋਲਣ ਮੋਰ ਵੇ,*
*ਅਸਾਂ ਨੀ ਸੌਹਰੇ ਜਾਣਾ,*
*ਗੱਡੀ ਨੂੰ ਖਾਲੀ ਤੋਰ ਵੇ,*
*ਅਸਾਂ ਨੀ ......*

ਪਰ ਨਾ ਤੋਂ ਉਹੋ ਜਿਹੇ ਬਾਪ ਰਹੇ, ਪੈਸੇ ਲਈ ਨੌਜਵਾਨ ਧੀਆਂ ਨੂੰ ਕੈਨੇਡਾ ਅਮਰੀਕਾ ਤੋਂ ਆਏ ਐਨ ਆਰ ਆਈ ਬੁਢੇ ਲਗੜੇ ਲੋਲੇ ਲੜ ਬੰਨ ਦਿੱਤਾ ਜਾਂਦਾ ਹੈ। ਜਿਥੇ ਉਹਨਾਂ ਦੀ ਜ਼ਿੰਦਗੀ ਬਨਣ ਤੋਂ ਪਹਿਲਾਂ ਹੀ ਨਰਕ ਬਣ ਕੇ ਰਹਿ ਜਾਂਦੀ ਹੈ। ਕਿਥੇ ਉਹ ਮੋਰ ਰਹੇ ਕਿਥੇ ਉਹ ਸੋਹਰੇ। ਇਹ ਬੋਲੀ ਭਾਵੇ ਬਹੁਤ ਪੁਰਾਣੀ ਹੈ, ਪਰ ਅੱਜ ਦੇ ਐਨ ਆਰ ਆਈ ਲਾੜੇ ਲਾੜਿਆ ਤੇ ਬਹੁਤ ਢੁਕਦੀ ਹੈ:

*ਜੋਗੀ ਆ ਨੀ ਗਿਆ,*
*ਫੇਰਾ ਪਾ ਨੀ ਗਿਆ,*
*ਕੋਈ ਵਿਸ਼ੀਅਰ ਨਾਗ,ਲੜਾ ਨੀ*
*ਗਿਆ,*
*ਕੋਈ .......*

ਵਸ ਜਦ ਵੀ ਇਹ ਐਨ ਆਰ ਆਈ ਜੋਗੀ ਨਾਗ ਬਣ ਕੇ ਆਉਂਦੇ ਹਨ ਤਾ ਕਿਸੇ ਨਾ ਕਿਸੇ ਗਰੀਬ ਨੂੰ ਲਾਲਚ ਦੇ ਕੇ ਨਾਗ ਬਣ ਲੜ ਕੇ ਹੀ ਜਾਂਦਾ ਹੈ।

ਪਰ ਅੱਜ ਦਾ ਸਮਾਂ ਸ਼ਾਦੀ ਕਦ ਹੋ ਗਈ ਕੁਝ ਪਤਾ ਵੀ ਨਹੀਂ ਲੱਗਦਾ, ਪਹਿਲਾਂ ਜੰਝ ਧਰਮਸ਼ਾਲਾਂ ਵਿਚ ਹਫਤਾਂ- ਮਹੀਨੇ ਉਤਰਦੀਆਂ ਸਨ, ਫਿਰ ਕੁਝ ਘੰਟਿਆਂ ਲਈ ਘਰਾਂ ਦੀਆਂ ਛੱਤਾਂ ਤੇ ਆ ਟਿਕੀਆ ਤੇ ਫਿਰ ਪੈਲਸਾ ਵਿਚ, ਹੁਣ ਕੋਵਡ ਦੇ ਸਮਿਆਂ ਵਿਚ ਵੱਡੇ ਇਕੱਠ ਅੰਦਰ ਨਾ ਹੋਣ ਕਾਰਨ ਪਾਰਕਾਂ , ਲੇਕਸ ਆਦਿ ਤੇ ਫਿਲਮੀ ਬਣ ਕੇ ਰਹਿ ਗਾਇਆ ਹਨ। ਜੇਕਰ ਕੋਈ ਕਿਸੇ ਨਾਲ ਹਾਸੇ ਨਾਲ ਮਜਾਕ ਕਰ ਵੀ ਲਏ, ਉਹ ਝੱਟ ਗਲੇ ਨੂੰ ਜਾਂ ਮਾਂ-ਭੈਣ ਦੀ ਇਕ ਕਰਨ ਨੂੰ ਤਿਆਰ ਰਹਿੰਦਾ ਹੈ।

ਬੋਲੀਆਂ ਵਿੱਚ ਪੰਜਾਬੀ ਸਭਿਆਚਾਰ ਦੇ ਕੀਮਤੀ ਲਿਬਾਸ ਵੱਡਮੁੱਲੇ ਗਹਿਣਿਆਂ ਦਾ ਜ਼ਿਕਰ ਛੇੜ- ਛਾੜ ਤੇ ਰੁਮਾਂਸ, ਦੁਆਲੇ ਤੇ ਬੱਦ ਦੁਆਵਾਂ ਵੀ ਸ਼ਾਮਿਲ ਹੁੰਦੀਆਂ ਸਨ। ਇਨ੍ਹਾਂ ਵਿੱਚ ਰਿਸ਼ਤੇ ਨਾਤੇ ਤੇ ਉਨ੍ਹਾਂ ਦੇ ਗੁਣ ਤੇ ਅਉਗੁਣ ਵੀ ਦਿਖਾਈ ਦਿੰਦੇ ਸਨ। ਇਨ੍ਹਾਂ ਵਿੱਚ ਪੰਛੀਆਂ ਦੀਆਂ ਓਸਾਰੀਆ ਤੇ ਰੁੱਖਾਂ ਦੀਆਂ ਗੱਲਾਂ ਵੀ ਹੁੰਦੀਆਂ ਸਨ। ਪਿਆਰ ਦੇ ਗਿਲੇ- ਸ਼ਿਕਵੇ ਤੇ ਇਸ਼ਕੀਆ ਤਰਲੇ ਵੀ। ਇਨ੍ਹਾਂ ਵਿੱਚ ਸੁਰਾਂ ਵੀ ਹੁੰਦੀਆਂ ਸਨ ਤੇ ਤਾਲ ਹੋਕੇ ਤੇ ਹਟਕੋਰੇ ਵੀ ਪਰ ਅੱਜ ਦਾ ਇੰਨਸਾਨ ਸਿਰਫ਼ ਆਪਣੇ ਵਾਰੇ ਸੋਚਦਾ ਹੈ, ਮਤਲਵੀ ਕਿ ਆਪਣੇ ਫਾਇਦੇ ਲਈ ਕਿਸੇ ਵੀ ਹੱਦ ਤੱਕ ਜਾਂ ਸਕਦਾ ਹੈ। ਸਰਘੀ ਵੇਲੇ ਤੋਂ ਲੈਕੇ ਰਾਤ ਦੇ ਪਿਛਲੇ ਪਹਿਰ ਤੱਕ ਪੰਜਾਬੀ ਕੌਮ ਜੋ ਘਾਲਣਾ ਘਾਲਦੀ ਸੀ, ਅੱਜ ਉਹ ਕੇਵਲ ਟੀਵੀ ਚੈਂਨਲਾ ਨੇ ਲੈ ਲਈ, ਇਥੋਂ ਤੱਕ ਕੇ ਬੰਦਾ ਬਜਾਰ ਤੱਕ ਜਾ ਕੇ ਖੁਦ ਸਬਜੀ ਭਾਜੀ ਤੱਕ ਖਰੀਦਣ ਲਈ ਬਾਹਰ ਨਹੀਂ ਨਿਕਲਦਾ ਸਗੋਂ,ਫੋਨਾਂ ਤੇ ਐਪਸ ਦੀ ਵਰਤੋਂ ਕਰਕੇ ਘਰ ਤੱਕ ਡਿਲਵਰੀ ਕਰਵਾ ਲੈਂਦਾ ਹੈ। ਅੱਜ ਦਾ ਮਨੁਖ ਬਹੁਤ ਕਮਜੋਰ ਪੈ ਚੁਕਾ ਹੈ, ਉਹ ਕਸਰਤਾਂ , ਉਹ ਖਾਣੇ ਸਭ ਅਲੋਪ ਹੋ ਚੁਕੇ ਹਨ।

ਲੋਕ ਬੋਲੀਆਂ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਸਨ। ਇੰਨ੍ਹਾਂ ਵਿੱਚ ਜ਼ਿੰਦਗੀ ਦੇ ਕਈ ਤਜ਼ਰਬੇ, ਸਮਾਜਿਕ ਆਰਥਿਕ ਅਤੇ ਇਤਿਹਾਸਕ ਜਾਣਕਾਰੀ ਸਮਾਈ ਹੋਈ ਹੁੰਦੀ ਸੀ। ਬੋਲੀਆਂ ਕਿਸੇ ਵਿਸ਼ੇਸ਼ ਲੇਖਕ ਦੀਆਂ ਲਿਖੀਆਂ ਨਹੀਂ ਹੁੰਦੀਆਂ ਇੰਨ੍ਹਾਂ ਵਿੱਚ ਸਮੇਂ ਅਤੇ ਸਥਾਨ ਦੇ ਹਿਸਾਬ ਨਾਲ ਵਾਧਾ - ਘਾਟਾ ਹੁੰਦਾ ਰਹਿੰਦਾ ਹੈ। ਤ੍ਰਿੰਞਣਾ ਵਿੱਚ ਕੱਤਦੀਆਂ ਮੁਟਿਆਰਾਂ ਦੁੱਧ ਰਿੜਕਦੀਆਂ ਸੁਆਣੀਆਂ, ਫੁਲਕਾਰੀਆਂ ਕੱਢਦੀਆਂ ਨੱਢੀਆਂ ਪਤਾ ਨਹੀਂ ਲੋਕ ਬੋਲੀਆਂ ਰੂਪੀ ਖਜ਼ਾਨਾ ਕਿੰਨਾ ਵਧਾ ਦਿੰਦੀਆਂ ਸਨ। ਪਰ ਅੱਜ ਦੁੱਧ ਕੌਣ ਰਿੜਕਦਾ ਹੈ, ਪੈਕਟਾਂ ਵਾਲੇ ਦਹੀ, ਬੋਤਲਾਂ'ਚ ਲੱਸੀ, ਜਿਸ ਮਰਜੀ ਕੋਨੇ ਦੀ ਰਿਹੜੀ ਤੋਂ ਲੈ ਲਉ।

ਲੋੜ ਹੈ ਅੱਜ ਫਿਰ ਉਹੋ ਜਿਹਾ ਮਾਹੌਲ ਦੀ ਜੋ ਕਦੇ ਸਾਡੇ ਬਜੁਰਗਾਂ ਨੇ ਸਿਰਜਿਆ ਸੀ। ਜਿਸ ਵਿਚ ਏਕਾ , ਪਿਆਰ ਮੁਹੱਬਤ, ਹਸਰਤ, ਹੁੰਦੀ ਸੀ । ਜਿਸ ਵਿਚ ਆਪਣਾ ਪਨ ਹੁੰਦਾ ਸੀ। ਪਰ ਅਫਸੋਸ ਕੇ ਅੱਜ ਦਾ ਇੰਨਸਾਨ ਇਸ ਹੇਠ ਲਿਖੀ ਬੋਲੀ ਦੀ ਤਰ੍ਹਾ ਸਭ ਨੂੰ ਵੇਚਣ ਤੇ ਤੁਲਿਆਂ ਹੋਇਆ ਹੈ:

*ਤੇਰੇ ਜਿਹੇ ਨੂੰ ਵੇ ਮੈ ਟਿੱਚ ਨਾ*
*ਜਾਣਦੀ,*
*ਤੇਰਾ ਮੇਰਾ ਨਾ ਕੋਈ ਮੇਚ*
*ਮੁੰਡਿਆਂ,*
*ਤੈਨੂੰ ਮੋਗੇ ਦੀ ਮੰਡੀ ਚ ਆਵਾ*
*ਵੇਚ ਮੁੰਡਿਆਂ,*
*ਤੈਨੂੰ ਮੋਗੇ ..........*

## ਅੰਬ ਦੀ ਗੁੱਠਲੀ

ਪੰਜਾਬ ਦੇ ਲੋਕਾਂ ਨੇ ਇਸ ਵਾਰ ਇਕੱਠਿਆਂ ਨੇ ਹੰਬਲਾ ਮਾਰ ਕਿ ਆਮ ਆਦਮੀਆਂ ਨੂੰ ਅਗੇ ਲਿਆਂਦਾ। ਚਾਰ ਚੁਫੇਰੇ ਧੂਮਾਂ ਪੈ ਗਈਆਂ ਬਈ ਬੱਲੇ ਬੱਲੇ ਹੋ ਗਈ। ਪੰਜਾਬੀਆਂ ਨੇ ਰਿਕਾਰਡ ਪੈਦਾ ਕਰ ਦਿੱਤਾ ਹੈ। ਪੰਜਾਬੀਆਂ ਨੇ ਰਿਵਾਇਤੀ ਪਾਰਟੀਆਂ ਨੂੰ ਖੂੰਜੇ ਲਾ ਦਿਤਾ। ਜਿਨ੍ਹਾਂ ਨੇ ਆਪਣੀਆਂ ਵਾਰੀਆਂ ਬੰਨੀਆਂ ਹੋਈਆਂ ਸਨ। ਇਸ ਗੱਲ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇੱਕ ਦਿਨ ਕੋਈ ਤੀਜੀ ਧਿਰ ਵੀ ਸਾਡੇ ਸਾਹਮਣੇ ਆ ਖਲੀ ਹੋਵੇਗੀ। ਕਿਉਂਕਿ ਇਹ ਗੱਲ ਪੂਰੀ ਤਰਾਂ ਪੰਜਾਬ ਵਿੱਚ ਪ੍ਰਚਲਤ ਹੋ ਚੁਕੀ ਸੀ ਕਿ ਵੋਟਰ ਵਿਕਾਊ ਹੋ ਜਾਂਦੇ ਹਨ। ਬੇਸ਼ਕ ਝੰਡੇ ਕਿਸੇ ਪਾਰਟੀ ਦੇ ਵੀ ਲਾਈ ਰੱਖਣ ਪਰ ਵੋਟਾਂ ਤੋਂ ਇਕ ਦਿਨ ਪਹਿਲਾ ਰਾਤ ਨੂੰ ਸਭ ਕੁਝ ਬਦਲ ਜਾਂਦਾ ਹੈ। ਪਾਰਟੀਆਂ ਦੇ ਕਰਿੰਦੇ ਆਉਂਦੇ ਹਨ ,ਵੋਟਾਂ ਦੇ ਹਿਸਾਬ ਨਾਲ ਪੈਸੇ ਦੇ ਕੇ ਚਲੇ ਜਾਂਦੇ ਹਨ। ਫਿਰ ਉਸ ਪਾਰਟੀ ਦਾ ਪੱਲੜਾ ਭਾਰੀ ਹੋ ਜਾਂਦਾ ਹੈ। ਜਿਹੜੀ ਪਾਰਟੀ ਨੇ ਪੈਸੇ ਜਿਆਦਾ ਦਿਤੇ ਹੁੰਦੇ ਹਨ। ਇਹ ਸਿਲਸਿਲਾ ਪਿਛਲੇ ਕਈ ਦਹਾਕਿਆਂ ਪੰਜਾਬ ਵਿੱਚ ਚੱਲਦਾ ਆ ਰਿਹਾ ਸੀ। ਪਰ ਅਚਾਨਕ ਪਟਿਆਲੇ ਦੇ ਵਿੱਚ ਹੋਲਡਿੰਗ ਬੋਰਡ ਤੇ ਲਿਖਿਆ ਨਜ਼ਰ ਆ ਗਿਆ , ਕਿ ਇਸ ਵਾਰ ਖੇਡੋ ਨਵੀ ਚਾਲ। ਜਿਹੜੀ ਵੀ ਪਾਰਟੀ ਪੈਸੇ ਦੇਣ ਆਵੇ ਉਹਨਾਂ ਨੂੰ ਇਨਕਾਰ ਨਹੀਂ ਕਰਨਾ। ਪੈਸੇ ਵੱਧ ਤੋਂ ਵੱਧ ਉਹਨਾਂ ਕੋਲੋਂ ਲੈ ਲੈਣੇ ਹਨ। ਪਰ ਵੋਟ ਉਹਨਾਂ ਨੂੰ ਨਹੀਂ ਤੀਜੀ ਧਿਰ ਨੂੰ ਪਾਉਣੀ। ਇਸ ਹੋਲਡਿੰਗ ਬੋਰਡ ਦੀ ਬਹੁਤ ਚਰਚਾ ਵੀ ਹੋਈ। ਪਰ ਹੋ ਸਕਦਾ ਹੈ ਕਿ ਲੋਕਾਂ ਤੇ ਉਸ ਬੋਰਡ ਦਾ ਅਸਰ ਹੋ ਗਿਆ ਹੋਵੇ। ਲੋਕਾਂ ਨੇ ਇੱਕ ਦੱਮ ਆਪਣਾ ਰਿਵਾਇਆ ਬਦਲ ਲਿਆ। ਬਿਨਾਂ ਬੋਲਿਆ ਸੌਦਾ ਤੋਲ ਦਿੱਤਾ ਤੇ ਆਪਣਾ ਫਤਵਾ ਆਮ ਪਾਰਟੀ ਦੇ ਹੱਕ ਵਿੱਚ ਦੇ ਦਿੱਤਾ। ਇਥੋਂ ਤਕ ਵੀ ਵੇਖਣ ਨੂੰ ਮਿਲਿਆ ਹੈ ਕਈਆਂ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਬੂਥ ਨਹੀਂ ਸਨ ਲਗੇ ,ਉਥੇ ਵੀ ਬਹੁਤ ਸਾਰੀਆਂ ਵੋਟਾਂ ਆਮ ਨੂੰ ਮਿਲੀਆਂ ਹਨ। ਜਿਸ ਕਰਕੇ ਭਗਵੰਤ ਮਾਨ ਦੀ ਸਰਕਾਰ ਬਹੁਮੱਤ ਨਾਲ ਬਣ ਗਈ। ਹੁਣ ਮਸਲਾ ਇਸ ਗੱਲ ਦਾ ਹੈ ਕਿ ਜਿਹੜੇ ਚੋਣ ਪ੍ਰਚਾਰ ਦੁਰਾਨ ਇਹ ਕਹਿੰਦੇ ਸੀ ਕਿ ਤੁਸੀਂ ਆਪਣਾ ਵਿਧਾਇਕ ਜਿਤਾਉ ਤੇ ਮੈ ਇਸ ਨੂੰ ਮੰਤਰੀ ਬਨਾਵਾਂਗਾ। ਉਹ ਵਿਚਾਰੇ ਆਪ ਹੀ ਦੋਵਾਂ ਦੋਵਾਂ ਥਾਵਾਂ ਤੋਂ ਹਾਰ ਗਏ ਹਨ, ਪਰ ਜਿਹਨਾਂ ਨੇ ਰੱਜ ਰੱਜ ਕੇ ਰਾਸ਼ਨ ਸਕਿਆ ਹੋਇਆ ਹੋਵੇ ਉਹ ਹੁਣ ਭੁੱਖੇ ਰਹਿ ਸਕਦੇ ਨੇ ਉਹਨਾਂ ਨੇ ਆਪਣੀਆਂ ਲੂੰਬੜਚਾਲਾਂ ਚਲਣ ਤੋਂ ਬਾਜ਼ ਨਹੀਂ ਆਉਣਾ ਪਰ ਜਿਹੜੀ ਮੈ ਗੱਲ ਕਰਨ ਜਾ ਰਿਹਾ ਹਾਂ ਕਿ ਲੋਕ ਭਗਵੰਤ ਮਾਨ ਦੀ ਸਰਕਾਰ ਨੂੰ ਜਾਦੂਗਰ ਸਮਝਣ ਲਗ ਪਏ ਹੈ। ਸੋਚ ਰਹੇ ਹਨ ਕਿ ਸਾਰਾ ਕੁਝ ਇੱਕ ਹੀ ਦਿਨ ਵਿੱਚ ਠੀਕ ਠਾਕ ਹੋ ਜਾਵੇਗਾ। ਜਾਦੂ ਦੀ ਛੜੀ ਨਾਲ ਛੂ ਮੰਤਰ ਕਰਦੇ ਹੀ ਹਰ ਇੱਕ ਦੇ ਮਨ ਦੀ ਮਨੋ ਕਾਮਨਾ ਪੂਰੀ ਹੋ ਜਾਵੇਗੀ। ਨਹੀਂ ਭਰਾਵੋ ਜੇ ਕੋਈ ਚੰਗਾ ਫਲ ਲੈਣ ਦੀ ਲਾਲਸਾ ਹੋਵੇ ਤਾਂ ਮਿਹਨਤ ਦੇ ਨਾਲ ਇੰਤਜ਼ਾਰ ਵੀ ਕਰਨੀ ਪੈਂਦੀ ਹੈ। ਮੈਨੂੰ ਇੱਕ ਗੱਲ ਯਾਦ ਆ ਗਈ ਕਿ ਕੋਈ ਬੱਚਾ ਸੀ ਉਸ ਨੇ ਇੱਕ ਅੰਬ ਦੀ ਗੁੱਠਲੀ ਨੂੰ ਗਮਲੇ ਵਿੱਚ ਲਾ ਦਿੱਤਾ। ਹਰ ਘੰਟੇ ਦੋ ਘੰਟੇ ਬਾਹਦ ਉਸ ਵੇਖਣ ਲਗ ਪਿਆ ਕਿ ਇਸ ਨੂੰ ਅੰਬ ਲਗੇ ਨੇ ਕਿ ਨਹੀਂ। ਅੰਬ ਐਵੇ ਨਹੀਂ ਸਮਾਂ ਲਗਣ ਤੇ ਲਗਨੇ ਸੀ। ਪਰ ਉਹ ਉਸ ਦੀ ਭੁੱਲ ਸੀ ਕਿ ਅੰਬ ਹੁਣੇ ਹੀ ਲਗ ਜਾਣਗੇ। ਇਸੇ ਤਰਾਂ ਅਜੇ ਪੰਦਰਾਂ ਦਿਨ ਨਹੀਂ ਹੋਏ ਸਰਕਾਰ ਨੂੰ ਹੋਂਦ ਵਿੱਚ ਆਇਆ ਨੂੰ ਲੋਕ ਕਹਿਣ ਵੀ ਲਗ ਪਏ ਨੇ ਕਿ ਇਹ ਸਰਕਾਰ ਕੁਝ ਨਹੀਂ ਕਰ ਰਹੀ। ਨਵੀ ਵਿਆਹੀ ਨੂੰਹ ਵੀ ਘਰ ਆਵੇ ਤਾਂ ਉਸ ਨੂੰ ਵੀ ਘਰ ਦੇ ਜੀਆਂ ਨਾਲ ਮਿਲਣ ਤੇ ਸਮਾਂ ਲਗ ਜਾਂਦਾ ਹੈ। ਪੰਜਾਬੀਓ ਕਾਹਲੀ ਨਾ ਕਰਿਓ ਪੰਜ ਸਾਲ ਸਮਾਂ ਬਹੁਤ ਹੁੰਦਾ ਹੈ ਅਜੇ ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ। ਚੰਨੀ ਵਾਂਗੂ ਐਲਾਨਨਾਮੇ ਹੀ ਨਾ ਮੁਖ ਮੰਤਰੀ ਬਣ ਕਿ ਰਹਿ ਜਾਵੇ। ਸਬਰ ਦਾ ਫਲ ਹਮੇਸ਼ਾ ਮਿੱਠਾ ਹੁੰਦਾ ਹੈ। ਆਪਾਂ ਵੀ ਥੋੜ੍ਹੀ ਜਿਹੀ ਇੰਤਜ਼ਾਰ ਕਰੀਏ ਤੇ ਸਰਕਾਰ ਵੀ ਆਪਣੇ ਕਦਮ ਲੋਕਾਂ ਵਲ ਲੈ ਕੇ ਤੁਰੇ ਤਾਂ ਹੀ ਗੱਲ ਬਣਨੀ ਹੈ ਤਾੜੀ ਇੱਕ ਹੱਥ ਨਾਲ ਨਹੀਂ ਦੋਹਾਂ ਹੱਥਾਂ ਨਾਲ ਵੱਜਦੀ ਹੈ।

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ (7589155501)*




## ਨਸ਼ੇੜੀ ਪਿਓ ਨੇ ਕੰਧ ਨਾਲ ਪਟਕਾ ਕੇ ਮਾਸੂਮ ਧੀ ਮਾਰ ਸੁੱਟੀ

ਨਾਭਾ, 31 ਮਾਰਚ (ਪੋਸਟ ਬਿਊਰੋ)- ਸਥਾਨਕ ਮੁਹੱਲਾ ਪਾਂਡੂਸਰ ਵਿੱਚ ਇੱਕ ਕਲਯੁੱਗੀ ਪਿਤਾ ਵੱਲੋਂ ਚਿੱਟੇ ਦੇ ਨਸ਼ੇ ਵਿੱਚ ਧੁੱਤ ਹੋਣ ਕਾਰਨ ਆਪਣੀ ਤਿੰਨ ਮਹੀਨਿਆਂ ਦੀ ਮਾਸੂਮ ਬੱਚੀ ਨੂੰ ਬੇਰਹਿਮੀ ਨਾਲ ਕਤਲ ਕਰਨ ਦੀ ਖਬਰ ਹੈ।

ਨੌਜਵਾਨ ਅਜੇ ਕੁਮਾਰ ਨੇ ਤਿੰਨ ਸਾਲ ਪਹਿਲਾਂ ਲਵ-ਮੈਰਿਜ ਕਰਵਾਈ ਸੀ। ਉਸ ਨੇ ਰਾਤ ਆਪਣੀ ਬੱਚੀ ਨੂੰ ਬੈਡਰੂਮ ਦੀ ਕੰਧ ਨਾਲ ਮਾਰਿਆ, ਜਿਸ ਕਰ ਕੇ ਉਹ ਖ਼ੂਨ ਨਾਲ ਲਥਪਥ ਹੋ ਗਈ। ਬੱਚੀ ਨੂੰ ਉਸਦਾ ਦਾਦਾ-ਦਾਦੀ ਹਸਪਤਾਲ ਐਮਰਜੈਂਸੀ ਲੈ ਗਏ, ਜਿੱਥੋਂ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ ਗਿਆ। ਬੱਚੀ ਦੀ ਇਲਾਜ ਦੌਰਾਨ ਮੌਤ ਹੋ ਗਈ।ਦੋਸ਼ੀ ਦੇ ਪਿਤਾ ਸੰਜੇ ਕੁਮਾਰ ਨੇ ਦੱਸਿਆ ਕਿ ਅਜੇ ਨਸ਼ੇ ਦਾ ਆਦੀ ਹੈ। ਕੋਤਵਾਲੀ ਪੁਲਸ ਨੂੰ ਦੋ ਦਿਨ ਪਹਿਲਾਂ ਸੂਚਨਾ ਦਿੱਤੀ ਸੀ ਕਿ ਅਜੇ ਨਸ਼ੇ ਵਿੱਚ ਹੈ। ਦੋ ਪੁਲਸ ਮੁਲਾਜ਼ਮ ਆਏ ਅਤੇ ਘਰੋਂ ਕੁਝ ਹਥਿਆਰ ਚੁੱਕ ਕੇ ਲੈ ਗਏ ਪਰ ਅਜੇ ਨੂੰ ਨਾਲ ਲੈ ਕੇ ਨਹੀਂ ਗਏ। ਡੀ ਐਸ ਪੀ ਅਨੁਸਾਰ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀ ਅਜੇ ਫਰਾਰ ਹੈ।

## ਜਥੇਦਾਰ ਅਕਾਲ ਤਖਤ ਨੇ ਕਿਹਾ, ਹਰਿਮੰਦਰ ਸਾਹਿਬ ਤੋਂ ਸਿੱਧੇ ਗੁਰਬਾਣੀ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਚਲਾਏ

ਅੰਮ੍ਰਿਤਸਰ, 31 ਮਾਰਚ (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਵਿਖੇ ਦੇਸ਼-ਵਿਦੇਸ਼ ਤੋਂ ਪੁੱਜੀਆਂ ਸ਼ਿਕਾਇਤਾਂ ਤੋਂ ਬਾਅਦ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਹਿਦਾਇਤ ਕੀਤੀ ਹੈ ਕਿ ਉਹ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖਾਂ ਦੇ ਲਈ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਧਾ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਕਰਨ ਦੇ ਲਈ ਆਪਣਾ ਨਿੱਜੀ ਚੈਨਲ ਬਣਾ ਕੇ ਚਲਾਉਣਾ ਸ਼ੁਰੂ ਕਰੇ।

ਵਰਨਣ ਯੋਗ ਹੈ ਕਿ ਅੱਜ ਤੱਕ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਵਾਲੇ ਨਿੱਜੀ ਚੈਨਲ ਦੇ ਪ੍ਰਬੰਧਕਾਂ ਖ਼ਿਲਾਫ਼ ਬੀਤੇ ਦਿਨੀਂ ਇੱਕ ਲੜਕੀ ਵੱਲੋਂ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਗੰਭੀਰ ਦੋਸ਼ ਲਾਏ ਜਾਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਵਿਖੇ ਉਕਤ ਚੈਨਲ ਵਿਰੁੱਧ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਈ-ਮੇਲਜ਼ ਅਤੇ ਸ਼ਿਕਾਇਤਾਂ ਪੁੱਜੀਆਂ ਸਨ। ਕੱਲ੍ਹ ਸ਼੍ਰੋਮਣੀ ਕਮੇਟੀ ਦੇ ਇਜਲਾਸ ਮੌਕੇ ਇਸ ਦਾ ਸੱਚ ਸਾਹਮਣੇ ਆਉਣ ਤਕ ਇਸ ਚੈਨਲ ਤੋਂ ਗੁਰਬਾਣੀ ਪ੍ਰਸਾਰਨ ਬੰਦ ਕਰਕੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਵੈਬਸਾਈਟ ਤੋਂ ਗੁਰਬਾਣੀ ਪ੍ਰਸਾਰਨ ਸ਼ੁਰੂ ਕਰਨ ਦੀ ਮੰਗ ਕੀਤੀ ਗਈ ਸੀ।

ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਬੁੱਕ ਕਲੱਬ ਪਬਲਿਸ਼ਰਜ਼ ਦੇ ਮਾਲਕ ਥਮਿੰਦਰ ਸਿੰਘ ਅਨੰਦ ਨੂੰ ਇੱਕ ਮਹੀਨੇ ਦੇ ਅੰਦਰ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਨੂੰ ਭੇਜਣ ਦੀ ਹਦਾਇਤ ਕੀਤੀ ਹੈ। ਅਕਾਲ ਤਖਤ ਸਾਹਿਬ ਦੇ ਸੈਕਟਰੀਏਟ ਵੱਲੋਂ ਜਾਰੀ ਸੂਚਨਾ ਅਨੁਸਾਰ ਇਸ ਅਤਿ-ਸੰਵੇਦਨਸ਼ੀਲ ਮਾਮਲੇ ਨੂੰ ਵਿਚਾਰਨ ਲਈ ਸਿੱਖ ਵਿਦਵਾਨਾਂ ਦੀ ਸਬ-ਕਮੇਟੀ ਬਣਾਈ ਗਈ ਸੀ, ਜਿਸ ਦੀ ਰਿਪੋਰਟ ਅਨੁਸਾਰ ਥਮਿੰਦਰ ਸਿੰਘ ਵੱਲੋਂ ਆਪਣੀ ਮਰਜ਼ੀ ਨਾਲ ਲਗਾਂ-ਮਾਤਰਾਂ, ਬਿੰਦੀਆਂ ਲਾਈਆਂ ਅਤੇ ਹਟਾਈਆਂ ਗਈਆਂ ਹਨ।

## ਜਵਾਨ ਪੁੱਤ ਦੀ ਮੌਤ ਨਾ ਸਹਾਰਦੇ ਹੋਏ ਪਿਓ ਵੱਲੋਂ ਖ਼ੁਦਕੁਸ਼ੀ



ਅੰਮ੍ਰਿਤਸਰ, 31 ਮਾਰਚ (ਪੋਸਟ ਬਿਊਰੋ)- ਬੀਤੇ ਦਿਨ ਇੱਥੋਂ ਦੇ ਨੇੜਲੇ ਪਿੰਡ ਛੀਨਾ ਕਰਮ ਸਿੰਘ ਦੇਇੱਕ ਨੌਜਵਾਨ ਗਗਨਦੀਪ ਸਿੰਘ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਸੀ, ਜਿਸ ਦੀ ਲਾਸ਼ ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਸੇਖਵਾਂ ਦੇ ਪਿੰਡ ਮੂਲਿਆਂਵਾਲ ਤੋਂ ਮਿਲੀ ਸੀ। ਇਸ ਤੋਂ ਬਾਅਦ ਕੱਲ੍ਹ ਉਸ ਦੇ ਪਿਤਾ ਥਾਣੇਦਾਰ ਜਸਬੀਰ ਸਿੰਘ ਨੇ ਪੁੱਤ ਦੀ ਮੌਤ ਦਾ ਸਦਮਾ ਨਾ ਸਹਾਰਦੇ ਹੋਏ ਆਪਣੀ ਸਰਕਾਰੀ ਰਿਵਾਲਵਰ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ।

ਇਸ ਘਟਨਾ ਤੋਂ ਬਾਅਦ ਮੌਕੇ ਉੱਤੇ ਪਹੁੰਚੀ ਪੁਲਸ ਨੇ ਮ੍ਰਿਤਕ ਥਾਣੇਦਾਰ ਜਸਬੀਰ ਸਿੰਘ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਰਥਿਕ ਪੱਖੋਂ ਤੰਗਗਰੀਬ ਜੋੜੇ ਨੇ ਜ਼ਹਿਰ ਨਿਗਲਿਆ, ਦੋਵਾਂ ਦੀ ਮੌਤ

ਭਿੱਖੀਵਿੰਡ, 31 ਮਾਰਚ (ਪੋਸਟ ਬਿਊਰੋ)- ਬਲ੍ਹੇਰ ਵਾਸੀ ਪਤੀ-ਪਤਨੀ ਨੇ ਆਰਥਿਕ ਤੰਗੀ ਕਾਰਨ ਘਰ ਤੋਂ ਦੂਰ ਜਾ ਕੇ ਜ਼ਹਿਰੀਲਾ ਪਦਾਰਥ ਨਿਗਲ ਲਿਆ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ। ਤਿੰਨ ਬੱਚਿਆਂ ਦੇ ਮਾਤਾ-ਪਿਤਾ ਇਸ ਜੋੜੇ ਦਾ ਬਿਨਾਂ ਪੁਲਸ ਕਾਰਵਾਈ ਕਰਵਾਇਆਂ ਸਸਕਾਰ ਕਰ ਦਿੱਤਾ ਗਿਆ।

ਜਸਬੀਰ ਸਿੰਘ ਪੁੱਤਰ ਸੰਗਾ ਸਿੰਘ ਪਿੰਡ ਬਲ੍ਹੇਰ ਨੇ ਦੱਸਿਆ ਕਿ ਉਸ ਦਾ ਭਰਾ ਦਿਲਬਾਗ ਸਿੰਘ (42) ਬੇਜ਼ਮੀਨਾ ਸੀ ਅਤੇ ਦਿਹਾੜੀ ਕਰ ਕੇ ਘਰ ਦਾ ਗੁਜ਼ਾਰਾ ਚਲਾਉਂਦਾ ਸੀ। ਉਸ ਦਾ ਕੰਮ ਕੋਰੋਨਾ ਮਹਾਮਾਰੀ ਕਾਰਨ ਡਾਵਾਂਡੋਲ ਹੋ ਚੁੱਕਾ ਸੀ। ਉਸ ਦੀ ਵੱਡੀ ਲੜਕੀ ਅਮਨਪ੍ਰੀਤ ਕੌਰ (18) ਦੀ ਪੜ੍ਹਾਈ ਛੁੱਟ ਚੁੱਕੀ ਸੀ ਅਤੇ ਪਿੰਡ ਦੇ ਸਕੂਲ ਵਿੱਚ ਪੜ੍ਹਦੀ 15 ਸਾਲਾ ਛੋਟੀ ਲੜਕੀ ਸ਼ਰਨਜੀਤ ਕੌਰ ਤੇ 12 ਸਾਲਾ ਲੜਕੇ ਸਰਪ੍ਰੀਤ ਸਿੰਘ ਦੀ ਪੜ੍ਹਾਈ ਦੇ ਖਰਚੇ ਅਤੇ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਅਸਮਰਥ ਹੋਏ ਦਿਲਬਾਗ ਸਿੰਘ ਨੇ ਪਤਨੀ ਸੁਨੀਤਾ (39) ਸਮੇਤ ਕੱਲ੍ਹ ਪਿੰਡ ਕੱਚਾ ਪੱਕਾ ਦੇ ਕੋਲ ਜਾ ਕੇ ਸ਼ਾਮ ਕਰੀਬ ਸਾਢੇ ਚਾਰ ਵਜੇ ਜ਼ਹਿਰੀਲਾ ਪਦਾਰਥ ਨਿਗਲ ਲਿਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਸ ਦੀ ਜਾਣਕਾਰੀ ਫੋਨ ਕਰ ਕੇ ਗੁਆਂਢ ਰਹਿੰਦੇ ਬਲਦੇਵ ਸਿੰਘ ਨੂੰ ਦਿੱਤੀ, ਪਰ ਉਨ੍ਹਾਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਦੋਵਾਂ ਦੀ ਮੌਤ ਹੋ ਚੁੱਕੀ ਸੀ। ਪਰਵਾਰ ਦੀ ਸਹਿਮਤੀ ਨਾਲ ਪੁਲਸ ਕਾਰਵਾਈ ਨਹੀਂ ਕਰਵਾਈ ਗਈ।

## ਕੈਦੀਆਂ ਦੇ ਆਚਰਨ ਵਿੱਚ ਸੁਧਾਰ ਲਈ ਸੁਧਾਰਾਤਮਕ ਕਦਮ ਚੁੱਕਣ ਦੀ ਲੋੜ: ਭਗਵੰਤ ਮਾਨ

*** ਲੋੜੀਂਦੀ ਮਾਨਵੀ ਸ਼ਕਤੀ, ਆਈ.ਟੀ. ਅਧਾਰਤ ਨਵੀਨਤਮ ਤਕਨਾਲੋਜੀ ਅਤੇ ਢੁਕਵੇਂ ਫੰਡਾਂ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ**



ਚੰਡੀਗੜ, 31 ਮਾਰਚ (ਗਿਆਨ ਸਿੰਘ)- ਜੇਲ ਪ੍ਰਸ਼ਾਸਨ ਵਿੱਚ ਵਿਆਪਕ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਜੇਲ ਵਿਭਾਗ ਦੇ ਅਧਿਕਾਰੀਆਂ ਨੂੰ ਪੰਜਾਬ ਦੀ ਜੇਲ ਪ੍ਰਣਾਲੀ ਨੂੰ ਦੇਸ਼ ਭਰ ਵਿੱਚ ਸਭ ਤੋਂ ਬਿਹਤਰ ਬਣਾਉਣ ਲਈ ਆਪਣੀ ਪੂਰੀ ਸਮਰੱਥਾ ਅਤੇ ਕਾਬਲੀਅਤ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ।

ਪੰਜਾਬ ਭਵਨ ਵਿਖੇ ਜੇਲ ਵਿਭਾਗ ਦੀ ਪਲੇਠੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸ਼ਬਦਾਂ ਨਾਲੋਂ ਕੰਮ ਦੀ ਕਾਰਗੁਜ਼ਾਰੀ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਤੁਹਾਡੇ ਸਾਰਿਆਂ ਵੱਲੋਂ ਇੱਕ ਟੀਮ ਵਜੋਂ ਕੀਤੇ ਗਏ ਚੰਗੇ ਕੰਮਾਂ ਨੂੰ ਪ੍ਰਦਰਸ਼ਿਤ ਕਰਨ ਲਈ ਸਿਰਫ ਸਫਲਤਾ ਹੀ ਨਿਰਣਾਇਕ ਕਾਰਕ ਹੋਣੀ ਚਾਹੀਦੀ ਹੈ। ਜੇਲ ਵਿਭਾਗ ਵੱਲੋਂ ਕੀਤੀਆਂ ਗਈਆਂ ਅਹਿਮ ਪਹਿਲਕਦਮੀਆਂ ਲਈ ਸਮੁੱਚੀ ਟੀਮ ਦੀ ਸ਼ਲਾਘਾ ਕਰਦਿਆਂ ਮਾਨ ਨੇ ਕਿਹਾ ਕਿ ਤੁਹਾਨੂੰ ਜੇਲ ਪ੍ਰਣਾਲੀ ਦੇ ਤੇਲੰਗਾਨਾ ਮਾਡਲ ਦੇ ਮਾਪਦੰਡਾਂ ਨੂੰ ਪਾਰ ਕਰਨ ਲਈ ਉੱਤਮ ਕਾਰਗੁਜ਼ਾਰੀ ਵਿਖਾਉਣੀ ਹੋਵੇਗੀ। ਉਨਾਂ ਵਿਭਾਗ ਨੂੰ ਲੋੜੀਂਦੀ ਮਨੁੱਖੀ ਸ਼ਕਤੀ, ਆਈਟੀ ਅਧਾਰਤ ਨਵੀਨਤਮ ਤਕਨਾਲੋਜੀ ਅਤੇ ਢੁਕਵੇਂ ਫੰਡਾਂ ਸਮੇਤ ਹਰ ਤਰਾਂ ਦੇ ਸਮਰਥਨ ਦਾ ਭਰੋਸਾ ਦਿੱਤਾ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸਾਡਾ ਮੁੱਖ ਟੀਚਾ ਕੱਟੜ ਅਪਰਾਧੀਆਂ, ਗੈਂਗਸਟਰਾਂ ਅਤੇ ਨਸ਼ੇ ਦੇ ਆਦੀਆਂ ਸਮੇਤ ਕੈਦੀਆਂ ਨੂੰ ਸੁਧਾਰਨਾ ਹੋਣਾ ਚਾਹੀਦਾ ਹੈ ਤਾਂ ਜੋ ਉਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ। ਉਨਾਂ ਕਿਹਾ ਕਿ ਜੇਲਾਂ ਨੂੰ ਤਸ਼ੱਦਦ ਕੇਂਦਰ ਨਹੀਂ ਕਰਨਾ ਚਾਹੀਦਾ ਸਗੋਂ ਉਨਾਂ ਨੂੰ ਸੁਧਾਰ ਘਰ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਕੈਦੀਆਂ ਨੂੰ ਕਾਉਂਸਲਿੰਗ ਪ੍ਰਦਾਨ ਕੀਤੀ ਜਾ ਸਕੇ ਜਿਸ ਨਾਲ ਉਹ ਆਪਣੀ ਸਜਾ ਭੁਗਤਣ ਤੋਂ ਬਾਅਦ ਸਮਾਜ ਦੇ ਆਦਰਸ਼ ਨਾਗਰਿਕ ਬਣ ਕੇ ਸਨਮਾਨ ਨਾਲ ਜੀਵਨ ਬਤੀਤ ਕਰ ਸਕਣ।

ਜੇਲ ਵਿਭਾਗ ਦੇ ਅਧਿਕਾਰੀਆਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਗਵੰਤ ਮਾਨ ਨੇ ਪੁਲਿਸ ਵਿਭਾਗ ਦੀ ਤਰਜ਼ 'ਤੇ ਜੇਲ ਵਿਭਾਗ ਦੇ ਮੁਲਾਜਮਾਂ ਨੂੰ ਵੀ ਉਨਾਂ ਦੇ ਜਨਮ ਦਿਨ 'ਤੇ ਵਧਾਈ ਦੇਣ ਦੀ ਸਕੀਮ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ।

ਜੇਲ ਵਿਭਾਗ ਦੇ ਕੰਮਕਾਜ ਬਾਰੇ ਪੇਸ਼ਕਾਰੀ ਦਿੰਦਿਆਂ ਏਡੀਜੀਪੀ ਜੇਲਾਂ ਪੀ.ਕੇ. ਸਿਨਹਾ ਨੇ ਮੁੱਖ ਮੰਤਰੀ ਨੂੰ ਜੇਲ ਵਿਭਾਗ ਦਾ ਵੱਖਰਾ ਇੰਟੈਲੀਜੈਂਸ ਵਿੰਗ ਸਥਾਪਤ ਕਰਨ ਅਤੇ ਹਰ ਪੱਧਰ 'ਤੇ ਖਾਲੀ ਮਨਜ਼ੂਰ 46.98 ਫ਼ੀਸਦ ਖਾਲੀ ਅਸਾਮੀਆਂ ਨਾਲ ਭਰਨ ਲਈ ਤੁਰੰਤ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਅਪੀਲ ਕੀਤੀ।

## ਰੁਜ਼ਗਾਰ ਮੰਗਦੇ ਨੌਜਵਾਨ ਮੁੱਖ ਮੰਤਰੀ ਦੇ ਸ਼ਹਿਰ ਵਿੱਚ ਟੈਂਕੀ ਉਤੇ ਜਾ ਚੜ੍ਹੇ



ਸੰਗਰੂਰ, 31 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੀਆਂ ਸਰਕਾਰਾਂ ਵਾਲਾ ਰਵੱਈਆ ਅਪਣਾਉਣ ਦੇ ਦੋਸ਼ ਹੇਠ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ ਨੇ ਕੱਲ੍ਹ ਭਗਵੰਤ ਮਾਨ ਦੇ ਸ਼ਹਿਰੀ ਜ਼ਿਲਾ ਕੇਂਦਰ ਸੰਗਰੂਰ ਵਿੱਚ ਸਾਰਾ ਦਿਨ ਜ਼ੋਰਦਾਰ ਪ੍ਰਦਰਸ਼ਨ ਕੀਤੇ।

ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ 14ਵੇਂ ਦਿਨ ਕੱਲ੍ਹ ਅੱਠ ਨੌਜਵਾਨ ਮੁੰਡੇ-ਕੁੜੀਆਂ ਪਾਣੀ ਦੀ ਟੈਂਕੀ ਉੱਤੇ ਚੜ੍ਹ ਗਏ ਅਤੇ ਭਗਵੰਤ ਮਾਨ ਦੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਨਿੱਜੀ ਰਿਹਾਇਸ਼ ਤੋਂ ਕੁਝ ਦੂਰ ਸੜਕ ਕੰਢੇ ਧਰਨਾ ਲਾਈ ਬੈਠੇ ਨੌਜਵਾਨਾਂ ਨੇ ਕਿਹਾ ਕਿ ਉਨ੍ਹਾਂ ਨੇ ਸਾਲ 2016 ਦੌਰਾਨ ਪੰਜਾਬ ਪੁਲਸ ਦੇ ਸਿਪਾਹੀ ਦੀ ਭਰਤੀ ਲਈ ਟੈਸਟ ਦਿੱਤਾ ਸੀ ਅਤੇ ਭਰਤੀ ਸੂਚੀ ਵਿੱਚੋਂ ਲੱਗਭਗ 700 ਨੌਜਵਾਨਾਂ ਨੂੰ ਸਰਕਾਰ ਨੇ ਵੇਟਿੰਗ ਸੂਚੀ ਵਿੱਚ ਰੱਖ ਲਿਆ ਸੀ, ਜਦਕਿ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਮੈਡੀਕਲ ਅਤੇ ਵੈਰੀਫਿਕੇਸ਼ਨ ਦੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਮੁੱਖ ਮੰਤਰੀ ਪਾਸ ਭਰਤੀ ਦੀ ਫਰਿਆਦ ਕਰਨ ਗਏ ਇਨ੍ਹਾਂ ਨੌਜਵਾਨਾਂ ਦੀ 22 ਮਾਰਚ ਨੂੰ ਮੁੱਖ ਮੰਤਰੀ ਦੇ ਓ ਐਸ ਡੀ ਸੁਖਵੀਰ ਸਿੰਘ ਨਾਲ ਬੈਠਕ ਕਰਾਈ ਗਈ, ਜਿਸ ਪਿੱਛੋਂ ਓ ਐਸ ਡੀ ਵੱਲੋਂ 28 ਮਾਰਚ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਲਈ ਚੰਡੀਗੜ੍ਹ ਸੱਦਿਆ ਗਿਆ। ਓਥੇ ਪਹੁੰਚੇ ਨੌਜਵਾਨਾਂ ਨਾਲ ਮੁੱਖ ਮੰਤਰੀ ਦੀ ਥਾਂ ਫਿਰ ਓ ਐਸ ਡੀ ਨਾਲ ਮੀਟਿੰਗ ਕਰਵਾ ਦਿੱਤੀ, ਜਿਸ ਤੋਂ ਨਾਰਾਜ਼ ਇਨ੍ਹਾਂ ਨੌਜਵਾਨਾਂ ਨੇ ਸੰਗਰੂਰ ਦੇ ਪੂਨੀਆ ਟਾਵਰ ਲਾਗੇ ਦਿੱਲੀ-ਲੁਧਿਆਣਾ ਰੋਡ ਉੱਤੇ ਧਰਨਾ ਦੇ ਕੇ ਚੱਕਾ ਜਾਮ ਕਰ ਦਿੱਤਾ। ਫਿਰ ਉਹ ਹਰੀਪੁਰਾ ਰੋਡ ਵਿਖੇ ਪਾਣੀ ਵਾਲੀ ਟੈਂਕੀ ਉੱਤੇ ਚੜ੍ਹ ਗਏ। ਧਰਨਾਕਾਰੀਆਂ ਵਿੱਚੋਂ ਕੁਝ ਨੌਜਵਾਨ ਹੱਥਾਂ ਵਿੱਚ ਪੈਟਰੋਲ ਦੀਆਂ ਬੋਤਲਾਂ ਲੈ ਕੇ ਖੁਦਕੁਸ਼ੀ ਕਰਨ ਦੀ ਚਿਤਾਵਨੀ ਦੇ ਰਹੇ ਸਨ, ਜਿਸ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੁਸੀਬਤ ਵਿੱਚ ਹੋਰ ਵਾਧਾ ਕਰ ਦਿੱਤਾ।

## ਸ਼ੈੱਡ ਢਹਿਣ ਨਾਲ ਦੋ ਮਜ਼ਦੂਰ ਔਰਤਾਂ ਦੀ ਮੌਤ, 13 ਜ਼ਖਮੀ

ਜ਼ੀਰਕਪੁਰ, 31 ਮਾਰਚ (ਪੋਸਟ ਬਿਊਰੋ)- ਜ਼ੀਰਕਪੁਰ-ਪਟਿਆਲਾ ਰੋਡ ਉੱਤੇ ਪਿੰਡ ਰਾਮਪੁਰ ਕਲਾਂ ਵਿਖੇ ਉਸਾਰੇ ਜਾ ਰਹੇ ਇੰਡਸਟਰੀਅਲ ਸ਼ੈੱਡ ਦੀ ਛੱਤ ਡਿੱਗਣ ਨਾਲ ਦੋ ਮਜ਼ਦੂਰ ਔਰਤਾਂ ਦੀ ਮੌਤ ਹੋ ਗਈ ਤੇ 13 ਮਜ਼ਦੂਰ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚੋਂ ਇੱਕ ਜਣੇ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮਿਲੇ ਵੇਰਵਿਆਂ ਅਨੁਸਾਰ ਸਾਰੇ ਮਜ਼ਦੂਰ ਉਸਾਰੀ ਕਰਨ ਵਾਲੇ ਠੇਕੇਦਾਰ ਕੋਲ ਕੰਮ ਕਰਦੇ ਸਨ। ਪਤਾ ਲੱਗਾ ਹੈ ਕਿ ਵਧਾਇਕ ਅਜੀਤ ਸਿੰਘਪਾਲ ਸਿੰਘ ਕੋਹਲੀ ਦੇ ਭਰਾ ਗੁਰਜੀਤ ਸਿੰਘ ਕੋਹਲੀ ਵੱਲੋਂ ਗੱਡੀਆਂ ਦੇ ਟਾਇਰਾਂ ਦੀ ਸਟੋਰੇਜ ਲਈ ਇੱਥੇ ਵੇਅਰ ਹਾਊਸ ਬਣਾਇਆ ਜਾ ਰਿਹਾ ਸੀ। ਕੱਲ੍ਹ ਸਵੇਰੇ ਲੇਬਰ ਚਾਹ ਪੀ ਕੇ ਜਦ ਮੁੜ ਤੋਂ ਕੰਮ ਕਰਨ ਲੱਗੀ ਤਾਂ ਅਚਾਨਕ ਸਾਰਾ ਸ਼ੈੱਡ ਲੋਹੇ ਦੇ ਐਂਗਲਾਂ ਸਣੇ ਡਿੱਗ ਗਿਆ ਜਿਸ ਹੇਠਾਂ 15 ਦੇ ਕਰੀਬ ਮਜ਼ਦੂਰ ਦੱਬ ਕੇ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਬਾਹਰ ਕੱਢ ਕੇ ਹਸਪਤਾਲ ਪੁਚਾਇਆ। ਹਾਦਸੇ ਵਿੱਚ ਗੰਭੀਰ ਜ਼ਖਮੀ ਪੰਜ ਜਣਿਆਂ ਨੂੰ ਚੰਡੀਗੜ੍ਹ ਦੇ ਸੈਕਟਰ 32 ਹਸਪਤਾਲ ਲਿਜਾਇਆ ਗਿਆ, ਜਿੱਥੇ ਪਹੁੰਚਣ ਉੱਤੇ ਦੋ ਔਰਤਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਜਦ ਕਿ ਬਾਕੀ ਜ਼ਖਮੀਆਂ ਨੂੰ ਡੇਰਾਬੱਸੀ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

## 10 ਕਰੋੜ ਦੇ ਫਰਜ਼ੀ ਫਰਮ ਕੇਸ ਵਿੱਚ ਇੱਕ ਗ੍ਰਿਫ਼ਤਾਰ

ਲੁਧਿਆਣਾ, 31 ਮਾਰਚ (ਪੋਸਟ ਬਿਊਰੋ)- ਸੈਂਟ੍ਰਲ ਜੀ ਐਸ ਟੀ ਕਮਿਸ਼ਨਰੇਟ ਦੀ ਐਂਟੀ ਐਵਸ਼ਿਨ ਵਿੰਗ ਨੇ 10 ਕਰੋੜਾਂ ਤੋਂ ਵੱਧ ਦੇ ਬੋਗਸ ਬਿਲਿੰਗ ਰਾਹੀਂ ਫਰਜ਼ੀ ਇਨਪੁੱਟ ਟੈਕਸ ਕ੍ਰੈਡਿਟ ਦੀ ਧੋਖਾਧੜੀ ਦਾ ਪਰਦਾਫਾਸ਼ ਕੀਤਾ ਹੈ।

ਵਿਭਾਗੀ ਕਾਰਵਾਈ ਵਿੱਚ ਪਤਾ ਲੱਗਾ ਕਿ ਫਰਜ਼ੀ ਫਰਮਾਂ ਦੀ ਮਦਦ ਨਾਲ ਗੁਰਬਖਸ਼ ਲਾਲ ਉਰਫ਼ ਹੈਪੀ ਨਾਗਪਾਲ ਅਤੇ ਯਸ਼ਪਾਲ ਮਹਿਤਾ ਵੱਲੋਂ ਫਰਮਾਂ ਨੂੰ ਚਲਾਇਆ ਜਾਂਦਾ ਸੀ। ਇੱਕ ਪ੍ਰਮੁੱਖ ਇੰਡਸਟ੍ਰੀਜ਼ ਦੇ ਮਾਲਕ ਨੂੰ ਵਿਭਾਗ ਨੇ ਕੱਲ੍ਹ ਗ੍ਰਿਫ਼ਤਾਰ ਕੀਤਾ ਤਾਂਜਾਂਚ ਦੌਰਾਨ ਰਾਜੇਸ਼ ਕੁਮਾਰ ਉਰਫ਼ ਸੋਨੂੰ ਨੇ ਆਪਣੇ ਸਵੈ-ਇੱਛਤ ਬਿਆਨਾਂ ਵਿੱਚ ਮੰਨਿਆ ਕਿ ਉਹ ਯਸ਼ਪਾਲ ਮਹਿਤਾ ਦੀ ਮਾਲਕੀ ਵਾਲੀਆਂ ਫਰਮਾਂ ਮੈਸਰਸ ਬੀ ਐਸ ਇੰਡਸਟ੍ਰੀਜ਼ ਅਤੇ ਆਈ ਐਨ ਇੰਟਰਨੈਸ਼ਨਲ ਦਾ ਲੈਣ ਦੇਣ ਕਰਦਾ ਸੀ। ਇਨ੍ਹਾਂ ਫਰਮਾਂ ਵਿੱਚ 6.25 ਕਰੋੜ ਦਾ ਆਈ ਟੀ ਸੀ ਵਸੂਲਿਆ ਗਿਆ ਸੀ। ਰਾਜੇਸ਼ ਕੁਮਾਰ ਉਰਫ਼ ਸੋਨੂੰ ਨੇ ਇਹ ਮੰਨਿਆ ਕਿ ਉਸ ਨੇ ਯਸ਼ਪਾਲ ਮਹਿਤਾ ਦੇ ਕਹਿਣ ਉੱਤੇ ਇੱਕ ਫਰਮ ਖੋਲ੍ਹੀ ਸੀ, ਜਿਸ ਨਾਲ ਲੱਗਭਗ 4.70 ਕਰੋੜ ਦੀ ਆਈ ਟੀ ਸੀ ਫਰਮ ਐਸ ਕੇ ਇੰਡਸਟ੍ਰੀਜ਼ ਤੋਂ ਲਾਭ ਲਿਆ ਸੀ। ਸੋਨੂੰ ਨੇ ਮੈਸਰਸ ਬੀ ਐਸ ਇੰਡਸਟ੍ਰੀਜ਼ ਅਤੇ ਆਈ ਐਨ ਇੰਟਰਨੈਸ਼ਨਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਯਸ਼ਪਾਲ ਮਹਿਤਾ ਰਾਹੀਂ ਅੱਗੇ ਇੱਕ ਫਰਜ਼ੀ ਫਰਮ ਐਸ ਇੰਡਸਟ੍ਰੀਜ਼ ਨੂੰ ਧੋਖਾਧੜੀ ਦੇ ਨਾਲ ਖੋਲ੍ਹਿਆ ਤੇ ਇਨ੍ਹਾਂ ਤਿੰਨ ਫਰਮਾਂ ਵਿੱਚ 10 ਕਰੋੜ ਤੋਂ ਜ਼ਿਆਦਾ ਆਈ ਟੀ ਸੀ ਦਾ ਲਾਭ ਉਠਾਇਆ। ਮਾਮਲੇ ਵਿੱਚ ਅੱਗੇ ਦੀ ਜਾਂਚ ਜਾਰੀ ਹੈ।


## ਤੇਜ਼ਾਬ ਪਾ ਕੇ ਆਪਣੇ ਘਰ ਦੇ ਚਾਰ ਜੀਅ ਜ਼ਖਮੀ ਕੀਤੇ

ਮੋਗਾ, 31 ਮਾਰਚ (ਪੋਸਟ ਬਿਊਰੋ)- ਏਥੋਂ ਦੀ ਜ਼ੀਰਾ ਰੋਡ ਉੱਤੇ ਇੱਕ ਗਲੀ ਵਿੱਚ ਇੱਕ ਵਿਅਕਤੀ ਨੇ ਆਪਣੀ ਪਤਨੀ, ਸੱਸ, ਪੁੱਤਰ ਅਤੇ ਸਾਲੀ ਦੇ ਲੜਕੇ ਉੱਤੇ ਤੇਜ਼ਾਬ ਪਾ ਕੇ ਜ਼ਖਮੀ ਕਰ ਦਿੱਤਾ। ਇਸ ਘਟਨਾ ਵਿੱਚ ਤੇਜ਼ਾਬ ਪਾਉਣ ਵਾਲਾ ਵਿਅਕਤੀ ਖੁਦ ਵੀ ਤੇਜ਼ਾਬ ਦੀ ਲਪੇਟ ਵਿੱਚ ਆ ਕੇ ਝੁਲਸ ਗਿਆ।

ਸਰਕਾਰੀ ਹਸਪਤਾਲ ਵਿੱਚ ਦਾਖਲ ਸਰਬਜੀਤ ਕੌਰ ਦੇ ਦੱਸਣ ਮੁਤਾਬਕ ਉਸ ਦਾ ਵਿਆਹ 15 ਸਾਲ ਪਹਿਲਾਂ ਸੁਰਿੰਦਰ ਸਿੰਘ ਵਾਸੀ ਜ਼ੀਰਾ ਰੋਡ ਮੋਗਾ ਨਾਲ ਹੋਇਆ ਸੀ। ਉਸ ਦੇ ਦੋ ਬੱਚੇ ਹਨ। ਪਤੀ ਨਸ਼ੇ ਦਾ ਆਦੀ ਹੈ ਅਤੇ ਰੋਜ਼ਾਨਾ ਹੀ ਉਸ ਦੀ ਮਾਰਕੁੱਟ ਕਰਦਾ ਹੈ। ਉਸ ਨੇ ਆਪਣੇ ਇੱਕ ਲੜਕੇ ਵਿਸ਼ ਕੁਮਾਰ ਨੂੰ ਪੇਕੇ ਘਰ ਸੁਲਤਾਨਪੁਰ ਭੇਜ ਦਿੱਤਾ ਤੇ ਖੁਦ ਕਿਸੇ ਫੈਕਟਰੀ ਵਿੱਚ ਨੌਕਰੀ ਕਰ ਲਈ। ਸੋਮਵਾਰ ਰਾਤ ਉਸ ਦੇ ਪਤੀ ਨੇ ਨਸ਼ੇ ਦੀ ਹਾਲਤ ਵਿੱਚ ਉਸ ਦੀ ਮਾਰਕੁੱਟ ਕੀਤੀ ਅਤੇ ਵਾਲਾਂ ਤੋਂ ਫੜ ਕੇ ਘਸੀਟਦੇ ਹੋਏ ਉਸ ਨੂੰ ਗਲੀ ਵਿੱਚ ਖਿੱਚ ਲਿਆਇਆ। ਉਸ ਦਾ ਰੌਲਾ ਸੁਣ ਕੇ ਆਸਪਾਸ ਦੇ ਲੋਕਾਂ ਨੇ ਉਸ ਨੂੰ ਛੁਡਵਾਇਆ। ਉਸ ਨੇ ਆਪਣੀ ਜਾਨ ਬਚਾਉਣ ਲਈ ਰਾਤ ਨੂੰ ਆਪਣੇ ਗੁਆਂਢ ਕਿਸੇ ਦੇ ਘਰ ਵਿੱਚ ਸ਼ਰਨ ਲਈ ਤੇ ਆਪਣੀ ਮਾਤਾ ਨੂੰ ਵੀ ਫੋਨ ਉੱਤੇ ਸਾਰੀ ਗੱਲ ਦੱਸੀ। ਸਵੇਰੇ ਉਸ ਦੀ ਮਾਤਾ ਕਸ਼ਮੀਰ ਕੌਰ, ਭਾਣਜਾ ਅਜੈ ਕੁਮਾਰ ਤੇ ਉਸ ਦਾ ਲੜਕਾ ਵਿਸ਼ ਕੁਮਾਰ ਸੁਲਤਾਨਪੁਰ ਤੋਂ ਮੋਗੇ ਉਸ ਕੋਲ ਆਏ ਅਤੇ ਉਹ ਉਨ੍ਹਾਂ ਨੂੰ ਆਪਣੇ ਨਾਲ ਘਰ ਲੈ ਗਈ। ਜਦੋਂ ਉਸ ਨੇ ਘਰ ਦਾ ਗੇਟ ਖੜਕਾਇਆ ਤਾਂ ਉਸ ਦੇ ਪਤੀ ਨੇ ਦਰਵਾਜ਼ਾ ਖੋਲ੍ਹਦਿਆਂ ਸਾਰ ਉਨ੍ਹਾਂਉਤੇ ਤੇਜ਼ਾਬ ਪਾ ਦਿੱਤਾ ਤੇ ਚਾਰੇ ਜਣੇ ਝੁਲਸ ਗਏ। ਇਸ ਘਟਨਾ ਦੌਰਾਨ ਉਸ ਦੇ ਪਤੀ ਦੇ ਚਿਹਰੇ ਉੱਤੇ ਵੀ ਤੇਜ਼ਾਬ ਪੈਣ ਕਰ ਕੇ ਉਹ ਝੁਲਸ ਗਿਆ।ਝੁਲਸੇ ਪੰਜਾਂ ਜਣਿਆਂ ਨੂੰ ਸਰਕਾਰੀ ਹਸਪਤਾਲ ਦਾਖਲ ਕਰਾਇਆ ਗਿਆ।

## ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਦੀ ਹੋਈ ਚੋਣ, 65 ਮੈਂਬਰੀ ਕਮੇਟੀ ਦਾ ਕੀਤਾ ਗਿਆ ਗਠਨ

***ਮਹਿੰਦਰ ਪਾਲ ਲੂੰਬਾ ਚੇਅਰਮੈਨ, ਗੁਰਸੇਵਕ ਸਿੰਘ ਸੰਨਿਆਸੀ ਪ੍ਰਧਾਨ, ਅਮਰਜੀਤ ਜੱਸਲ ਜਨਰਲ ਸਕੱਤਰ, ਚੁਣੇ ਗਏ**



ਮੋਗਾ 31 ਮਾਰਚ (ਪੋਸਟ ਬਿਓਰੋ) ਮੋਗਾ ਜਿਲ੍ਹੇ ਦੀਆਂ ਪੇਂਡੂ ਅਤੇ ਸ਼ਹਿਰੀ ਸਮਾਜ ਸੇਵੀ ਸੰਸਥਾਵਾਂ ਦੇ ਏਕੇ ਤੇ ਆਧਾਰਿਤ ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਦੀ ਚੋਣ ਰੂਰਲ ਐਨ ਜੀ ਓ ਮੋਗਾ ਦੇ ਦਫਤਰ ਬਸਤੀ ਗੋਬਿੰਦਗੜ੍ਹ ਮੋਗਾ ਵਿਖੇ ਹੋਈ, ਜਿਸ ਵਿੱਚ ਪਿੰਡਾਂ ਅਤੇ ਸ਼ਹਿਰਾਂ ਦੀਆਂ 51 ਸਮਾਜ ਸੇਵੀ ਸੰਸਥਾਵਾਂ ਨੇ ਹਿੱਸਾ ਲਿਆ। ਇਨ੍ਹਾਂ ਸੰਸਥਾਵਾਂ ਦੇ ਐਕਟਿਵ ਮੈਂਬਰਾਂ ਨੂੰ ਲੈ ਕੇ ਇੱਕ 65 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਹ ਚੋਣ ਜਿਲ੍ਹਾ ਐਨ ਜੀ ਓ ਕੋਆਰਡੀਨੇਟਰ ਦਰਸ਼ਨ ਸਿੰਘ ਵਿਰਦੀ, ਪੇਂਡੂ ਕਲੱਬਾਂ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਬਰਾੜ ਅਤੇ ਇਸਤਰੀ ਐਨ ਜੀ ਓ ਕੋਆਰਡੀਨੇਟਰ ਮੈਡਮ ਪ੍ਰੋਮਿਲਾ ਕੁਮਾਰੀ ਦੀ ਦੇਖ ਰੇਖ ਹੇਠ ਹੋਈ। 65 ਮੈਂਬਰੀ ਕਮੇਟੀ ਵਿੱਚੋਂ ਸਰਬਸੰਮਤੀ ਨਾਲ ਹੋਈ ਇਸ ਚੋਣ ਵਿੱਚ ਹਰਜਿੰਦਰ ਸਿੰਘ ਚੁਗਾਵਾਂ ਨੂੰ ਸਰਪ੍ਰਸਤ, ਮਹਿੰਦਰ ਪਾਲ ਲੂੰਬਾ ਨੂੰ ਚੇਅਰਮੈਨ, ਗੁਰਸੇਵਕ ਸਿੰਘ ਸੰਨਿਆਸੀ ਨੂੰ ਪ੍ਰਧਾਨ, ਅਮਰਜੀਤ ਜੱਸਲ ਨੂੰ ਜਨਰਲ ਸਕੱਤਰ, ਨਰਿੰਦਰ ਪਾਲ ਸਹਾਰਨ ਨੂੰ ਸਹਾਇਕ ਸਕੱਤਰ, ਕ੍ਰਿਸ਼ਨ ਸੂਦ ਨੂੰ ਕੈਸ਼ੀਅਰ, ਭਵਨਦੀਪ ਪੁਰਬਾ ਨੂੰ ਪ੍ਰੈੱਸ ਸਕੱਤਰ ਅਤੇ ਪੁਨੀਤ ਸੱਗੂ ਨੂੰ ਸਹਾਇਕ ਪ੍ਰੈੱਸ ਸਕੱਤਰ, ਪਰਮਜੀਤ ਸਿੰਘ ਖਾਲਸਾ ਅਤੇ ਕੁਲਦੀਪ ਸਿੰਘ ਕਲਸੀ ਨੂੰ ਸ਼ੋਸ਼ਲ ਮੀਡੀਆ ਇੰਚਾਰਜ, ਐਡ. ਦਿਨੇਸ਼ ਗਰਗ ਅਤੇ ਬਲਰਾਜ ਗੁਪਤਾ ਨੂੰ ਲੀਗਲ ਐਡਵਾਈਜ਼ਰ ਅਤੇ ਗੁਰਪ੍ਰੀਤ ਸਚਦੇਵਾ ਨੂੰ ਪ੍ਰੋਜੈਕਟ ਇੰਚਾਰਜ ਚੁਣਿਆ ਗਿਆ।

ਇਸ ਤੋਂ ਇਲਾਵਾ ਗਿਆਨ ਸਿੰਘ, ਹਰਭਜਨ ਸਿੰਘ ਬਹੋਨਾ, ਬਲਜੀਤ ਸਿੰਘ ਚਾਨੀ, ਗੁਰਨਾਮ ਸਿੰਘ ਲਵਲੀ, ਦਵਿੰਦਰਜੀਤ ਸਿੰਘ ਗਿੱਲ, ਓ.ਪੀ. ਕੁਮਾਰ, ਦੀਪਕ ਅਰੋੜਾ, ਜਸਵਿੰਦਰ ਰੱਖਰਾ, ਡਾ ਜਸਵੰਤ ਸਿੰਘ, ਪ੍ਰਿਆਵਰਤ ਗੁਪਤਾ, ਦਵਿੰਦਰਪਾਲ ਸਿੰਘ ਰਿੰਪੀ, ਹਰਪ੍ਰੀਤ ਖੀਵਾ, ਹਰਜਿੰਦਰ ਘੋਲੀਆ, ਬੇਅੰਤ ਕੌਰ ਗਿੱਲ, ਮਨਦੀਪ ਕਟਾਰੀਆ, ਪ੍ਰਿੰਸ ਅਰੋੜਾ, ਸੰਜੀਵ ਨਰੂਲਾ, ਕੰਵਲਜੀਤ ਮਹੇਸਰੀ, ਕਮਲਜੀਤ ਸਿੰਘ ਧੂੜਕੋਟ, ਡਾ ਸਰਬਜੀਤ ਕੌਰ ਬਰਾੜ, ਪ੍ਰਿਤਪਾਲ ਸਿੰਘ, ਰਾਜੇਸ਼ ਅਰੋੜਾ, ਵਿਜੇ ਸ਼ਰਮਾ, ਰਣਜੀਤ ਧਾਲੀਵਾਲ, ਦਰਸ਼ਨ ਲੋਪੋ, ਜੱਜ ਜੈਮਲਵਾਲਾ, ਬਲਰਾਜ ਸਿੰਘ ਸਮਾਲਸਰ, ਪ੍ਰੇਮਜੀਤ ਸ਼ਰਮਾ, ਕਮਲਜੀਤ ਸੈਦੋਕੇ, ਗੁਰਚਰਨ ਸਿੰਘ ਰਾਜੂ ਪੱਤੋ, ਅਜੇ ਕਾਂਸਲ, ਜਸਵਿੰਦਰ ਸ਼ਰਮਾ ਘੱਲਕਲਾਂ, ਵੀ.ਪੀ. ਸੇਠੀ, ਮੀਨਾ ਸ਼ਰਮਾ, ਕੁਲਵਿੰਦਰ ਸਿੰਘ ਸੋਨੂੰ, ਇਕਬਾਲ ਖੋਸਾ, ਜਸਵੰਤ ਪੁਰਾਣੇਵਾਲਾ, ਅਕਬਰ ਚੜਿੱਕ, ਰੇਸ਼ਮ ਸਿੰਘ ਜੀਤਾ ਸਿੰਘ ਵਾਲਾ, ਰਾਜ ਕੁਮਾਰ ਘੋਲੀਆ, ਪੀ.ਐਨ. ਮਿੱਤਲ, ਪੁਨੀਤ ਬਾਂਸਲ, ਕੇਵਲ ਕ੍ਰਿਸ਼ਨ, ਵਿਸ਼ਾਲ ਅਰੋੜਾ, ਕਪਿਲ ਭਾਰਤੀ, ਪ੍ਰਿਤਪਾਲ ਸਿੰਘ ਲੱਕੀ, ਗੋਕਲ ਚੰਦ, ਬੇਅੰਤ ਕੌਰ ਧਰਮਕੋਟ ਅਤੇ ਸੁਖਵਿੰਦਰ ਸਿੰਘ ਬੁੱਘੀਪੁਰਾ, ਮਨਜੀਤ ਕਾਂਸਲ ਅਤੇ ਗੌਰਵ ਸ਼ਰਮਾ ਧਰਮਕੋਟ ਨੂੰ ਐਗਜੈਕਟਿਵ ਮੈਂਬਰ ਨਿਯੁਕਤ ਕੀਤਾ ਗਿਆ।

## ਦਾਨ ਵਿੱਚ ਮਿਲੀ ਥਾਰ ਗੱਡੀ ਨੂੰ ਸ਼੍ਰੋਮਣੀ ਕਮੇਟੀ ਨਿਲਾਮ ਕਰਨ ਲੱਗੀ

*** ਪੰਜ ਅਪ੍ਰੈਲ ਨੂੰ ਥਾਰ ਗੱਡੀ ਸਣੇ ਪੰਜ ਗੱਡੀਆਂ ਦੀ ਨੀਲਾਮੀ**

ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾਨ ਵਿੱਚ ਮਿਲੀ ਹੋਈ ਥਾਰ ਗੱਡੀਨੂੰ ਨੀਲਾਮ ਕਰਨ ਲੱਗੀ ਹੈ। ਨਵੀਂ ਨਕੋਰ ਲਾਲ ਰੰਗ ਦੀ ਇਹ ਥਾਰ ਪੰਜ ਅਪ੍ਰੈਲ ਨੂੰ ਨੀਲਾਮ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਇਹ ਨਵੀਂ ਥਾਰ ਗੱਡੀ ਮਹਿੰਦਰਾ ਕੰਪਨੀ ਨੇ ਸ਼੍ਰੋਮਣੀ ਕਮੇਟੀ ਨੂੰ ਦਾਨ ਵਿੱਚ ਦਿੱਤੀ ਸੀ। ਹਾਲੇ ਤਕ ਇਹ ਗੱਡੀ ਸਿਰਫ 700 ਕਿਲੋਮੀਟਰ ਚੱਲੀ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਨੀਲਾਮ ਕਰਨ ਦਾ ਫੈਸਲਾ ਲੈ ਲਿਆ ਹੈ। ਸਭ ਖਰਚਿਆਂ ਸਣੇ ਇਸ ਦਾ ਬਾਜ਼ਾਰੂ ਮੁੱਲਾ 16.50 ਲੱਖ ਰੁਪਏ ਕਿਹਾ ਜਾਂਦਾ ਹੈ।ਮਹਿੰਦਰਾ ਕੰਪਨੀ ਦੀ ਥਾਰ ਗੱਡੀ ਦੀ ਕਾਫੀ ਮੰਗ ਹੈ ਤੇ ਇਸ ਨੂੰ ਖਰੀਦਣ ਵਾਲਿਆਂ ਦੀ ਲੰਮੀ ਵੇਟਿੰਗ ਲਿਸਟ ਹੈ। ਸ਼੍ਰੋਮਣੀ ਕਮੇਟੀ ਵੱਲੋਂ ਖੁੱਲ੍ਹੀ ਬੋਲੀ ਰਾਹੀਂ ਇਹ ਥਾਰ ਨੀਲਾਮ ਕੀਤੀ ਜਾਵੇਗੀ, ਜਿਸ ਦੀ ਸਕਿਓਰਿਟੀ ਫੀਸ ਪੰਜਾਹ ਹਜ਼ਾਰ ਰੁਪਏ ਰੱਖੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਮਹਿੰਦਰਾ ਕੰਪਨੀ ਵੱਲੋਂ ਜਦੋਂ ਵੀ ਨਵੀਂ ਗੱਡੀ ਲਾਂਚ ਕੀਤੀ ਜਾਂਦੀ ਹੈ ਤਾਂ ਪਹਿਲੀ ਗੱਡੀ ਦਾਨ ਵਜੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜਾਂਦੀ ਹੈ। ਪੰਜ ਸਾਲ ਪਹਿਲਾ ਵੀ ਕੰਪਨੀ ਨੇ ਇੱਕ ਗੱਡੀ ਦਾਨ ਕੀਤੀ ਸੀ।ਕਮੇਟੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਮਹਿੰਦਰਾ ਵੱਲੋਂ ਦਿੱਤੀ ਥਾਰ ਗੱਡੀ ਉਨ੍ਹਾਂ ਦੇ ਕੰਮ ਨਹੀਂ ਆ ਰਹੀਤੇ ਉਨ੍ਹਾਂ ਨੇ ਨੀਲਾਮੀ ਕਰਨ ਤੋਂ ਪਹਿਲਾਂ ਕੰਪਨੀ ਤੋਂ ਹਰੀ ਝੰਡੀ ਲੈ ਲਈ ਹੈ। ਉਨ੍ਹਾਂ ਦੱਸਿਆ ਕਿ ਥਾਰ ਨੂੰ ਨੀਲਾਮ ਕਰ ਕੇ ਉਹ ਕੋਈ ਹੋਰ ਗੱਡੀ ਖਰੀਦਣਗੇ, ਜੋ ਸ਼੍ਰੋਮਣੀ ਕਮੇਟੀ ਦੇ ਕੰਮ ਆ ਸਕੇ। ਮਹਿੰਦਰਾ ਕੰਪਨੀ ਵੱਲੋਂ ਮੁੰਬਈ ਤੋਂ ਭੇਜੀ ਇਹ 2021 ਮਾਡਲ ਗੱਡੀ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਨਾਂਅ ਹੈ।ਸ਼੍ਰੋਮਣੀ ਕਮੇਟੀ ਨੇ ਪੰਜ ਅਪ੍ਰੈਲ ਨੂੰ ਪੰਜ ਗੱਡੀਆਂ ਨੀਲਾਮ ਕਰਨੀਆਂ ਹਨ, ਜਿਨ੍ਹਾਂ ਵਿੱਚ ਥਾਰ ਤੋਂ ਇਲਾਵਾ 2017 ਮਾਡਲ ਇੱਕ ਕੈਮਰੀ ਆਟੋਮੈਟਿਕ ਗੱਡੀ ਹੈ, ਜਿਹੜੀ ਕਰੀਬ 51 ਹਜ਼ਾਰ ਕਿਲੋਮੀਟਰ ਹੀ ਚੱਲੀ ਹੈ। ਇਹ ਪਤਾ ਨਹੀਂ ਲੱਗ ਸਕਿਆ ਕਿ ਕੈਮਰੀ ਗੱਡੀ ਨੂੰ ਸ਼੍ਰੋਮਣੀ ਕਮੇਟੀ ਨੇ ਕੰਡਮ ਐਲਾਨਿਆ ਹੈ ਜਾਂ ਨਹੀਂ। ਇਸੇ ਤਰ੍ਹਾਂ 2011 ਮਾਡਲ ਇੱਕ ਟਵੇਰਾ ਗੱਡੀ, 2013 ਮਾਡਲ ਇੱਕ ਇਨੋਵਾ ਗੱਡੀ ਵੀ ਨੀਲਾਮ ਹੋਵੇਗੀ।



ਲਖੀਮਪੁਰ ਹਿੰਸਾ ਮਾਮਲਾ:

## ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਬਾਰੇ ਸੁਪਰੀਮ ਕੋਰਟ ਨੇ ਯੂ ਪੀ ਸਰਕਾਰ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 31 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਦੀ ਨਿਗਰਾਨੀ ਕਰ ਰਹੇ ਜੱਜ ਦੀ ਰਿਪੋਰਟ ਉੱਤੇ ਉੱਤਰ ਪ੍ਰਦੇਸ਼ ਸਰਕਾਰ ਤੋਂ ਜਵਾਬ ਮੰਗਿਆ ਹੈ। ਕੋਰਟ ਨੇ ਬੁੱਧਵਾਰ ਨੂੰ ਸੁਣਵਾਈ ਦੌਰਾਨ ਕਿਹਾ ਕਿ ਐਸ ਆਈ ਟੀ ਦੀ ਨਿਗਰਾਨੀ ਕਰਦੇ ਸੇਵਾਮੁਕਤ ਜੱਜ ਨੇ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਵਾਉਣ ਦੇ ਲਈ ਅਪੀਲ ਦਾਖਲ ਕਰਨ ਲਈ ਦੋ ਚਿੱਠੀਆਂ ਸੂਬਾ ਸਰਕਾਰ ਨੂੰ ਲਿਖੀਆਂ ਸਨ। ਸੂਬਾ ਸਰਕਾਰ ਉਸ ਉੱਤੇ ਆਪਣਾ ਜਵਾਬ ਦੇਵੇ।

ਇਸ ਮੌਕੇ ਉੱਤਰ ਪ੍ਰਦੇਸ਼ ਸਰਕਾਰ ਦੇ ਵਕੀਲ ਨੇ ਚਿੱਠੀਆਂ ਬਾਰੇ ਅਗਿਆਨਤਾ ਪ੍ਰਗਟ ਕੀਤੀ ਅਤੇ ਨਿਰਦੇਸ਼ ਲੈ ਕੇ ਦੱਸਣ ਲਈ ਸਮਾਂ ਮੰਗਿਆ। ਕੋਰਟ ਨੇ ਇਹ ਰਿਪੋਰਟ ਅਤੇ ਦੋਵਾਂ ਚਿੱਠੀਆਂ ਦੀਆਂ ਕਾਪੀਆਂ ਸੂਬਾ ਸਰਕਾਰ ਨੂੰ ਦੇਣ ਦਾ ਨਿਰਦੇਸ਼ ਦਿੰਦੇ ਹੋਏ ਮਾਮਲੇ ਦੀ ਸੁਣਵਾਈ ਚਾਰ ਅਪ੍ਰੈਲ ਤਕ ਟਾਲ ਦਿੱਤੀ ਹੈ।ਇਹ ਨਿਰਦੇਸ਼ ਕੱਲ੍ਹ ਚੀਫ ਜਸਟਿਸ ਐਨ ਵੀ ਰਮੰਨਾ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਇਲਾਹਾਬਾਦ ਹਾਈ ਕੋਰਟ ਤੋਂ ਮਿਲੀ ਜ਼ਮਾਨਤ ਰੱਦ ਕਰਨ ਦੀ ਮੰਗ ਉੱਤੇ ਸੁਣਵਾਈ ਦੌਰਾਨ ਦਿੱਤੇ। ਹਿੰਸਾ ਵਿੱਚ ਮਾਰੇ ਗਏ ਲੋਕਾਂ ਦੇ ਪਰਵਾਰਾਂ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਆਸ਼ੀਸ਼ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕੀਤੀ ਹੋਈ ਹੈ। ਆਸ਼ੀਸ਼ ਭਾਰਤ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦਾ ਪੁੱਤਰ ਹੈ।

ਪਟੀਸ਼ਨਰ ਪੀੜਤ ਪਰਵਾਰ ਵੱਲੋਂ ਪੇਸ਼ ਸੀਨੀਅਰ ਵਕੀਲ ਦੁਸ਼ਿਅੰਤ ਦਵੇ ਨੇ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਉਨ੍ਹਾਂ ਦੀ ਪਟੀਸ਼ਨ ਦਾ ਜਵਾਬ ਕੱਲ੍ਹ ਦਿੱਤਾ ਹੈ ਜਿਸ ਵਿੱਚ ਕਿਹਾ ਹੈ ਕਿ ਸੂਬਾ ਸਰਕਾਰ ਨੇ ਹਾਈ ਕੋਰਟ ਵਿੱਚ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਦਾ ਵਿਰੋਧ ਕੀਤਾ ਸੀ।ਦਵੇ ਨੇ ਕਿਹਾ ਕਿ ਇਸ ਦਾ ਮਤਲਬ ਹੈ ਕਿ ਸੂਬਾ ਸਰਕਾਰ ਉਸ ਦੀ ਜ਼ਮਾਨਤ ਰੱਦ ਕਰਨ ਦੀ ਹਮਾਇਤ ਕਰਦੀ ਹੈ, ਇਸ ਹਾਲਤ ਵਿੱਚ ਕੋਰਟ ਜਾਂ ਤਾਂ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰ ਦੇਵੇ ਜਾਂ ਉਸ ਉੱਤੇ ਅੰਤ੍ਰਿਮ ਰੋਕ ਲਾ ਦੇਵੇ।

# ਆਸਾਮ-ਮੇਘਾਲਿਆ ਦਾ 50 ਸਾਲ ਪੁਰਾਣਾ ਸਰਹੱਦੀ ਵਿਵਾਦ ਖਤਮ

ਨਵੀਂ ਦਿੱਲੀ, 31 ਮਾਰਚ (ਪੋਸਟ ਬਿਊਰੋ)- ਆਸਾਮ ਅਤੇ ਮੇਘਾਲਿਆ ਦੀਆਂ ਸਰਕਾਰਾਂ ਨੇ ਆਪਣੇ 50 ਸਾਲ ਪੁਰਾਣੇ ਅਟਕੇ ਸਰਹੱਦੀ ਵਿਵਾਦ ਨੂੰ ਸੁਲਝਾਉਣ ਲਈ ਕੱਲ੍ਹ ਸ਼ਾਮ ਦੇਸ਼ ਦੀ ਰਾਜਧਾਨੀ ਵਿੱਚ ਇੱਕ ਸਮਝੌਤੇ ਉੱਤੇ ਦਸਤਖਤ ਕੀਤੇ। ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਤੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿੱਚ ਅੰਤਰਰਾਜੀ ਸਰਹੱਦੀ ਮੁੱਦਿਆਂ ਉੱਤੇ ਸਹਿਮਤੀ ਬਣਾਈ ਹੈ।



ਇਸ ਮੌਕੇ ਉੱਤੇ ਅਮਿਤ ਸ਼ਾਹ ਨੇ ਕਿਹਾ ਕਿ ਵਿਵਾਦ ਮੁਕਤ ਪੂਰਬ-ਉੱਤਰ ਲਈ ਅੱਜ ਦਾ ਦਿਨ ਇਤਿਹਾਸਕ ਹੈ। ਇਸ ਦੌਰਾਨ ਕੋਨਰਾਡ ਸੰਗਮਾ ਨੇ ਕਿਹਾ,'ਸਭ ਤੋਂ ਪਹਿਲਾਂ ਮੈਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਧੰਨਵਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸਾਨੂੰ ਪੂਰਬ-ਉੱਤਰ ਸੂਬਿਆਂ ਵਿੱਚ ਸਰਹੱਦੀ ਵਿਵਾਦਾਂ ਨੂੰ ਸੁਲਝਾਉਣ ਦਾ ਨਿਰਦੇਸ਼ ਦਿੱਤਾ। ਅੱਜਸੰਕਲਪ ਦਾ ਪਹਿਲਾ ਪੜਾਅ ਪੂਰਾ ਹੋ ਚੁੱਕਾ ਹੈ।ਇਹ ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸ਼ਰਮਾ ਦੇ ਕਾਰਨ ਹੀ ਹੋ ਸਕਿਆ ਹੈ। ਮੈਂ ਕਮੇਟੀ ਦੇ ਸਾਰੇ ਮੈਂਬਰਾਂ ਅਤੇ ਦੋਵਾਂ ਰਾਜਾਂ ਦੇ ਅਧਿਕਾਰੀਆਂ ਨੂੰ ਵੀ ਧੰਨਵਾਦ ਦੇਣਾ ਚਾਹੁੰਦਾ ਹਾਂ। ਅਸੀਂ ਆਪਣੇ ਸੂਬਿਆਂ ਵਿਚਾਲੇ ਹੋਰ ਮਤਭੇਦਾਂ ਨੂੰ ਵੀ ਛੇਤੀ ਤੋਂ ਛੇਤੀ ਸੁਲਝਾਉਣ ਦੀ ਕੋਸ਼ਿਸ਼ ਕਰਾਂਗੇ।'

ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਅਤੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਦੋਵਾਂ ਸੂਬਿਆਂ ਦੇ ਚੀਫ ਸੈਕਟਰੀਆਂ ਦੇ ਨਾਲ ਇਨ੍ਹਾਂ ਸੂਬਿਆਂ ਦੇ ਹੋਰ ਅਧਿਕਾਰੀਆਂ ਅਤੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸਮਝੌਤੇ ਉੱਤੇਦਸਤਖਤ ਕੀਤੇ। ਇਸ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨਾਲ ਆਖਰੀ ਦੌਰ ਦੀ ਚਰਚਾ ਵੀ ਹੋਈ। ਦੋਵਾਂ ਸੂਬਿਆਂ ਵਿੱਚ ਜ਼ਮੀਨ ਵਿਵਾਦ ਦੀ ਸ਼ੁਰੂਆਤ 1972 ਵਿੱਚ ਹੋਈ ਸੀ।

## ਸਬ ਇੰਸਪੈਕਟਰ ਦੀ ਲਿਖਤੀ ਪ੍ਰੀਖਿਆ ਮੌਕੇ ਹੰਗਾਮਾ



* ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਕਿਰਪਾਨ ਉਤਾਰਨ ਨੂੰ ਕਿਹਾ

ਜੰਮੂ, 31 ਮਾਰਚ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਪੁਲਸ ਦੇ ਸਬ-ਇੰਸਪੈਕਟਰ ਦੀ ਪ੍ਰੀਖਿਆ ਦੌਰਾਨ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਰਾਜੌਰੀ ਜ਼ਿਲ੍ਹੇ ਵਿੱਚ ਸਬ ਇੰਸਪੈਕਟਰ ਦੀ ਭਰਤੀ ਪ੍ਰੀਖਿਆ ਮੌਕੇ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਅੰਦਰ ਜਾਣ ਤੋਂ ਪਹਿਲਾਂ ਕ੍ਰਿਪਾਨ ਉਤਾਰਨ ਲਈ ਕਿਹਾ ਗਿਆ।

ਇਸ ਮੌਕੇ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਅਤੇ ਤਿੰਨ ਅੰਮ੍ਰਿਤਧਾਰੀ ਕੁੜੀਆਂ ਨੇ ਆਪਣੀਆਂ ਕਿਰਪਾਨ ਉਤਾਰ ਕੇ ਅੰਦਰ ਜਾਣ ਤੋਂ ਮਨ੍ਹਾ ਕਰ ਦਿੱਤਾ। ਇਸ ਦੀ ਖਬਰ ਜਦੋਂ ਮੀਡੀਆ ਰਾਹੀਂ ਸਮਾਜਕ ਕਾਰਕੁੰਨ ਬਲਵਿੰਦਰ ਸਿੰਘ ਨੂੰ ਮਿਲੀ ਤਾਂ ਉਨ੍ਹਾਂ ਨੇ ਸਰਕਾਰ ਦੇ ਉਚ ਅਧਿਕਾਰੀਆਂ ਨੂੰ ਫ਼ੋਨ ਕਰ ਕੇ ਦੱਸਿਆ ਤਾਂ ਉਚ ਅਧਿਕਾਰੀਆਂ ਦੇ ਦਖਲ ਉੱਤੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਅੰਦਰ ਜਾਣ ਦੀ ਆਗਿਆ ਦਿੱਤੀ ਗਈ।ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਲੈਫਟੀਨੈਂਟ ਗਵਰਨਰ ਜੰਮੂ ਕਸ਼ਮੀਰ ਦੇ ਪੀਏ, ਡਿਪਟੀ ਕਮਿਸ਼ਨਰ ਰਾਜੌਰੀ, ਐਸ ਐਸ ਪੀ ਰਾਜੌਰੀ ਨਾਲ ਗੱਲਬਾਤ ਕੀਤੀ, ਜਿਸ ਤੋਂ ਬਾਅਦ ਅੰਮ੍ਰਿਤਧਾਰੀ ਸਿੱਖ ਨੌਜਵਾਨ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਗਈ।

## ਆਸਾਮ ਦੇ ਮੁੱਖ ਮੰਤਰੀ ਦੀ ਮੰਗ, ਐਨ ਆਰ ਸੀ ਪੂਰੀ ਸਮੀਖਿਆ ਮਗਰੋਂ ਨਵੇਂ ਤਰੀਕੇ ਨਾਲ ਬਣੇ

ਗੁਹਾਟੀ, 31 ਮਾਰਚ (ਪੋਸਟ ਬਿਊਰੋ)- ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕੱਲ੍ਹ ਕਿਹਾ ਕਿ ਨੈਸ਼ਨਲ ਸਿਟੀਜ਼ਨਜ਼ ਰਜਿਸਟਰ (ਐਨ ਆਰ ਸੀ) ਦੀ ਘੋਖ ਕਰ ਕੇ ਇਸ ਨੂੰ ਨਵੇਂ ਸਿਰੇ ਤੋਂ ਬਣਾਉਣਾ ਚਾਹੀਦਾ ਹੈ।



ਗੁਹਾਟੀ ਵਿੱਚਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇਕਿਹਾ ਕਿ ਅਸੀਂ ਪਹਿਲਾਂ ਵੀ ਕਿਹਾ ਸੀ ਕਿ ਐਨ ਆਰ ਸੀ ਦੀ ਘੋਖ ਕਰਨੀ ਚਾਹੀਦੀ ਹੈ ਤੇ ਇਸ ਨੂੰ ਨਵੇਂ ਸਿਰੇ ਤੋਂ ਤਿਆਰ ਕਰਨਾ ਜਣਾ ਚਾਹੀਦਾ ਹੈ। ਇਸ ਬਾਰੇ ਆਲ ਆਸਾਮ ਸਟੂਡੈਂਟਸ ਯੂਨੀਅਨ (ਆਸੂ) ਨਾਲ ਸਾਡੀ ਚਰਚਾ ਚੱਲ ਰਹੀ ਹੈ। ਇਸ ਤੋਂ ਪਹਿਲਾਂ ਵੀਰਵਾਰ ਆਸਾਮ ਦੇ ਖੇਤੀ ਮੰਤਰੀ ਅਤੁਲ ਬੋਰਾ ਨੇ ਕਿਹਾ ਸੀ ਕਿ ਸੂਬਾ ਸਰਕਾਰ ਨੇ ਐਨ ਆਰ ਸੀ (ਜੋ 2019 ਅਗਸਤ ਵਿੱਚ ਛਪਿਆ ਸੀ) ਉੱਤੇ ਨਜ਼ਰਸਾਨੀ ਲਈ ਸੁਪਰੀਮ ਕੋਰਟ ਜਾਣ ਦਾ ਫੈਸਲਾ ਕੀਤਾ ਹੈ। ਬੋਰਾ ਨੇ ਕਿਹਾ ਸੀ ਕਿ ਇਹ ਫੈਸਲਾ ਆਲ ਆਸਾਮ ਸਟੂਡੈਂਟਸ ਯੂਨੀਅਨ ਤੇ ਹੋਰ ਸਥਾਨਕ ਸੰਗਠਨਾਂ ਨਾਲ ਬੈਠਕ ਵਿੱਚ ਲਿਆ ਗਿਆ ਸੀ। ਦੂਜੇ ਪਾਸੇ ਆਸੂ ਦੇ ਸਲਾਹਕਾਰ ਸਮੁੱਜਲ ਭੱਟਾਚਾਰੀਆ ਨੇ ਕਿਹਾ ਸੀ ਕਿ ਕਈ ਗੈਰ ਕਾਨੂੰਨੀ ਬੰਗਲਾਦੇਸ਼ੀ ਲੋਕਾਂ ਦੇ ਨਾਂਅ ਐਨ ਆਰ ਸੀ ਦੀ ਅੰਤਿਮ ਸੂਚੀ ਵਿੱਚ ਹਨ। ਅਸੀਂ ਗੈਰ ਕਾਨੂੰਨੀ ਬੰਗਲਾਦੇਸ਼ੀ ਮੁਕਤ ਐਨ ਆਰ ਸੀ ਚਾਹੁੰਦੇ ਹਾਂ।

ਡਾਕਟਰ ਭੱਟਾਚਾਰੀਆ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਐਨ ਆਰ ਸੀ ਸੂਚੀ ਉੱਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ। ਅਸੀਂ ਪਹਿਲਾਂ ਹੀ ਸੁਪਰੀਮ ਕੋਰਟ ਦੇ ਸਾਹਮਣੇ ਪਟੀਸ਼ਨ ਦਾਖਲ ਕਰ ਚੁੱਕੇ ਹਾਂ। ਕੇਂਦਰ ਤੇ ਸੂਬਾ ਦੋਵਾਂ ਨੂੰ ਵੀ ਸਹੀ ਐਨ ਆਰ ਸੀ ਲਈ ਸੁਪਰੀਮ ਕੋਰਟ ਦਾ ਰੁਖ ਕਰਨਾ ਚਾਹੀਦਾ ਹੈ। ਐਨ ਆਰ ਸੀ ਦੀ ਪਹਿਲੀ ਸੂਚੀ 1951 ਵਿੱਚ ਆਸਾਮ ਵਿੱਚਛਪੀ ਸੀ। ਇਸ ਨੂੰ ਅਪਡੇਟ ਕਰਨ ਲਈ ਤੀਹ ਜੁਲਾਈ 2018 ਨੂੰ ਐਨ ਆਰ ਸੀ ਦਾ ਖਰੜਾ ਛਾਪਿਆ ਗਿਆ ਸੀ, ਜਿਸ ਵਿੱਚ 3.3 ਕਰੋੜ ਬਿਨੈਕਾਰਾਂ ਵਿੱਚੋਂ 19.06 ਲੱਖ ਲੋਕ ਸੂਚੀ ਤੋਂ ਬਾਹਰ ਕਰ ਦਿੱਤੇ ਗਏ।

## ਡੇਰਾ ਸੱਚਾ ਸੌਦਾ ਸਿਰਸਾ ਦੀ ਉਥਲ-ਪੁਥਲ ਵਿੱਚ ਡਾ. ਪੀ ਆਰ ਨੈਨ ਨਵੇਂ ਚੇਅਰਮੈਨ ਬਣੇ

ਸਿਰਸਾ, 31 ਮਾਰਚ (ਪੋਸਟ ਬਿਊਰੋ)- ਵੱਖ-ਵੱਖ ਸੰਗੀਨ ਅਪਰਾਧਾਂ ਹੇਠ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਡੇਰਾ ਮੁਖੀ ਸੌਦਾ ਸਿਰਸਾ ਦਾ ਮੁਖੀ ਇਸ ਡੇਰੇ ਵਿੱਚ ਸਭ ਠੀਕ ਹੋਣ ਦੀਆਂ ਕਿੰਨੀਆਂ ਵੀ ਦਲੀਲਾਂ ਦੇਵੇ, ਪਰ ਡੇਰੇ ਅੰਦਰਲੇ ਸੂਤਰ ਦੱਸਦੇ ਹਨ ਕਿ ਮੁਖੀ ਦੇ ਜੇਲ੍ਹ ਜਾਣ ਤੋਂ ਪਹਿਲਾਂ ਵੀ ਡੇਰੇ ਅੰਦਰ ਧੜੇਬਾਜ਼ੀ ਸੀ ਅਤੇ ਉਸ ਦੇ ਜੇਲ੍ਹ ਜਾਣ ਮਗਰੋਂ ਉਹ ਹੋਰ ਤੇਜ਼ ਹੋ ਚੁੱਕੀ ਹੈ। ਮਿਸਾਲ ਵਜੋਂ ਜਦੋਂ ਡੇਰਾ ਮੁਖੀ 21 ਦਿਨ ਦੀ ਫਰਲੋ ਉੱਤੇ ਬਾਹਰ ਆਇਆ ਤਾਂ ਇਸ ਦੌਰਾਨ ਉਸ ਨੇ ਡੇਰਾ ਪ੍ਰਬੰਧਕਾਂ ਤੇ ਪਰਵਾਰ ਬਾਰੇ ਮਹੱਤਵਪੂਰਨ ਫ਼ੈਸਲੇ ਦੌਰਾਨ ਕਿਹਾ ਕਿ ਡੇਰੇ ਦੀ ਕਮਾਨ ਅਧਿਕਾਰਤ ਤੌਰ ਉੱਤੇ ਚੇਅਰਪਰਸਨ ਰਹਿੰਦੀ ਬਿਪਾਸਨਾ ਇੰਸਾਂ ਤੋਂ ਬਦਲਕੇ ਡਾ. ਪੀਆਰ ਨਰਨ ਨੂੰ ਸੌਂਪੀ ਗਈ ਹੈ ਤੇ ਬਿਪਾਸਨਾ ਨੂੰ ਬਿਮਾਰੀ ਕਾਰਨ ਬਾਹਰ ਕਰ ਦਿੱਤਾ ਹੈ। ਮੁਖੀ ਦੇ ਜੇਲ੍ਹ ਜਾਣ ਪਿੱਛੋਂ ਡੇਰੇ ਨੂੰ ਪ੍ਰਬੰਧਕ ਕਮੇਟੀ ਚਲਾ ਰਹੀ ਹੈ।

ਜਾਣਕਾਰ ਸੂਤਰ ਦੱਸਦੇ ਹਨ ਕਿ ਡੇਰਾ ਮੁਖੀ ਰਾਮ ਰਹੀਮ ਨੇ ਫਿਰ ਜੇਲ੍ਹ ਜਾਣ ਮਗਰੋਂ 26 ਮਾਰਚ ਨੂੰ ਸੁਨਾਰੀਆ ਜੇਲ੍ਹ ਵਿੱਚੋਂ ਜੇਲ੍ਹ ਪ੍ਰਸ਼ਾਸਨ ਦੀ ਮੋਹਰ ਨਾਲ ਜੋ ਪੱਤਰ ਭੇਜਿਆ, ਉਸ ਵਿੱਚ ਲਿਖਿਆ ਸੀ ਕਿ ਡੇਰੇ ਦੀ ਕਮਾਨ ਡਾ: ਪੀ ਆਰ ਨੈਨ ਸੰਭਾਲਣਗੇ ਅਤੇ ਸ਼ੋਭਾ ਅਤੇ ਚਰਨਜੀਤ ਸਿੰਘ ਮਦਦ ਕਰਨਗੇ। ਡੇਰੇ ਦੇ ਬੁਲਾਰੇ ਜਤਿੰਦਰ ਖੁਰਾਣਾ ਦਾ ਕਹਿਣਾ ਹੈ ਕਿ ਨਵੇਂ ਫ਼ੈਸਲੇ ਅਨੁਸਾਰ ਸੀਨੀਅਰ ਵਾਈਸ ਚੇਅਰਮੈਨ ਵਜੋਂ ਸ਼ੋਭਾ ਤੇ ਡੇਰਾ ਮੁਖੀ ਦੇ ਖਾਸ ਦੋਸਤ ਚਰਨਪ੍ਰੀਤ ਸਿੰਘ ਨੂੰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹਨੀਪ੍ਰੀਤ ਵੀ ਡੇਰਾ ਪਰਵਾਰ ਦੀ ਮੈਂਬਰ ਰਹੇਗੀ, ਪਰ ਡੇਰੇ ਦੀ ਕਮਾਨ ਉਸ ਨੂੰ ਨਹੀਂ ਦਿੱਤੀ ਗਈ। ਚਰਨਪ੍ਰੀਤ ਸਿੰਘ ਡੇਰੇ ਦੀਆਂ ਸਪੋਰਟਸ ਦਾ ਕੰਮ ਪਹਿਲਾਂ ਤੋਂ ਵੇਖਦਾ ਰਿਹਾ ਹੈ।

## ਹਿਜਾਬ ਲਾਹੁਣ ਤੋਂ ਇਨਕਾਰ ਕਰਦੀ ਸੁਪਰਵਾਈਜ਼ਰ ਸਸਪੈਂਡ

ਬੰਗਲੌਰ, 31 ਮਾਰਚ (ਪੋਸਟ ਬਿਊਰੋ)- ਕਰਨਾਟਕਾ ਵਿੱਚ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੇ ਪਹਿਲੇ ਦਿਨ ਹਿਜਾਬ ਵਿਵਾਦ ਦੌਰਾਨਕਈ ਵਿਦਿਆਰਥਣਾਂ ਨੇ ਵਰਦੀ ਪਹਿਨ ਕੇ ਪ੍ਰੀਖਿਆ ਦਿੱਤੀ, ਪਰ ਕੁਝ ਨੂੰ ਹਿਜਾਬ ਪਹਿਨਿਆ ਹੋਣ ਕਰ ਕੇ ਵਾਪਸ ਭੇਜ ਦਿੱਤਾ ਗਿਆ, ਜਦੋਂ ਕਿ ਕੁਝ ਕੁ ਨੇ ਖ਼ੁਦ ਪ੍ਰੀਖਿਆ ਨਾ ਦੇਣ ਦਾ ਫੈਸਲਾ ਲਿਆ।



ਇਸ ਦੌਰਾਨ ਸਿੱਖਿਆ ਵਿਭਾਗ ਨੇ ਹਿਜਾਬ ਲਾਹੁਣ ਤੋਂ ਇਨਕਾਰੀ ਇੱਕ ਪ੍ਰੀਖਿਆ ਸੁਪਰਵਾਈਜ਼ਰ ਨੂੰ ਸਸਪੈਂਡ ਕਰ ਦਿੱਤਾ ਹੈ। ਜਾਣਕਾਰਸੂਤਰਾਂ ਨੇ ਦੱਸਿਆ ਕਿ ਨੂਰ ਫਾਤਿਮਾ ਨਾਂਅ ਦੀ ਸੁਪਰਵਾਈਜ਼ਰ ਕੇ ਐਸ ਟੀ ਵੀ ਹਾਈ ਸਕੂਲ ਵਿੱਚ ਡਿਊਟੀ ਉੱਤੇ ਸੀ ਅਤੇ ਹਿਜਾਬ ਪਹਿਨ ਕੇ ਆਈ ਸੀ। ਜਦੋਂ ਉਸ ਨੂੰ ਹਿਜਾਬ ਲਾਹੁਣ ਨੂੰ ਕਿਹਾ ਗਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ। ਇਸ ਪਿੱਛੋਂ ਉਸ ਨੂੰ ਕੇਂਦਰ ਵਿੱਚੋਂ ਵਾਪਸ ਭੇਜ ਦਿੱਤਾ ਅਤੇ ਸਸਪੈਂਡ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਬਾਗਲਕੋਟ ਜ਼ਿਲ੍ਹੇ ਵਿੱਚ ਇੱਕ ਸਰਕਾਰੀ ਸਕੂਲ ਵਿੱਚ ਹਿਜਾਬ ਪਹਿਨ ਕੇ ਪ੍ਰੀਖਿਆ ਦੇਣ ਆਈ ਇੱਕ ਵਿਦਿਆਰਥਣ ਨੂੰ ਜਦੋਂ ਹਿਜਾਬ ਲਾਹੁਣ ਨੂੰ ਕਿਹਾ ਗਿਆ ਤਾਂ ਉਸ ਨੇ ਪ੍ਰੀਖਿਆ ਨਾ ਦੇਣ ਦਾ ਫੈਸਲਾ ਲਿਆ। ਇੱਕ ਘਟਨਾ ਵਿੱਚ ਬੇਲਾਗਾਵੀ ਜ਼ਿਲ੍ਹੇ ਵਿੱਚ ਚਿਕੋੜੀ ਸ਼ਹਿਰ ਵਿੱਚ ਪੁਲਸ ਵੱਲੋਂ ਹੋਰ ਵਿਦਿਆਰਥਣ ਦੀ ਥਾਂ ਪ੍ਰੀਖਿਆ ਦੇਣ ਪਹੁੰਚੀ ਇੱਕ ਲੜਕੀ ਸਣੇ ਛੇ ਫਰਜ਼ੀ ਉਮੀਦਵਾਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ।ਸੂਬੇ ਭਰ ਦੇ 3444 ਪ੍ਰੀਖਿਆ ਕੇਂਦਰਾਂ ਦੁਆਲੇ ਧਾਰਾ 144 ਲਗਾਈ ਗਈ ਹੈ ਅਤੇ 60,000 ਸਰਕਾਰੀ ਅਧਿਕਾਰੀ ਪ੍ਰੀਖਿਆ ਕੇਂਦਰਾਂ ਦੀ ਨਿਗਰਾਨੀ ਕਰ ਰਹੇ ਹਨ।

## ਭਾਰਤ ਸਰਕਾਰ ਨੇ ਪੰਜਾਬ ਦੀ 1100 ਕਰੋੜ ਦੀ ਪੇਂਡੂ ਵਿਕਾਸ ਗ੍ਰਾਂਟ ਰੋਕੀ

ਨਵੀਂ ਦਿੱਲੀ, 31 ਮਾਰਚ (ਪੋਸਟ ਬਿਊਰੋ)- ਪੰਜਾਬ ਲਈ ਮੁਸ਼ਕਲਾਂ ਪੈਦਾ ਕਰਦੇ ਕੇਂਦਰੀ ਫ਼ਰਮਾਨਾਂ ਵਿੱਚ ਇੱਕ ਵਾਧਾ ਕਰਦਿਆਂ ਕੇਂਦਰ ਸਰਕਾਰ ਨੇ ਸੂਬੇ ਦੇ ਦਿਹਾਤੀ ਵਿਕਾਸ ਫੰਡ ਦੇ 1100 ਕਰੋੜ ਰੁਪਏਰੋਕ ਲਏ ਹਨ। ਕੇਂਦਰ ਸਰਕਾਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਪਹਿਲਾਂ ਪੰਜਾਬ ਦਿਹਾਤੀ ਵਿਕਾਸ ਕਾਨੂੰਨ 1987 ਵਿੱਚ ਸੋਧ ਕਰੇ, ਉਸ ਤੋਂ ਬਾਅਦ ਫੰਡ ਦਿੱਤੇ ਜਾਣਗੇ। 1100 ਕਰੋੜ ਰੁਪਏ ਵਾਲੇ ਇਹ ਫੰਡ ਕੇਂਦਰ ਨੇ ਪਿਛਲੇ ਝੋਨੇ ਦੇ ਸੀਜ਼ਨ ਦੇ ਖ਼ਤਮ ਹੋਣ ਦੇ ਬਾਵਜੂਦ ਜਾਰੀ ਨਹੀਂ ਕੀਤੇ ਅਤੇ ਇਨ੍ਹਾਂ ਫੰਡਾਂ ਦੀ ਵਰਤੋਂ ਬਾਰੇ ਸਖ਼ਤ ਰੁਖ਼ ਧਾਰਨ ਕਰਦਿਆਂ ਕਿਹਾ ਕਿ ਜਦੋਂ ਤਕ ਸੂਬਾ ਸਰਕਾਰ ਕਾਨੂੰਨ ਵਿੱਚ ਸੋਧ ਕਰਕੇ ਇਹ ਯਕੀਨੀ ਬਣਾਉਂਦੀ ਕਿ ਫੰਡ ਵਜੋਂ ਦਿੱਤੀ ਜਾਂਦੀ ਰਕਮ ਦਿਹਾਤੀ ਵਿਕਾਸ ਲਈ ਹੀ ਵਰਤੀ ਜਾਵੇਗੀ, ਤਦ ਤਕ ਰਕਮ ਨਹੀਂ ਦਿੱਤੀ ਜਾਵੇਗੀ। ਵਰਨਣ ਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਕਿ ਕੇਂਦਰ ਸਰਕਾਰ ਨੇ ਫੰਡ ਦੀ ਵਰਤੋਂ ਬਾਰੇ ਸਖ਼ਤ ਰੁਖ਼ ਧਾਰਨ ਕੀਤਾ ਹੈ। ਪਿਛਲੇ ਤਿੰਨ ਸਾਲਾਂ ਤੋਂ ਕੇਂਦਰ ਸਰਕਾਰ ਵੱਲੋਂ ਪੰਜਾਬ ਉੱਤੇ ਫੰਡਾਂ ਦੀ ਦੁਰਵਰਤੋਂ ਦਾ ਦੋਸ਼ ਲਾਇਆ ਜਾਂਦਾ ਰਿਹਾ ਹੈ।ਕੇਂਦਰ ਨੇ ਸਿਰਫ਼ ਪਿਛਲੇ ਸੀਜ਼ਨ ਦੇ ਫੰਡ ਉੱਤੇ ਹੀ ਰੋਕ ਨਹੀਂ ਲਾਈ, ਸਗੋਂ ਉਸ ਦੇ ਸਖ਼ਤ ਰੁਖ਼ ਨੂੰ ਵੇਖਦਿਆਂ ਅਗਲੇ ਸੀਜ਼ਨ ਵਿੱਚ ਕਣਕ ਲਈ ਦਿੱਤੇ ਜਾਣ ਵਾਲੇ ਕਰੀਬ 750 ਕਰੋੜ ਰੁਪਏ ਦੇ ਫੰਡ ਉੱਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਸੂਬਾ ਸਰਕਾਰ ਨੂੰ ਇਹ ਗ੍ਰਾਂਟ ਫੂਡ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਦਿੱਤੀ ਜਾਂਦੀ ਹੈ।

## ਉਪਚੋਣ ਵਾਲੇ ਦਿਨ ਭਾਜਪਾਈਏ ਬਾਹਰ ਨਿਕਲੇ ਤਾਂ ਜਾਨ ਦੀ ਗਾਰੰਟੀ ਨਹੀਂ: ਚਕਰਵਤੀ

ਕੋਲਕਾਤਾ, 31 ਮਾਰਚ (ਪੋਸਟ ਬਿਊਰੋ)- ਆਸਨਸੋਲ ਪਾਰਲੀਮੈਂਟਰੀ ਸੀਟ ਦੀ ਉਪਚੋਣ ਬਾਰੇ ਹੁਕਮਰਾਨ ਤ੍ਰਿਣਮੂਲ ਕਾਂਗਰਸ ਅਤੇ ਵਿਰੋਧੀ ਧਿਰ ਭਾਜਪਾ ਦਾ ਟਕਰਾ ਵੱਧ ਗਿਆ ਹੈ। ਵਾਇਰਲ ਹੋਏ ਇੱਕ ਵੀਡੀਓ ਵਿੱਚ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਨਰਿੰਦਰ ਨਾਥ ਚਕਰਵਰਤੀ ਆਪਣੀ ਪਾਰਟੀ ਦੇ ਵਰਕਰਾਂਨੂੰ ਕਹਿ ਰਹੇ ਹਨ ਕਿ ਉਹ ਭਾਜਪਾ ਸਮਰਥਕਾਂ ਨੂੰ ਚੋਣਾਂ ਦੇ ਦਿਨ ਘਰੋਂ ਬਾਹਰ ਨਾ ਨਿਕਲਣ ਦੇ ਕਹਿਣ, ਕਿਉਂਕਿ ਇਹ ਮੰਨਿਆ ਜਾਵੇਗਾ ਕਿ ਉਹ ਭਾਜਪਾ ਨੂੰ ਵੋਟ ਦੇ ਰਹੇ ਹਨ। ਚਕਰਵਰਤੀ ਨੇ ਖੁੱਲ੍ਹੇਆਮ ਕਿਹਾ ਕਿ ਜੇ ਲੋਕ ਆਸਨਸੋਲ ਵਿੱਚ ਉਪਚੋਣਾ ਦੀ ਵੋਟਿੰਗ ਲਈ ਜਾਂਦੇ ਹਨ ਤਾਂ ਉਹ ਕਿਸੇ ਦੇ ਜੀਵਨ ਦੀ ਜ਼ਿੰਮੇਦਾਰੀ ਨਹੀਂ ਲੈਣਗੇ।

ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਸੁਕਾਂਤ ਮਜ਼ੂਮਦਾਰ ਨੇ ਦੱਸਿਆ ਕਿ ਭਾਜਪਾ ਨੇ ਚੋਣਾਂ ਕਮਿਸ਼ਨ ਨੂੰ ਪੱਤਰ ਲਿਖ ਕੇ ਚਕਰਵਤੀ ਦੀ ਸ਼ਿਕਾਇਤ ਕੀਤੀ ਹੈ।ਭਾਜਪਾ ਨੇ ਮੰਗ ਕੀਤੀ ਕਿ ਚਕਰਵਤੀ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਚੋਣਾਂ ਹੋਣ ਤਕ ਆਸਨਸੋਲ ਲੋਕਸਭਾ ਖੇਤਰ ਤੋਂ ਬਾਹਰ ਭੇਜਿਆ ਜਾਵੇ। ਚੋਣ ਕਮਿਸ਼ਨ ਨੇ ਭਾਜਪਾ ਨੂੰ ਭਰੋਸਾ ਦਿੱਤਾ ਕਿ ਤ੍ਰਿਣਮੂਲ ਵਿਧਾਇਕ ਦੇ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਆਸਨਸੋਲ ਵਿੱਚ ਭਾਜਪਾ ਦੇ ਅਗਨੀਮਿਤਰ ਪੌਲ ਅਤੇ ਤ੍ਰਿਣਮੂਲ ਦੇ ਅਭਿਨੇਤਾ ਤੋਂ ਨੇਤਾ ਬਣੇ ਸ਼ਤਰੂਘਨ ਸਿੰਨ੍ਹਾ ਦੀ ਟੱਕਰ ਹੈ। ਮਤਦਾਨ 12 ਅਪ੍ਰੈਲ ਨੂੰ ਹੋਵੇਗਾ ਤੇ ਨਤੀਜੇ ਦਾ 16 ਅਪ੍ਰੈਲ ਨੂੰ ਐਲਾਨ ਕੀਤਾ ਜਾਵੇਗਾ।

# ਮਮਤਾ ਬੈਨਰਜੀ ਨੇ ਵਿਰੋਧੀਆਂ ਨੂੰ ਇੱਕਜੁੱਟਤਾ ਦਾ ਹੋਕਾ ਦਿੱਤਾ

ਨਵੀਂ ਦਿੱਲੀ, 31 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇੱਕ ਵਾਰ ਮੁੜ ਕੇ 'ਵਿਰੋਧੀ ਇੱਕਜੁੱਟਤਾ' ਦਾ ਹੋਕਾ ਦਿੰਦਿਆਂ ਸਾਰੀਆਂ ਵਿਰੋਧੀ ਧਿਰਾਂ ਨੂੰ ਭਾਜਪਾ ਖ਼ਿਲਾਫ਼ ਇਕੱਠੇ ਹੋਣ ਨੂੰ ਕਿਹਾ ਹੈ। ਉਸ ਨੇ ਸਾਰੇ ਗੈਰ ਭਾਜਪਾਈ ਮੁੱਖ ਮੰਤਰੀਆਂ ਤੇ ਵਿਰੋਧੀ ਧਿਰ ਦੇ ਸਾਰੇ ਨੇਤਾਵਾਂ ਨੂੰ ਚਿੱਠੀਆਂ ਲਿਖ ਕੇ ਸਾਂਝੀ ਵਿਰੋਧੀ ਧਿਰ ਦੇ ਉਦੇਸ਼ ਨਾਲ ਇਕੱਠੇ ਅੱਗੇ ਆਉਣ ਲਈ ਕਿਹਾ ਹੈ।

ਇਸ ਚਿੱਠੀ ਵਿੱਚ ਸੱਤਾ ਧਿਰ ਉੱਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾ ਕੇ ਮਮਤਾ ਬੈਨਰਜੀ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ), ਸੀ ਬੀ ਆਈ ਅਤੇ ਆਮਦਨ ਟੈਕਸ ਵਿਭਾਗ ਆਦਿ ਏਜੰਸੀਆਂ ਦੀ ਵਰਤੋਂ ਸਿਆਸੀ ਬਦਲਾਖੋਰੀ ਲਈ ਕਰਦੀ



ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਰੀਆਂ ਕੇਂਦਰੀ ਏਜੰਸੀਆਂ ਭਾਜਪਾ ਵਾਲੇ ਰਾਜਾਂ ਵਿੱਚ ਕੁਝ ਨਹੀਂ ਕਰਦੀਆਂ, ਪਰ ਚੋਣਾਂ ਆਉਣ ਉੱਤੇ ਇਨ੍ਹਾਂ ਨੂੰ ਵਿਰੋਧੀ ਧਿਰਾਂ ਖ਼ਿਲਾਫ਼ ਕੰਮਲਾ ਦਿੱਤਾ ਜਾਂਦਾ ਹੈ। ਚਿੱਠੀ ਵਿੱਚ ਮਮਤਾ ਬੈਨਰਜੀ ਨੇ ਨਿਆਂਪਾਲਿਕਾ ਉੱਤੇ ਪੱਖਪਾਤ ਭਰੇ ਫੈਸਲਿਆਂ ਦਾ ਵੀ ਉਚੇਚੇ ਤੌਰ ਉੱਤੇ ਜ਼ਿਕਰ ਕਰਦਿਆਂ ਕਿਹਾ ਕਿ ਨਿਆਂਪਾਲਿਕਾ ਲਈ ਉਨ੍ਹਾਂ ਦੇ ਮਨ ਵਿੱਚ ਸਭ ਤੋਂ ਵੱਧ ਸਨਮਾਨ ਹੈ, ਪਰ ਮੌਜੂਦਾ ਸਮੇਂ ਵਿੱਚ ਕੁਝ ਪੱਖਪਾਤ ਸਿਆਸੀ ਦਖਲਕਾਰਨ ਲੋਕਾਂ ਨੂੰ ਨਿਆਂ ਨਹੀਂ ਮਿਲ ਰਿਹਾ ਜੋ ਸਾਡੇ ਲੋਕਤੰਤਰ ਲਈ ਖਤਰਨਾਕ ਹੈ। ਉਨ੍ਹਾਂ ਲੋਕਤੰਤਰਿਕ ਵਿਵਸਥਾ ਵਿੱਚ ਨਿਆਂਪਾਲਿਕਾ, ਮੀਡੀਆ ਅਤੇ ਜਨਤਾ ਨੂੰ ਅਹਿਮ ਮੁੱਢ ਦੱਸਦਿਆਂ ਕਿਹਾ ਕਿ ਜੇ ਕੋਈ ਵੀ ਹਿੱਸਾ ਪ੍ਰਭਾਵਿਤ ਹੁੰਦਾ ਹੈ ਤਾਂ ਪੂਰਾ ਸਿਸਟਮ ਤਬਾਹ ਹੋ ਜਾਂਦਾ ਹੈ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਭਾਜਪਾ ਖਿਲਾਫ ਲੜਾਈ ਵਿੱਚ ਸਾਰੀਆਂ ਵਿਰੋਧੀ ਧਿਰਾਂ ਨੂੰ ਇਕੱਠੇ ਹੋ ਕੇ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਰਸਤੇ ਉੱਤੇ ਵਿਚਾਰ ਚਰਚਾ ਕਰਨ ਲਈ ਇੱਕ ਬੈਠਕ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਾਰੀਆਂ ਪ੍ਰਗਤੀਸ਼ੀਲ ਤਾਕਤਾਂ ਨੂੰ ਇਸ ਵੇਲੇ ਇਕੱਠੇ ਹੋ ਕੇ ਅੱਗੇ ਆਉਣ ਦੀ ਲੋੜ ਹੈ ਅਤੇ ਦਮਨਕਾਰੀ ਤਾਕਤਾਂ ਨਾਲ ਲੜਨਾ ਸਮੇਂ ਦੀ ਮੰਗ ਹੈ।

## ਅੱਠ ਸਾਲਾ ਬੱਚੇ ਨੇ 112 ਨੰਬਰ ਉਤੇ ਕਿਹਾ, ਮੰਮੀ ਫਾਂਸੀ ਲਾ ਰਹੀ ਏ, ਪਲੀਜ਼ ਬਚਾ ਲਓ

* ਪੁਲਸ ਨੇ ਨੌਂ ਮਿੰਟਾਂ ਵਿੱਚ ਜਾਮ ਵਿੱਚੋਂ ਨਿਕਲ ਕੇ ਜਾਨ ਬਚਾਈ

ਕੈਥਲ, 31 ਮਾਰਚ (ਪੋਸਟ ਬਿਊਰੋ)- ਪਤੀ ਨਾਲ ਝਗੜੇ ਦੇ ਬਾਅਦ ਫਾਂਸੀ ਲਾ ਕੇ ਜਾਨ ਦੇਣ ਲੱਗੀ ਔਰਤ ਨੂੰ ਪੁਲਸ ਨੇ ਮਹਿਜ਼ ਨੌਂ ਮਿੰਟਾਂ ਵਿੱਚ ਮੌਕੇ ਉੱਤੇ ਪਹੁੰਚ ਕੇ ਮਰਨ ਤੋਂ ਬਚਾ ਲਿਆ।




ਪੁਲਸ ਇੰਚਾਰਜ ਨੇ ਦੱਸਿਆ ਕਿ 24 ਮਾਰਚ ਨੂੰ ਡਾਇਲ ਨੰਬਰ 112 ਉੱਤੇ ਇੱਕ ਅੱਠ ਸਾਲਾ ਬੱਚੇ ਨੇ ਫੋਨ ਕਰ ਕੇ ਕਿਹਾ ਕਿ 'ਅੰਕਲ, ਮੰਮੀ ਫਾਂਸੀ ਲਾ ਰਹੀ ਹੈ, ਪਲੀਜ਼ ਬਚਾ ਲਓ।' ਉਨ੍ਹਾਂ ਨੂੰ ਪੰਚਕੂਲਾ ਹੈਡ ਆਫਿਸ ਤੋਂ ਐਮਰਜੈਂਸੀ ਰਿਸਪਾਂਸ ਵਹੀਕਲ ਉੱਤੇ ਦੱਸਿਆ ਗਿਆ ਕਿ ਡਿਫੈਂਸ ਕਾਲੋਨੀ ਵਿੱਚ ਇੱਕ ਔਰਤ ਫਾਂਸੀ ਲਾ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਉੱਤੇ ਉਹ ਹੈਡ ਕਾਂਸਟੇਬਲ ਅਤੇ ਐਸ ਪੀ ਓ ਦੇ ਨਾਲ ਲੋਕੇਸ਼ਨ ਲਈ ਨਿਕਲੇ। ਉਨ੍ਹਾਂ ਨੂੰ ਫੋਨ ਕਰਨ ਵਾਲੇ ਦਾ ਨੰਬਰ ਮਿਲ ਗਿਆ ਸੀ, ਜਿਸ ਤੋਂ ਪਤਾ ਲੱਗਾ ਕਿ ਫੋਨ ਉਤੇ ਜਿਸ ਨਾਲ ਗੱਲ ਹੋ ਰਹੀ ਹੈ, ਉਹ ਹੀ ਬੱਚਾ ਹੈ।ਘਬਰਾਏ ਹੋਏ ਬੱਚੇ ਨੇ ਦੱਸਿਆ ਕਿ ਉਸ ਦੀ ਮੰਮੀ ਫਾਂਸੀ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਰਸਤੇ ਵਿੱਚ ਜਾਮ ਵੀ ਸੀ, ਇਸ ਦੇ ਬਾਵਜੂਦ ਉਨ੍ਹਾਂ ਨੇ ਕਾਲੋਨੀ ਵਿੱਚ ਪਹੁੰਚ ਕੇ ਉਨ੍ਹਾਂ ਨੇ ਪੁਲਸ ਵਾਹਨ ਦਾ ਸਾਇਰਨ ਵਜਾਇਆ ਤਾਂ ਬੱਚਾ ਉਨ੍ਹਾਂ ਕੋਲ ਪਹੁੰਚ ਗਿਆ ਅਤੇ ਉਨ੍ਹਾਂ ਨੂੰ ਲੈ ਗਿਆ। ਇੱਕ ਕਮਰੇ ਵਿੱਚ ਬੱਚੇ ਦੀ ਮਾਂ ਪੱਖੇ ਨਾਲ ਚੁੰਨੀ ਦਾ ਫਾਹਾ ਲਾ ਕੇ ਲਟਕਣ ਲੱਗੀ ਸੀ।ਔਰਤ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਤੀ ਉਸ ਨਾਲ ਮਾਰਕੁੱਟ ਕਰਦਾ ਹੈ।

# ਇਸਰਾਈਲ ਵਿੱਚ ਅੱਤਵਾਦੀਆਂ ਦੀ ਗੋਲਾਬਾਰੀ ਨਾਲ ਪੰਜ ਮੌਤਾਂ



ਯੇਰੂਸ਼ਲਮ, 31 ਮਾਰਚ (ਪੋਸਟ ਬਿਊਰੋ)- ਪਿਛਲੇ ਸੱਤ ਦਿਨਾਂ ਵਿੱਚ ਇਸਰਾਈਲ ਵਿੱਚ ਤਲ ਅਵੀਵ ਉੱਤੇ ਹੋਏ ਤੀਜੇ ਫਲਸਤੀਨੀ ਹਮਲੇ ਵਿੱਚ ਘੱਟੋ-ਘੱਟ ਪੰਜ ਨਾਗਰਿਕ ਮਾਰੇ ਗਏ ਹਨ। ਇਨ੍ਹਾਂ ਤਿੰਨਾਂ ਅੱਤਵਾਦੀ ਹਮਲਿਆਂ ਵਿੱਚ ਅੱਜ ਤੱਕ ਕੁੱਲ ਮਿਲਾ ਕੇ 11 ਲੋਕ ਮਾਰੇ ਗਏ ਹਨ, ਜਿਸ ਕਾਰਨ ਦਹਿਸ਼ਤ ਦਾ ਮਾਹੌਲ ਹੈ।

ਇਸਰਾਈਲੀ ਪ੍ਰਧਾਨ ਮੰਤਰੀ ਨਫਤਾਲੀ ਬੈਨੇਟ ਨੇ ਇਨ੍ਹਾਂ ਹਮਲਿਆਂ ਦਾ ਸਖ਼ਤ ਜਵਾਬ ਦੇਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਇਸਰਾਈਲੀ ਪੁਲਸ ਸਰਬਉਚ ਅਲਰਟ ਉੱਤੇ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਇਸ ਦਾ ਮੁਕਾਬਲਾ ਪੂਰੀ ਲਗਨ, ਅਟਲਤਾ ਅਤੇ ਸਖ਼ਤ ਹਮਲੇ ਨਾਲ ਕਰਾਂਗੇ। ਭਾਰਤ ਨੇ ਵੀ ਇਸ ਅੱਤਵਾਦੀ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਅਤੇ ਸਹੁੰ ਚੁੱਕਣ ਦੇ ਅੰਦਾਜ਼ ਵਿੱਚ ਕਿਹਾ ਕਿ ਅੱਤਵਾਦੀ ਸਾਨੂੰ ਸਾਡੀ ਥਾਂ ਤੋਂ ਹਿਲਾ ਨਹੀਂ ਸਕਣਗੇ। ਅਸੀਂ ਹਮੇਸ਼ਾ ਇੱਥੇ ਹੀ ਰਹਾਂਗੇ। ਇਸ ਬਾਰੇ ਪੁਲਸ ਬੁਲਾਰੇ ਨੇ ਦੱਸਿਆ ਕਿ ਤਲ ਅਵੀਵ ਨੇੜੇ ਬੇਈ ਬਰਾਕ ਵਿੱਚ ਦੋ ਥਾਈਂ ਗੋਲੀਬਾਰੀ ਕੀਤੀ ਗਈ। ਮਾਰੇ ਗਏ ਲੋਕਾਂ ਵਿੱਚ ਇੱਕ ਪੁਲਸ ਅਧਿਕਾਰੀ ਹੈ, ਜੋ ਹਮਲਾਵਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਪੁਲਸ ਮੁਤਾਬਕ ਇੱਕ ਹਮਲਾਵਰ ਯਾਬਾਦ ਦਾ ਵਸਨੀਕ 26 ਸਾਲਾ ਫਲਸਤੀਨੀ ਡਿਆ ਹਮਰਸ਼ੇਹਾ ਹੈ। ਉਸ ਨੂੰ ਘਟਨਾ ਸਥਾਨ ਉੱਤੇ ਹੀ ਮਾਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸਾਲ 2013 ਵਿੱਚ ਪੁਲਸ ਨੇ ਇਸ ਨੂੰ ਗ੍ਰਿਫਤਾਰ ਕੀਤਾ ਸੀ ਤੇ ਉਸ ਨੂੰ ਛੇ ਮਹੀਨੇ ਸਜ਼ਾ ਹੋਈ ਸੀ। ਇਸਰਾਈਲੀ ਪੁਲਸ ਨੇ ਪੰਜ ਸ਼ੱਕੀ ਹਮਲਾਵਰਾਂ ਨੂੰ ਕੱਲ੍ਹ ਗ੍ਰਿਫਤਾਰ ਕਰ ਲਿਆ ਹੈ।



# ਭਾਰਤੀ ਮੂਲ ਦੇ ਰਾਜ ਸੁਬਰਾਮਨੀਅਮ ਫੈਡ ਐਕਸ ਦੇ ਨਵੇਂ ਸੀ ਈ ਓ ਬਣਾਏ ਗਏ



ਵਾਸ਼ਿੰਗਟਨ, 31 ਮਾਰਚ (ਪੋਸਟ ਬਿਊਰੋ)- ਭਾਰਤੀ-ਅਮਰੀਕੀ ਰਾਜ ਸੁਬਰਾਮਨੀਅਮ ਫੈਡ ਐਕਸ ਕਾਰਪੋਰੇਸ਼ਨ ਦੇ ਨਵੇਂ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਹੋਣਗੇ।

ਅਮਰੀਕਾ ਦੀ ਬਹੁਕੌਮੀ ਕੋਰੀਅਰ ਕੰਪਨੀ ਨੇ ਇਸ ਬਾਰੇ ਐਲਾਨ ਪਰਸੋਂ ਸੋਮਵਾਰ ਨੂੰ ਕੀਤਾ। ਸੁਬਰਾਮਨੀਅਮ, ਚੇਅਰਮੈਨ ਤੋਂ ਸੀ ਈ ਓ ਵਜੋਂ ਫਰੈਡਰਿਕ ਡਬਲਯੂ ਸਮਿੱਥ ਦੀ ਥਾਂ ਲੈਣਗੇ, ਜੋ ਪਹਿਲੀ ਜੂਨ ਨੂੰ ਅਹੁਦਾ ਛੱਡਣ ਵਾਲੇ ਹਨ। ਵਰਨਣ ਯੋਗ ਹੈ ਕਿ ਫੈਡ ਐਕਸ ਦਾ ਹੈਡਕੁਆਰਟਰ ਅਮਰੀਕੀ ਸੂਬੇ ਟੈਨੇਸੀ ਵਿੱਚ ਹੈ ਅਤੇ ਪੂਰੀ ਦੁਨੀਆ ਵਿੱਚ ਇਸ ਕੰਪਨੀ ਦੇ ਛੇ ਲੱਖ ਮੁਲਾਜ਼ਮ ਹਨ। ਇਸ ਭੂਮਿਕਾ ਤੋਂ ਪਹਿਲਾਂ ਸੁਬਰਾਮਨੀਅਮ ਫੈਡ ਐਕਸ ਐਕਸਪ੍ਰੈਸ ਦੇ ਪ੍ਰਧਾਨ ਅਤੇ ਸੀ ਈ ਓ ਵਜੋਂ ਸੇਵਾਵਾਂ ਨਿਭਾ ਰਹੇ ਸਨ, ਜੋ ਦੁਨੀਆ ਦੀ ਸਭ ਤੋਂ ਵੱਡੀ ਐਕਸਪ੍ਰੈਸ ਟਰਾਂਸਪੋਰਟ ਕੰਪਨੀ ਹੈ। ਉਹ ਫੈਡ ਐਕਸ ਕਾਰਪੋਰੇਸ਼ਨ ਦੇ ਉਪ ਪ੍ਰਧਾਨ ਤੇ ਮੁੱਖ ਮਾਰਕੀਟਿੰਗ ਤੇ ਸੰਚਾਰ ਅਧਿਕਾਰੀ ਵੀ ਰਹਿ ਚੁੱਕੇ ਹਨ। ਉਨ੍ਹਾਂ ਕੰਪਨੀ ਲਈ ਕਾਰਪੋਰੇਟ ਰਣਨੀਤੀ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਰਾਜ ਤਿਰੂਵਨੰਤਪੁਰਮ (ਕੇਰਲਾ) ਨਾਲ ਸਬੰਧਤ ਹਨ ਤੇ ਉਨ੍ਹਾਂ ਦੇ ਪਿਤਾ ਵੀ. ਸੁਬਰਾਮਨੀਅਮ ਕੇਰਲਾ ਪੁਲਸ ਦੇ ਡੀ ਜੀ ਪੀ ਰਹੇ ਹਨ। ਰਾਜ ਸੁਬਰਾਮਨੀਅਮ 87 ਸਾਲਾ ਸਾਬਕਾ ਡੀ ਜੀ ਪੀ ਦੇ ਸਭ ਤੋਂ ਵੱਡੇ ਪੁੱਤਰ ਹਨ। ਉਨ੍ਹਾਂ ਦੱਸਿਆ ਕਿ ਰਾਜ ਦੀ ਪਤਨੀ ਉਮਾ ਵੀ ਫੈਡ ਐਕਸ ਵਿੱਚ ਸੀ, ਪਰ ਫਿਰ ਹਿੱਤਾਂ ਦੇ ਟਕਰਾਅ ਕਾਰਨ ਅਹੁਦਾ ਛੱਡ ਦਿੱਤਾ ਸੀ। ਰਾਜ ਸੁਬਰਾਮਨੀਅਮ ਦਸਵੀਂ ਤਕ ਤਿਰੂਵਨੰਤਪੁਰਮ ਦੇ ਲੋਯੋਲਾ ਸਕੂਲ ਵਿੱਚ ਪੜ੍ਹੇ ਅਤੇ ਫਿਰ ਉਨ੍ਹਾਂ ਆਈ ਆਈ ਟੀ ਮੁੰਬਈ ਤੋਂ ਕੈਮੀਕਲ ਇੰਜੀਨੀਅਰਿੰਗ ਕੀਤੀ ਸੀ।

# ਅਮਰੀਕਾ ਲਈ ਸਭ ਤੋਂ ਵੱਡਾ ਖਤਰਾ ਰੂਸ ਨਹੀਂ, ਚੀਨ ਹੈ

ਵਾਸ਼ਿੰਗਟਨ, 31 ਮਾਰਚ (ਪੋਸਟ ਬਿਊਰੋ)- ਯੂਕਰੇਨ ਜੰਗ ਕਾਰਨ ਅਮਰੀਕਾ ਤੇ ਉਸ ਦੇ ਸਾਥੀ ਦੇਸ਼ਾਂ ਦਾ ਅਜੇ ਤੱਕ ਮੁੱਖ ਨਿਸ਼ਾਨਾ ਰੂਸ ਹੈ, ਪਰ ਅਮਰੀਕਾ ਦੇ ਫੌਜੀ ਰਣਨੀਤੀਕਾਰਾਂ ਵਿਚਾਲੇ ਇਸ ਗੱਲਦੀ ਸਹਿਮਤੀ ਹੈ ਕਿ ਅਮਰੀਕਾ ਲਈ ਮੁੱਖ ਖਤਰਾ ਚੀਨ ਹੈ। ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਨੇ ਰਾਸ਼ਟਰੀ ਰੱਖਿਆ ਰਣਨੀਤੀ (ਐਨ ਡੀ ਐਸ) ਦੇ ਆਪਣੇ ਤਾਜ਼ਾ ਦਸਤਾਵੇਜ ਵਿੱਚ ਇਹ ਗੱਲ ਕਹੀ ਹੈ। ਪੈਂਟਾਗਨ ਨੇ ਆਪਣਾ ਇਹ ਮੁਲਾਂਕਣ ਅਮਰੀਕੀ ਕਾਂਗਰਸ (ਪਾਰਲੀਮੈਂਟ) ਨੂੰ ਸੌਂਪਿਆ। ਇਹ ਦਸਤਾਵੇਜ਼ ਗੁਪਤ ਹੈ, ਪਰ ਕੱਲ੍ਹ ਅਮਰੀਕੀ ਮੀਡੀਆ ਵਿੱਚ ਮੁਲਾਂਕਣ ਦੇ ਕੁਝ ਵੇਰਵੇ ਛਪ ਗਏ ਹਨ। ਇਸਦਾ ਆਧਾਰ ਪੈਂਟਾਗਨ ਵੱਲੋਂ ਜਾਰੀ ਇੱਕ ਸੰਖੇਪ ਫੈਕਟ ਸ਼ੀਟ ਹੈ। ਸੁਪਰਵਾਈਜ਼ਰਾਂ ਦਾ ਕਹਿਣਾ ਹੈ ਕਿ ਯੂਕਰੇਨ ਜੰਗ ਉੱਤੇ ਧਿਆਨ ਰਹਿਣ ਕਾਰਨ ਪੈਂਟਾਗਨ ਦੇ ਇਸ ਦਸਤਾਵੇਜ਼ ਉੱਤੇ ਵੈਸੀ ਚਰਚਾ ਨਹੀਂ ਹੋਈ, ਜਿੱਦਾਂ ਦੀ ਆਮ ਦਿਨਾਂ ਵਿੱਚ ਹੁੰਦੀ ਸੀ। ਉਨ੍ਹਾਂ ਮੁਤਾਬਕ ਪੈਂਟਾਗਨ ਦੀ ਫੈਕਟ ਸ਼ੀਟ ਤੋਂ ਮਿਲੀਆਂ ਜਾਣਕਾਰੀਆਂ ਅੱਖਾਂ ਖੋਲ੍ਹ ਦੇਣ ਵਾਲੀਆਂ ਹਨ। ਪੈਂਟਾਗਨ ਨੇ ਇਸ ਵਿੱਚ ਕਿਹਾ ਹੈ ਕਿ ਚੀਨ ਅਮਰੀਕਾ ਉੱਤੇ ਅਸਰ ਪਾ ਸਕਣ ਦੇ ਸਮਰੱਥ ਉਸਦਾ ਸਭ ਤੋਂ ਵੱਡਾ ਮੁਕਾਬਲੇਬਾਜ਼ ਹੈ, ਜੋ ਪੈਂਟਾਗਨ ਲਈ ਲਗਾਤਾਰ ਵੱਡੀ ਚੁਣੌਤੀ ਬਣਦਾ ਜਾਂਦਾ ਹੈ।

# ਰੂਸੀ ਅਰਬਪਤੀਆਂ ਦਾ ਤਿੰਨ ਕਰੋੜ 80 ਲੱਖ ਕੀਮਤ ਦਾ ਬੇੜਾ ਜ਼ਬਤ

ਲੰਡਨ, 31 ਮਾਰਚ (ਪੋਸਟ ਬਿਊਰੋ)- ਲੰਡਨ ਵਿੱਚ ਰੂਸ ਦੇ ਅਰਬਪਤੀਆਂ ਦੀ 'ਫੇਈ' ਨਾਂ ਦੀ ਸੁਪਰਯਾਟ ਜ਼ਬਤ ਕੀਤੀ ਗਈ। ਇਹ ਸੁਪਰਯਾਟ ਰੂਸ-ਯੂਕਰੇਨ ਵਿੱਚ ਚੱਲਦੀ ਜੰਗ ਬਾਰੇ ਬ੍ਰਿਟਿਸ਼ ਸਰਕਾਰ ਦੀਆਂ ਪਾਬੰਦੀਆਂ ਹੇਠ ਜ਼ਬਤ ਕੀਤਾ ਗਿਆ ਹੈ ਅਤੇ ਲੰਡਨ ਵਿੱਚ ਫੜਿਆ ਗਿਆ ਇਹ ਪਹਿਲਾਂ ਬੇੜਾ ਹੈ।

ਨੈਸ਼ਨਲ ਕ੍ਰਾਈਮ ਏਜੰਸੀ (ਐਨ ਸੀ ਏ) ਦੇ ਨਵੇਂ 'ਕੰਬੇਟਿੰਗ ਕਲੈਪਟੋਕ੍ਰੇਸੀ ਸੈਲ' ਦੇ ਅਧਿਕਾਰੀਆਂ ਨੇ ਕੈਨਰੀ ਵਾਲਫ ਘਾਟਤੋਂ 38 ਮਿਲੀਅਨ ਪੌਂਡ ਦਾ ਸੁਪਰਯਾਟ ਬੇੜਾ ਜ਼ਬਤ ਕਰਨ ਦਾ ਨੋਟਿਸ ਦਿੱਤਾ ਹੈ। ਰਿਪੋਰਟ ਅਨੁਸਾਰ ਖੁਫ਼ੀਆ ਅਧਿਕਾਰੀਆਂ ਨੇ ਜਹਾਜ਼ ਦੇ ਮਾਲਕ ਦੀ ਪਛਾਣ ਕੀਤੀ ਤੇ ਪਾਬੰਦੀ ਲਾਉਣ ਦੀ ਸਿਫਾਰਸ਼ ਕੀਤੀ ਸੀ। ਬ੍ਰਿਟੇਨ ਦੇ ਟਰਾਂਸਪੋਰਟ ਮੰਤਰੀ ਗ੍ਰਾਂਟ ਸ਼ੈਪਸ ਨੇ ਕਿਹਾ ਕਿ ਕੱਲ੍ਹ ਅਸੀਂ 38 ਮਿਲੀਅਨ ਦੀ ਸੁਪਰਯਾਟ ਨੂੰ ਕਬਜ਼ੇ ਵਿੱਚ ਲੈ ਲਿਆ ਤੇ ਰੂਸ ਦੀ ਸ਼ਕਤੀ ਤੇ ਦੌਲਤ ਦੇ ਪ੍ਰਤੀਕ ਨੂੰ ਪੁਤਿਨ (ਰੂਸੀ ਰਾਸ਼ਟਰਪਤੀ) ਅਤੇ ਉਸ ਦੇ ਸਹਿਯੋਗੀਆਂ ਲਈ ਸਪੱਸ਼ਟ ਅਤੇ ਸਖ਼ਤ ਚਿਤਾਵਨੀ ਵਿੱਚ ਬਦਲ ਦਿੱਤਾ ਹੈ। ਇਹ ਕਾਰਵਾਈ ਸਾਬਤ ਕਰਦੀ ਹੈ ਕਿ ਅਸੀਂ ਰੂਸ ਨਾਲ ਸਬੰਧਾਂ ਦਾ ਫਾਇਦਾ ਉਠਾਉਣ ਵਾਲਿਆਂ ਵਿਰੁੱਧ ਸਭ ਤੋਂ ਸਖ਼ਤ ਕਾਰਵਾਈ ਕਰ ਸਕਦੇ ਹਾਂ ਤੇ ਕਰਾਂਗੇ।

# ਟੀਪੂ ਸੁਲਤਾਨ ਦੀ ਬ੍ਰਿਟਿਸ਼ ਜਿੱਤ ਨੂੰ ਦਰਸਾਉਂਦੀ ਪੇਂਟਿੰਗ ਦੀ ਨਿਲਾਮੀ

ਲੰਡਨ, 31 ਮਾਰਚ (ਪੋਸਟ ਬਿਊਰੋ)- ਸੇਰਿੰਗਟਪਮ ਦੇ ਲੋਕਾਂ ਵੱਲੋਂ 1799-1820 ਦੇ ਵਿਚਾਲੇ ਬਣਾਈ ਗਈ ਪੇਂਟਿੰਗ, ਜੋ ਟੀਪੂ ਸੁਲਤਾਨ ਵੱਲੋਂ ਅੰਗਰੇਜ਼ਾਂ ਵਿਰੁੱਧ ਜਿੱਤੀ ਗਈ ਲੜਾਈ ਨੂੰ ਦਰਸਾਉਂਦੀ ਹੈ, ਦੀ ਨਿਲਾਮੀ ਲੰਡਨ ਵਿੱਚ ਹੋ ਰਹੀ ਹੈ ਜਿਸ ਦੀ ਕੀਮਤ 5-8 ਕਰੋੜ ਰੁਪਏ ਦੇ ਲੱਗਭਗ ਹੋਣ ਦੀ ਆਸ ਹੈ।

ਇੱਕ ਰਿਪੋਰਟ ਮੁਤਾਬਕ ਫਾਈਨ ਆਰਟਸ ਕੰਪਨੀ ਸੋਥਬੀ ਵੱਲੋਂ 'ਆਰਟਸ ਆਫ਼ ਦਿ ਇਸਲਾਮਿਕ ਵਰਲਡ ਐਂਡ ਇੰਡੀਆ' ਈਵੈਂਟ ਦੌਰਾਨ ਇਸ ਦੀ ਨਿਲਾਮੀ ਕੀਤੀ ਜਾ ਰਹੀ ਹੈ। ਇਹ ਪੇਂਟਿੰਗ 10 ਮੀਟਰ ਚੌੜੀ ਪੈਨੋਰਾਮਿਕ ਹੈ, ਜਿਸ ਵਿੱਚ 1799-1820 ਦੇ ਦੌਰਾਨ ਸੇਰਿੰਗਪਟਮ ਦੇ ਸਥਾਨਕ ਲੋਕਾਂ ਵੱਲੋਂ ਬਣਾਈ ਗਈ ਕਾਗਜ਼ ਦੀਆਂ 10 ਸ਼ੀਟਾਂ ਉੱਤੇ ਫੈਲੀ ਹੋਈ ਹੈ। ਇਹ ਪੇਂਟਿੰਗ ਤਿੰਨਾਂ ਮਹੱਤਵਪੂਰਨ ਪੇਂਟਿੰਗਾਂ ਵਿੱਚੋਂ ਇੱਕ ਹੈ, 1780 ਦੀ ਦੂਜੀ ਐਂਗਲੋ-ਮੈਸੂਰ ਜੰਗ ਦੀ ਨਿਲਾਮ ਹੋਣ ਵਾਲੀ ਇਹ ਦੂਜੀ ਪੇਂਟਿੰਗ ਹੈ। ਪੇਂਟਿੰਗ ਈਸਟ ਇੰਡੀਆ ਕੰਪਨੀ ਅਤੇ ਹੈਦਰ ਅਲੀ, ਟੀਪੂ ਸੁਲਤਾਨ, ਮੈਸੂਰ ਦੇ ਸ਼ਾਸਕਾਂ ਵਿਚਕਾਰ ਹੋਈ ਲੜਾਈ ਨੂੰ ਦਰਸਾਉਂਦੀ ਹੈ। ਇਹ ਉਹ ਸਮਾਂ ਪੇਸ਼ ਕਰਦੀ ਹੈ ਜਦੋਂ 'ਈਸਟ ਇੰਡੀਆ ਕੰਪਨੀ ਦੇ ਦੋ ਗੋਲਾ ਬਾਰੂਦ ਫਟਦੇ ਹਨ'। ਇਤਿਹਾਸਕਾਰ ਵਿਲੀਅਮ ਡੈਲਰਿੰਪਲ ਨੇ ਕਿਹਾ ਕਿ ਇਹ ਪੇਂਟਿੰਗ ਬਸਤੀਵਾਦ ਦੀ ਹਾਰ ਦੀ ਸਭ ਤੋਂ ਵੱਡੀ ਭਾਰਤੀ ਤਸਵੀਰ ਹੈ ਜੋ ਬਚੀ ਹੋਈ ਹੈ'। ਇਤਿਹਾਸਕਾਰ ਨੇ ਅੱਗੇ ਕਿਹਾ ਕਿ ਟੀਪੂ ਸੁਲਤਾਨ ਸ਼ਾਇਦ ਈਸਟ ਇੰਡੀਆ ਕੰਪਨੀ ਦਾ ਸਭ ਤੋਂ ਪ੍ਰਭਾਵਸ਼ਾਲੀ ਵਿਰੋਧੀ ਸੀ।

ਟੀਪੂ ਨੇ ਦਿਖਾਇਆ ਕਿ ਭਾਰਤੀ ਪਰਤਾਵੀਂ ਲੜਾਈ ਲੜ ਸਕਦੇ ਹਨ, ਉਹ ਜਿੱਤ ਸਕਦੇ ਹਨ, ਉਹ ਯੂਰਪੀਅਨਾਂ ਵਿਰੁੱਧ ਯੂਰਪੀ ਰਣਨੀਤੀਆਂ ਦੀ ਵਰਤੋਂ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਹਰਾ ਸਕਦੇ ਹਨ। ਪਹਿਲੀ ਵਾਰ ਜਦੋਂ ਕਿਸੇ ਯੂਰਪੀਅਨ ਫ਼ੌਜ ਨੂੰ ਭਾਰਤ ਵਿੱਚ ਹਾਰ ਮਿਲੀ ਤਾਂ ਉਹ ਪੋਲੀਲੁਰ ਦੀ ਲੜਾਈ ਹੈ। ਭਾਰਤ ਵਿੱਚ 18ਵੀਂ ਸਦੀ ਦੀ ਲੜਾਈ ਦੀ ਕੋਈ ਤਸਵੀਰ ਨਹੀਂ ਬਚੀ ਅਤੇ ਇਹ ਮਹਾਨ ਕਲਾਕ੍ਰਿਤੀ ਹੈ ਤੇ ਇਹ ਲੱਗਭਗ ਸੰਪੂਰਨ ਸਥਿਤੀ ਵਿੱਚ ਹੈ। ਇਸ ਵਿੱਚ ਤੁਸੀਂ ਹਰ ਵਿਅਕਤੀਗਤ ਚਿਹਰਾ, ਦਹਿਸ਼ਤ, ਉਤਸ਼ਾਹ, ਖ਼ੂਨ-ਖਰਾਬਾ ਦੇਖ ਸਕਦੇ ਹੋ। ਡੈਲਰਿੰਪਲ ਨੇ ਅੱਗੇ ਕਿਹਾ ਕਿ ਟੀਪੂ ਸੁਲਤਾਨ ਨੇ ਅੰਗ੍ਰੇਜ਼ਾਂ ਨੂੰ ਖ਼ਤਰਨਾਕ ਬਾਹਰੀ ਲੋਕਾਂ ਵਜੋਂ ਪਛਾਣਿਆ ਅਤੇ ਪੋਲੀਲੁਰ ਵਿਖੇ ਕੰਪਨੀ ਦੀ ਹਾਰ ਨਾਲ ਉਨ੍ਹਾਂ ਨੂੰ ਦੇਸ਼ ਉਤੇ ਕਬਜ਼ੇ ਕਰਨ ਤੋਂ ਰੋਕਣ ਲਈ ਸਮੇਂ ਦੇ ਕਿਸੇ ਵੀ ਸ਼ਾਸਕ ਨਾਲੋਂ ਵੱਧ ਕੰਮ ਕੀਤਾ।

# ਅਫਗਾਨਿਸਤਾਨ ਵਿੱਚ ਸਰਕਾਰੀ ਮੁਲਾਜ਼ਮਾਂ ਲਈ ਦਾੜ੍ਹੀ ਰੱਖਣਾ ਲਾਜ਼ਮੀ



ਕਾਬੁਲ, 31 ਮਾਰਚ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਤਾਲਿਬਾਨ ਹਾਕਮਾਂ ਨੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਦਾੜ੍ਹੀ ਰੱਖਣ ਤੇ ਡਰੈਸ ਕੋਡ ਦਾ ਪਾਲਣ ਕਰਨ ਦਾ ਨਿਰਦੇਸ਼ ਜਾਰੀ ਕੀਤਾ ਹੈ। ਉਲੰਘਣਾ ਕਰਨ ਵਾਲਿਆਂ ਨੂੰ ਬਰਖਾਸਤ ਕੀਤਾ ਜਾਵੇਗਾ। ਕੱਟੜਪੰਥੀ ਇਸਲਾਮੀ ਪ੍ਰਸ਼ਾਸਨ ਨੇ ਪਿੱਛੇ ਜਿਹੇ ਛੇਵੀਂ ਤੋਂ ਉਪਰ ਦੀਆਂ ਜਮਾਤਾਂ ਵਿੱਚ ਕੁੜੀਆਂ ਦੇ ਪੜ੍ਹਨ ਤੇ ਇਕੱਲੀਆਂ ਔਰਤਾਂ ਦੀ ਹਵਾਈ ਯਾਤਰਾ ਉੱਤੇ ਪਾਬੰਦੀ ਸਮੇਤ ਕਈ ਨਿਰਦੇਸ਼ ਥੋਪੇ ਹਨ।

ਬੀਤੇ ਐਤਵਾਰ ਨੂੰ ਤਾਲਿਬਾਨ ਨੇ ਪਾਰਕਾਂ ਬਾਰੇ ਹੁਕਮ ਜਾਰੀ ਕੀਤੇ। ਔਰਤਾਂ ਨੂੰ ਹਫਤੇ 'ਚ ਤਿੰਨ ਦਿਨ ਤੇ ਮਰਦਾਂ ਨੂੰ ਹਫਤੇ ਦੇ ਅਖੀਰ ਸਮੇਤ ਚਾਰ ਦਿਨ ਪਾਰਕਾਂ ਵਿੱਚ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ।ਮੁਲਾਜ਼ਮ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ, ਇਸ ਦੀ ਨਿਗਰਾਨੀ ਕਰਨ ਲਈ ਜਨਤਕ ਨੈਤਿਕਤਾ ਮੰਤਰਾਲੇ ਵੱਲੋਂ ਸਰਕਾਰੀ ਦਫਤਰਾਂ ਦੇ ਗੇਟਾਂ ਉੱਤੇ ਨਿਗਰਾਨੀ ਜਾਰੀ ਹੈ। ਮੁਲਾਜ਼ਮਾਂ ਨੂੰ ਦਾੜ੍ਹੀ ਨਾ ਬਣਾਉਣ ਤੇ ਸਥਾਨਕ ਪਹਿਰਾਵਾਂ ਪਾਉਣ ਦਾ ਨਿਰਦੇਸ਼ ਦੇਣ ਦੇ ਨਾਲ ਸਹੀ ਸਮੇਂ ਉੱਤੇ ਨਮਾਜ਼ ਪੜ੍ਹਨ ਨੂੰ ਕਿਹਾ ਗਿਆ ਹੈ।ਤਾਲਿਬਾਨ ਸਰਕਾਰ ਨੇ ਸਥਾਨਕ ਮੀਡੀਆ ਰਾਹੀਂ ਕੌਮਾਂਤਰੀ ਮੀਡੀਆ ਦੇ ਪ੍ਰਸਾਰਨ ਉੱਤੇ ਪਾਬੰਦੀ ਲਾਉਣ ਦਾ ਫੈਸਲਾ ਵੀ ਲਿਆ ਹੈ।

ਬੀ ਬੀ ਸੀ ਐਤਵਾਰ ਰਾਤ ਦਾ ਪ੍ਰਸਾਰਨ ਰੋਕਣ ਵਾਲਾ ਪਹਿਲਾ ਕੌਮਾਂਤਰੀ ਮੀਡੀਆ ਹਾਊਸ ਬਣਿਆ ਹੈ। ਉਸ ਨੇ ਤਾਲਿਬਾਨ ਨੂੰ ਆਪਣਾ ਫੈਸਲਾ ਪਲਟਣ ਲਈ ਕਿਹਾ ਹੈ।ਤਾਲਿਬਾਨ ਦੇ ਮੁਖੀ ਨੇਤਾ ਮੁੱਲ੍ਹਾ ਹੇਬੁਤੱਲ੍ਹਾ ਅਖੁੰਦਜ਼ਾਦਾ ਨੇ ਫੌਜ ਦੇ ਅਧਿਕਾਰੀਆਂ ਨੂੰ ਆਪਣੇ ਰੈਂਕ ਵਿੱਚ ਅੱਲ੍ਹੜਾਂ ਦੀ ਭਰਤੀ ਨਾ ਕਰਨ ਨੂੰ ਕਿਹਾ ਹੈ। ਇੱਕ ਸਰਕਾਰੀ ਹੁਕਮ ਵਿੱਚ ਉਨ੍ਹਾਂ ਕਿਹਾ ਕਿ ਤਾਲਿਬਾਨ ਸ਼ਾਸਨ ਦੇ ਕਿਸੇ ਫੌਜੀ ਅੱਡੇ ਵਿੱਚ ਅੱਲ੍ਹੜਾਂ ਨੂੰ ਇਜਾਜ਼ਤ ਨਾ ਦਿੱਤੀ ਜਾਵੇ। ਨਾਬਾਲਗ ਫੌਜੀ ਮੁਹਿੰਮ ਚਲਾਉਣ ਵਿੱਚ ਅਸਮਰਥ ਹਨ ਤੇ ਫੌਜੀ ਰੈਂਕਿੰਗ ਵਿੱਚ ਘੱਟ ਉਮਰ ਦੇ ਮੈਂਬਰ ਆਉਣ ਨਾਲ ਬਦਨਾਮੀ ਹੋਵੇਗੀ।

# ਬਾਗ਼ੀਆਂ ਨੇ ਕਾਂਗੋ ਵਿੱਚ ਯੂ ਐੱਨ ਦਾ ਹੈਲੀਕਾਪਟਰ ਸੁੱਟਿਆ, ਅੱਠ ਮੌਤਾਂ



ਡਕਾਰ, 31 ਮਾਰਚ (ਪੋਸਟ ਬਿਊਰੋ)- ਕਾਂਗੋ ਦੀ ਫ਼ੌਜ ਨੇ ਕਿਹਾ ਕਿ ਦੇਸ਼ ਦੇ ਪੂਰਬੀ ਖੇਤਰ ਵਿੱਚ ਬਾਗ਼ੀਆਂ ਨੇ ਕੱਲ੍ਹ ਅੱਠ ਸ਼ਾਂਤੀ ਰੱਖਿਅਕਾਂ ਅਤੇ ਯੂ ਐੱਨ ਆਬਜ਼ਰਵਾਂ ਨੂੰ ਲਿਜਾ ਰਹੇ ਯੂ ਐੱਨ ਦੇ ਇੱਕ ਹੈਲੀਕਾਪਟਰ ਨੂੰ ਮਾਰ ਸੁਟਿਆ।

ਇਸ ਬਾਰੇ ਯੂ ਐੱਨ ਓ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਵੀ ਨਹੀਂ ਬਚਿਆ। ਕਾਂਗੋ ਦੇ ਫ਼ੌਜੀ ਬਿਆਨ ਦੇ ਅਨੁਸਾਰ ਇਹ ਹੈਲੀਕਾਪਟਰ ਇੱਕ ਹੋਰ ਹੈਲੀਕਾਪਟਰ ਨਾਲ ਕਾਂਗੋ ਵਿੱਚ ਯੂ ਐੱਨ ਸ਼ਾਂਤੀ ਮਿਸ਼ਨ ਲਈ ਜਾ ਰਿਹਾ ਸੀ। ਹੈਲੀਕਾਪਟਰ ਉਤੇ ਯੂ ਐੱਨ ਦੇ ਪੀਸ ਕੀਪਰਜ਼ ਬਾਗ਼ੀਆਂ ਦੀਆਂ ਹਮਲਾ ਗਤੀਵਿਧੀਆਂ ਦਾ ਮੁਲਾਂਕਣ ਕਰ ਰਹੇ ਸਨ।

ਇੱਕ ਬਿਆਨ ਅਨੁਸਾਰ ਬਾਗੀ ਗਰੁੱਪ ਐਮ-23 ਨੇ ਕੱਲ੍ਹ ਤਚੰਜੂ, ਰੂਨੀਓਨੀ, ਨਦੀਜਾ ਅਤੇ ਚੇਂਗੇਰੋ ਸਮੇਤ ਲਈ ਪਿੰਡਾਂ ਉੱਤੇ ਹਮਲਾ ਕੀਤਾ। ਯੂ ਐੱਨ ਦੇ ਬੁਲਾਰੇ ਸਟੀਫ਼ਨ ਡੁਜ਼ਾਰਿਕ ਨੇ ਦੱਸਿਆ ਕਿ ਇੱਕ ਖੋਜ ਅਤੇ ਬਚਾਅ ਮੁਹਿੰਮ ਨੇ ਮਲਬਾ ਲੱਭ ਲਿਆ ਹੈ ਅਤੇ ਕੋਈ ਵੀ ਨਹੀਂ ਬਚਿਆ। ਉਨ੍ਹਾਂ ਕਿਹਾ ਕਿ ਅੱਠ ਲੋਕਾਂ ਦੀਆਂ ਲਾਸ਼ਾਂ ਪੂਰਬੀ ਕਾਂਗੋ ਦੇ ਸਭ ਤੋਂ ਵੱਡੇ ਸ਼ਹਿਰ ਗੋਮਾ ਵਿੱਚ ਲਿਆਂਦੀਆਂ ਗਈਆਂ। ਦੁਜ਼ਾਰਿਕ ਨੇ ਕਿਹਾ ਕਿ,''ਅਸੀਂ ਪਾਕਿਸਤਾਨੀ ਚਾਲਕ ਦਲ ਦੇ ਛੇ ਮੈਂਬਰਾਂ ਅਤੇ ਰੂਸ ਅਤੇ ਸਰਬੀਆ ਦੇ ਦੋ ਫ਼ੌਜੀ ਕਰਮਚਾਰੀਆਂ ਤੇ ਉਨ੍ਹਾਂ ਦੀਆਂ ਸਰਕਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਦੇ ਹਾਂ।''

**ਅਮਰੀਕੀ ਰਾਸ਼ਟਰਪਤੀ ਚੋਣਾਂ ਬਾਰੇ ਟਿੱਪਣੀ**

# ਜੱਜ ਨੇ ਕਿਹਾ, ਟਰੰਪ ਨੇ ਧਾਂਦਲੀ ਤੇ ਤਖਤਾ ਪਲਟ ਦੀ ਕੋਸ਼ਿਸ਼ ਕੀਤੀ



ਵਾਸ਼ਿੰਗਟਨ, 31 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਆਪਣੇ ਫੈਸਲੇ ਵਿੱਚ ਸਾਫ ਕਿਹਾ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਘੱਟੋ-ਘੱਟ ਤਖਤਾਪਲਟ ਦੀ ਕੋਸ਼ਿਸ਼ ਤਾਂ ਕੀਤੀ ਹੀ ਸੀ। ਉਨ੍ਹਾਂ ਨੇ ਆਪਣੇ ਇੱਕ ਵਕੀਲ ਦੀ ਸਲਾਹ ਉਤੇ ਇਹ ਤਰੀਕੇ ਵਰਤੇ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਸਮਰਥਕਾਂ ਜ਼ਰੀਏ ਤੇ ਆਪਣੇ ਉਪ ਰਾਸ਼ਟਰਪਤੀ ਉਤੇ ਦਬਾਅ ਪਾ ਕੇ ਕਾਂਗਰਸ ਦਾ ਕੰਮਕਾਜ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਤੇ ਅਮਰੀਕੀ ਚੋਣਾਂ ਵਿੱਚ ਆਪਣੀ ਹਾਰ ਨੂੰ ਜਿੱਤ ਵਿੱਚ ਬਦਲਣ ਦੀ ਸਾਜ਼ਿਸ ਰਚੀ ਸੀ।

ਲਾਸ ਏਂਜਲਸ ਵਿੱਚ ਅਮਰੀਕੀ ਜ਼ਿਲ੍ਹਾ ਜੱਜ ਡੇਵਿਡ ਓ ਕਾਰਟਰ ਨੇ ਲਿਖਤੀ ਫੈਸਲੇ ਵਿੱਚ ਕਿਹਾ ਕਿ ਛੇ ਜਨਵਰੀ 2021 ਨੂੰ ਯੂ ਐਸ ਕੈਪੀਟਲ ਉਤੇ ਹਮਲੇ ਦੀ ਜਾਂਚ ਕਰਨ ਵਾਲੀ ਅਮਰੀਕੀ ਪ੍ਰਤੀਨਿਧ ਸਭਾ ਦੀ ਕਮੇਟੀ ਨੇ ਜਾਂਚ ਵਿੱਚ ਪਾਇਆ ਕਿ ਟਰੰਪ ਦੇ ਓਦੋਂ ਦੇ ਵਕੀਲ ਜਾਨ ਈਸਟਮੈਨ ਦੇ ਟਰੰਪ ਨੂੰ ਲਿਖੇ ਈ-ਮੇਲਾਂ ਤੋਂ ਇਸ ਦੀ ਸੱਚਾਈ ਸਾਹਮਣੇ ਆ ਜਾਵੇਗੀ। ਉਨ੍ਹਾਂ ਕਿਹਾ ਕਿ ਜਾਂਚ ਕਮੇਟੀ ਨੂੰ ਇਹ ਈ-ਮੇਲ ਦੇਖਣ ਦਾ ਅਧਿਕਾਰ ਹੈ। ਜੱਜ ਨੇ ਜੌਨ ਈਸਟਮੈਨ ਦੇ ਇਸ ਸਿਵਲ ਕੇਸ ਵਿੱਚ ਕਿਹਾ ਹੈ ਕਿ ਕਮੇਟੀ ਇਸ ਆਧਾਰ ਉਤੇ ਮਾਮਲੇ ਨੂੰ ਅਪਰਾਧ ਵਜੋਂ ਦਰਜ ਕਰਨਾ ਚਾਹੁੰਦੀ ਹੈ।

ਮੰਨਿਆ ਜਾ ਰਿਹਾ ਹੈ ਕਿ ਟਰੰਪ ਨੇ ਇਹ ਅਪਰਾਧ ਕੀਤਾ ਹੈ। ਟਰੰਪ ਉਤੇ ਹਾਲੇ ਕਿਸੇ ਅਪਰਾਧ ਦਾ ਕੋਈ ਦੋਸ਼ ਦਰਜ ਨਹੀਂ ਕੀਤਾ ਗਿਆ। ਜੱਜ ਨੇ ਆਪਣੇ ਫੈਸਲੇ ਵਿੱਚ ਉਨ੍ਹਾਂ ਉਤੇ ਫੌਰੀ ਤੌਰ ਉੱਤੇ ਕੋਈ ਕਾਨੂੰਨੀ ਦੋਸ਼ੀ ਨਹੀਂ ਲਗਾਏ, ਪਰ ਇਸ ਨਾਲ ਕਾਂਗਰਸ ਦੀਆਂ ਉਨ੍ਹਾਂ ਦਲੀਲਾਂ ਨੂੰ ਬਲ ਮਿਲਿਆ ਹੈ ਜਿਸ ਵਿੱਚ ਕਿਹਾ ਜਾ ਰਿਹਾ ਹੈ ਕਿ ਟਰੰਪ ਨੇ ਜੋਅ ਬਾਇਡੇਨ ਦੇ ਇਲੈਕਟ੍ਰੋਲ ਕਾਲਜ ਦੀ ਜਿੱਤ ਨੂੰ ਅਪਰਾਧਕ ਸਾਜ਼ਿਸ਼ ਤਹਿਤ ਰੋਕਣ ਦੀ ਕੋਸ਼ਿਸ਼ ਕੀਤੀ ਸੀ।

# ਵਿਲ ਸਮਿੱਥ ਨੇ ਕ੍ਰਿਸ ਰੌਕ ਨੂੰ ਥੱਪੜ ਮਾਰਨ ਦੀ ਮੁਆਫੀ ਮੰਗੀ



ਲਾਸ ਏਂਜਲਸ, 31 ਮਾਰਚ (ਪੋਸਟ ਬਿਊਰੋ)- ਆਸਕਰ ਸਮਾਗਮ ਵਿੱਚ ਹਾਲੀਵੁੱਡ ਅਭਿਨੇਤਾ ਵਿਲ ਸਮਿੱਥ ਨੇ ਪ੍ਰਸਿੱਧ ਕਾਮੇਡੀਅਨ ਕ੍ਰਿਸ ਰੌਕ ਨੂੰ ਜ਼ੋਰਦਾਰ ਥੱਪੜ ਮਾਰਨ ਬਾਰੇ ਮੁਆਫੀ ਮੰਗ ਲਈ ਹੈ, ਪਰ ਫਿਲਮ ਅਕੈਡਮੀ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਖਿਲਾਫ ਕਾਰਵਾਈ ਕਰ ਸਕਦੀ ਹੈ।

'ਪਰਸੁਏਟ ਟੂ ਹੈਪੀਨੈਸ', 'ਜੈਮਿਨੀ ਮੈਨ', 'ਮੈਨ ਇਨ ਬਲੈਕ' ਆਦਿ ਪ੍ਰਸਿੱਧ ਫਿਲਮਾਂ ਦੇ ਹੀਰੋ ਵਿਲ ਸਮਿੱਥ ਨੇ ਇੰਸਟਾਗ੍ਰਾਮ ਉੱਤੇ ਆਪਣੀ ਪੋਸਟ ਵਿੱਚ ਮੁਆਫੀ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਦਾ ਵਿਹਾਰ ਟੀ ਵੀ ਉਤੇ ਪ੍ਰਸਾਰਤ ਹੋਏ ਸਮਾਗਮ ਵਿੱਚ ਚੰਗਾ ਨਹੀਂ ਸੀ। ਉਨ੍ਹਾਂ ਕਿਹਾ ਕਿ 'ਕ੍ਰਿਸ ਮੈਂ ਤੁਹਾਡੇ ਤੋਂ ਜਨਤਕ ਤੌਰ ਉਤੇ ਮੁਆਫੀ ਮੰਗਣਾ ਚਾਹੁੰਦਾ ਹਾਂ। ਮੈਂ ਹੱਦ ਤੋਂ ਬਾਹਰ ਚਲਾ ਗਿਆ, ਮੈਂ ਗਲਤ ਸੀ।''

ਵਰਨਣ ਯੋਗ ਹੈ ਕਿ ਕਿੰਗ ਰਿਚਰਡ ਫਿਲਮ ਲਈ ਬੀਤੇ ਸੋਮਵਾਰ ਨੂੰ ਵੀਨਸ ਤੇ ਸੈਰੇਨਾ ਵਿਲੀਅਮਸ ਦੇ ਪਿਤਾ ਦੀ ਭੂਮਿਕਾ ਨਿਭਾਅ ਕੇ ਸਰਵੋਤਮ ਅਭਿਨੇਤਾ ਦਾ ਐਵਾਰਡ ਜਿੱਤਣ ਵਾਲੇ ਵਿਲ ਸਮਿੱਥ ਨੇ ਮੰਚ ਉਤੇ ਐਂਕਰ ਤੇ ਕਾਮੇਡੀਅਨ ਕ੍ਰਿਸ ਰੌਕ ਨੂੰ ਉਦੋਂ ਜ਼ੋਰਦਾਰ ਥੱਪੜ ਮਾਰਿਆ ਸੀ, ਜਦੋਂ ਉਨ੍ਹਾਂ ਨੇ ਵਿੱਲ ਦੀ ਪਤਨੀ ਦੀ ਲੁਕ ਬਾਰੇ ਭੱਦਾ ਮਜ਼ਾਕ ਕੀਤਾ। ਕ੍ਰਿਸ ਰੌਕ ਨੇ 1997 ਵਿੱਚ ਆਈ ਫਿਲਮ 'ਜੀ ਆਈ ਜ਼ੈਨ' ਵਿੱਚ ਅਭਿਨੇਤਰੀ ਡੈਮੀ ਮੂਰ ਦੇ ਸਿਰ ਦੇ ਵਾਲ ਸ਼ੇਵ ਕਰਨ ਵਾਲੇ ਵਿਲ ਸਮਿੱਥ ਦੀ ਪਤਨੀ ਜਾਡਾ ਪਿਨਕੇਟ ਸਮਿੱਥ ਦੇ ਵਾਲਾਂ ਦੇ ਘੱਟ ਹੋ ਜਾਣ ਨਾਲ ਜੋੜਿਆ ਤੇ ਭੱਦੀ ਟਿੱਪਣੀ ਕੀਤੀ।ਸਮਿੱਥ ਨੇ ਆਪਣੀ ਸਫਾਈ ਵਿੱਚ ਕਿਹਾ ਕਿ ਉਨ੍ਹਾਂ ਦੇ ਨਾਂਅ ਉਤੇ ਚੁਟਕਲੇ ਸੁਣਾਉਣਾ ਉਨ੍ਹਾਂ ਦੇ ਕੰਮਦਾ ਹਿੱਸਾ ਹੈ, ਪਰ ਜਾਡਾ ਦੀ ਮੈਡੀਕਲ ਸਥਿਤੀ ਬਾਰੇ ਮਜ਼ਾਕ ਕਰਨਾ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ। ਇਸ ਲਈ ਭਾਵਨਾ ਵਿੱਚ ਵਹਿ ਕੇ ਮੈਂ ਅਜਿਹੀ ਪ੍ਰਤੀਕਿਰਿਆ ਦਿੱਤੀ ਹੈ। ਅਜੇ ਤਕ ਸਪੱਸ਼ਟ ਨਹੀਂ ਹੋ ਸਕਿਆ ਕਿ ਕ੍ਰਿਸ ਰੌਕ ਨੂੰ ਵਿਲ ਦੀ ਪਤਨੀ ਦੀ ਤਬੀਅਤ ਬਾਰੇ ਜਾਣਕਾਰੀ ਸੀ ਜਾਂ ਨਹੀਂ।

# ਕੁੱਕੜ-ਖੋਹੀ ਵੇਖਣ ਆਏ 20 ਬੰਦੇ ਮਾਰੇ ਗਏ







ਮੈਕਸੀਕੋ ਸਿਟੀ, 31 ਮਾਰਚ (ਪੋਸਟ ਬਿਊਰੋ)- ਮੈਕਸੀਕੋ ਦੇ ਪੱਛਮੀ ਸੂਬੇ ਮਿਕੋਆਕਨ ਵਿੱਚ ਜਿਨਾਪੇਕੁਆਰੋ ਨੇੜੇ ਗ਼ੈਰ-ਕਾਨੂੰਨੀ ਕੁੱਕੜ ਲੜਾਈ ਪ੍ਰੋਗਰਾਮ ਦੌਰਾਨ ਬੰਦੂਕਧਾਰੀਆਂ ਦੇ ਹਮਲੇ ਵਿੱਚ 20 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਜਿਨਾਪੇਕੁਆਰੋ ਸ਼ਹਿਰ ਨੇੜੇ ਕੱਲ੍ਹ ਰਾਤ ਹੋਏ ਇਸ ਹਮਲੇ ਵਿੱਚ ਮਾਰੇ ਗਏ ਲੋਕਾਂ ਵਿੱਚ ਤਿੰਨ ਔਰਤਾਂ ਵੀ ਹਨ।ਸਰਕਾਰੀ ਵਕੀਲਾਂ ਨੇ ਦੱਸਿਆ ਕਿ ਹਮਲਾਵਰਾਂ ਨੇ ਹਮਲੇ ਦੀ ਸਪੱਸ਼ਟ ਯੋਜਨਾ ਪਹਿਲਾਂ ਹੀ ਬਣਾਈ ਹੋਈ ਸੀ ਅਤੇ ਉਹ ਨਾਸ਼ਤਾ ਬਣਾਉਣ ਵਾਲੀ ਇੱਕ ਕੰਪਨੀ ਦੇ ਚੋਰੀ ਕੀਤੇ ਟਰੱਕ ਜ਼ਰੀਏ ਕੰਪਲੈਕਸ ਵਿੱਚ ਦਾਖਲ ਹੋਏ। ਕੰਪਨੀ ਦੇ ਟਰੱਕ ਦੇ ਉਥੇ ਪਹੁੰਚਦੇ ਹੀ ਕਈ ਹਥਿਆਰਬੰਦ ਹਮਲਾਵਰ ਉਸ ਵਿੱਚੋਂ ਨਿਕਲੇ ਅਤੇ ਉਸੇ ਸਮੇਂ ਇਮਾਰਤ ਦੇ ਬਾਹਰ ਖੜ੍ਹੀ ਇੱਕ ਬੱਸ ਨੂੰ ਬੈਰੀਕੇਡ ਵਜੋਂ ਵਰਤਿਆਂ ਗਿਆ ਤਾਂਕਿ ਪੀੜਤ ਬਚ ਕੇ ਨਾ ਨਿਕਲ ਸਕਣ ਜਾਂ ਮਦਦ ਨਾ ਮੰਗ ਸਕਣ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਇਲਾਕੇ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਰੋਹਾਂ ਅਤੇ ਹੋਰ ਅਪਰਾਧਕ ਗਰੋਹਾਂ ਵਿਚਾਲੇ ਲੜਾਈ ਚਲਦੀ ਰਹਿੰਦੀ ਹੈ। ਫ਼ੈਡਰਲ ਡਿਪਾਰਟਮੈਂਟ ਆਫ਼ ਪਬਲਿਕ ਸੇਫ਼ਟੀ ਨੇ ਇੱਕ ਬਿਆਨ ਵਿੱਚ ਕਿਹਾ,'' ਇਸ ਗੱਲ ਦਾ ਸੰਕੇਤ ਹੈ ਕਿ ਅਪਰਾਧਕ ਗਰੁੱਪਾਂ ਵਿਚਕਾਰ ਲੜਾਈ ਦੇ ਕਾਰਨ ਇਹ ਹਮਲਾ ਕੀਤਾ ਗਿਆ।''

ਪ੍ਰਤਾਪ ਬਾਜਵਾ ਦੀ ਹਾਈ ਕਮਾਂਡ ਨੂੰ ਸਲਾਹ:

# ਕਰਨਲ ਨੂੰ ਜਨਰਲ ਬਣਾਉਗੇ ਤਾਂ ਅਨੁਸ਼ਾਸਨ ਭੰਗ ਹੀ ਹੋਵੇਗਾ

*** ਡਰਬੀ ਦੀ ਦੌੜ ਵਿੱਚ ਦੇਸੀ ਨਹੀਂ, ਅਰਬੀ ਘੋੜੇ ਭਜਾਉ: ਬਾਜਵਾ**



ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਨਵੇਂ ਪ੍ਰਧਾਨ ਅਤੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਲਈ ਹੰਗਾਮਾ ਮਚਿਆ ਹੋਇਆ ਹੈ। ਸੀਨੀਅਰ ਕਾਂਗਰਸੀ ਆਗੂ ਅਤੇ ਕਾਦੀਆਂ ਤੋਂ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਹਾਈ ਕਮਾਂਡ ਨੂੰ ਸਲਾਹ ਦਿੱਤੀ ਹੈ ਕਿ ਇਨ੍ਹਾਂ ਦੋਹਾਂ ਪੋਸਟਾਂ ਲਈ ਨਿਯੁਕਤੀ ਕਰਨ ਸਮੇਂ ਤਿੰਨ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਇਨ੍ਹਾਂ ਵਿੱਚ ਸੀਨੀਆਰਟੀ, ਵਫ਼ਾਦਾਰੀ ਅਤੇ ਯੋਗਤਾ ਸ਼ਾਮਲ ਹਨ।

ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇ ਕਰਨਲ ਨੂੰ ਜਨਰਲ ਬਣਾਇਆ ਜਾਂਦਾ ਹੈ ਤਾਂ ਅਨੁਸ਼ਾਸਨ ਦੀ ਉਲੰਘਣਾ ਹੋਵੇਗੀ ਅਤੇ ਸਾਨੂੰ ਡਰਬੀ ਦੀ ਦੌੜ ਵਿੱਚ ਦੇਸੀ ਦੀ ਬਜਾਏ ਅਰਬੀ ਘੋੜੇ ਭਜਾਉਣੇ ਚਾਹੀਦੇ ਹਨ। ਦੇਸੀ ਘੋੜੇ ਭਜਾਉਗੇ ਤਾਂ ਸਭ ਤੋਂ ਪਿੱਛੇ ਰਹਿ ਜਾਉਗੇ। ਬਾਜਵਾ ਨੇ ਕਿਹਾ ਕਿ ਨਵਾਂ ਵਿਅਕਤੀ ਪ੍ਰਧਾਨ ਬਣਾਉਣ ਨਾਲ ਪਾਰਟੀ ਵਿੱਚ ਅਨੁਸ਼ਾਸਨ ਨਹੀਂ ਰਹਿੰਦਾ। ਉਨ੍ਹਾਂ ਕਿਹਾ ਕਿ ਇੱਕ ਅਸਲੀ ਕਾਂਗਰਸੀ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਵਿਰੋਧੀ ਪਾਰਟੀ ਦਾ ਨੇਤਾ ਬਣਾਉਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਪਾਰਟੀਆਂ ਬਦਲਣ ਵਾਲੇ ਆਗੂ ਨੂੰ ਅਹਿਮ ਜ਼ਿੰਮੇਵਾਰੀ ਦਿੱਤੀ ਜਾਵੇ।

ਬਾਜਵਾ ਦੀ ਇਹ ਗੱਲ ਇਸ ਲਈ ਵੀ ਅਹਿਮ ਹੈ ਕਿ ਨਵਜੋਤ ਸਿੱਧੂ ਮੁੜ ਪ੍ਰਧਾਨਗੀ ਸਾਂਭਣ ਲਈ ਜ਼ੋਰ ਲਾ ਰਹੇ ਹਨ, ਜਦ ਕਿ ਪੰਜਾਬ ਵਿੱਚ ਚੋਣਾਂ ਹਾਰਨ ਤੋਂ ਬਾਅਦ ਸੋਨੀਆ ਗਾਂਧੀ ਨੇ ਨਵਜੋਤ ਸਿੰਘ ਸਿੱਧੂ ਦਾ ਅਸਤੀਫ਼ਾ ਲੈ ਲਿਆ ਸੀ, ਪਰ ਸਿੱਧੂ ਫਿਰ ਸਰਗਰਮ ਹੋ ਗਏ ਹਨ ਅਤੇ ਉਹ ਕਾਂਗਰਸੀਆਂ ਨਾਲ ਮੀਟਿੰਗ ਕਰ ਰਹੇ ਹਨ।

## ਕੈਨੇਡਾ ਪਰਮਿਟ ਦਾ ਝਾਂਸਾ ਦੇ ਕੇ ਦੁਕਾਨਦਾਰ ਤੋਂ 9.70 ਲੱਖ ਠੱਗੇ


ਜਲੰਧਰ, 31 ਮਾਰਚ (ਪੋਸਟ ਬਿਊਰੋ)- ਕੈਨੇਡਾ ਵਿੱਚ ਵਰਕ ਪਰਮਿਟ ਦਿਵਾਉਣ ਦਾ ਝਾਂਸਾ ਦੇ ਕੇ ਨਮਕੀਨ ਦੀ ਦੁਕਾਨ ਚਲਾਉਣ ਵਾਲੇ ਦੁਕਾਨਦਾਰ ਤੋਂ ਬਾਪ-ਬੇਟੇ ਟਰੈਵਲ ਏਜੰਟ ਨੇ 9 ਲੱਖ 70 ਹਜ਼ਾਰ ਰੁਪਏ ਠੱਗ ਲਏ।

ਇਸ ਦੀਸ਼ਿਕਾਇਤ ਵਿੱਚ ਸ਼ਾਲੂ ਗੁਪਤਾ ਪੁੱਤਰ ਢਾਲ ਚੰਦ ਗੁਪਤਾ ਵਾਸੀ ਸਤਨਾਮ ਨਗਰ ਨੇ ਦੱਸਿਆ ਕਿ ਕੋਰੋਨਾ ਕਾਲ ਦੌਰਾਨ ਕੰਮ ਬੰਦ ਹੋਣ ਕਾਰਨ ਉਹ ਵਿਦੇਸ਼ ਜਾਣ ਦਾ ਪ੍ਰੋਗਰਾਮ ਬਣਾ ਰਿਹਾ ਸੀ ਤਾਂ ਉਸ ਨੇ ਫੇਸਬੁੱਕ ਉੱਤੇ ਇੱਕ ਇਸ਼ਤਿਹਾਰ ਦੇਖਿਆ, ਜਿਸ ਨੂੰ ਰਾਹੁਲ ਚੋਪੜਾ ਨੇ ਅਪਲੋਡ ਕੀਤਾ ਸੀ। ਫੇਸਬੁੱਕ ਤੋਂ ਰਾਹੁਲ ਦੇ ਆਫਿਸ ਦਾ ਪਤਾ ਲੈ ਕੇ ਉਹ ਉਨ੍ਹਾਂ ਦੇ ਗੋਪਾਲ ਨਗਰ ਦੇ ਦਫਤਰ ਗਿਆ। ਰਾਹੁਲ ਅਤੇ ਉਸਦੇ ਪਿਤਾ ਅਜੇ ਚੋਪੜਾ ਨੂੰ ਦੱਸਿਆ ਕਿ ਉਸ ਕੋਲ ਪਾਸਪੋਰਟ ਵੀ ਨਹੀਂ। ਬਾਪ-ਬੇਟੇ ਨੇ ਉਸ ਨੂੰ ਭਰੋਸਾ ਦਿੱਤਾ ਕਿ ਉਹ ਉਸਦਾ ਪਾਸਪੋਰਟ ਬਣਾਉਣਗੇ ਅਤੇ ਕੈਨੇਡਾ ਵਿੱਚ ਵਰਕ ਪਰਮਿਟ ਲਾਉਣ ਦਾ ਕੁੱਲ ਖਰਚ 20 ਲੱਖ ਰੁਪਏ ਆਵੇਗਾ। ਉਨ੍ਹਾਂ ਦੀਆਂ ਗੱਲਾਂ ਵਿੱਚ ਆ ਕੇ ਤਿੰਨ ਦਿਨ ਬਾਅਦ ਸ਼ਾਲੂ ਗੁਪਤਾ ਨੇ ਏਜੰਟ ਬਾਪ-ਬੇਟੇ ਦੇ ਆਫਿਸ ਵਿੱਚ ਜਾ ਕੇ 2 ਲੱਖ 70 ਹਜ਼ਾਰ ਰੁਪਏ ਅਤੇ 10 ਪਾਸਪੋਰਟ ਸਾਈਜ਼ ਫੋਟੋਆਂ ਦੇ ਦਿੱਤੀਆਂ।ਕੁਝ ਦਿਨਾਂ ਬਾਅਦ ਉਨ੍ਹਾਂ ਨੇ ਸ਼ਾਲੂ ਤੋਂ 7 ਲੱਖ ਰੁਪਏ ਦੀ ਮੰਗ ਕੀਤੀ। ਸ਼ਾਲੂ ਨੇ ਕੁਝ ਰਿਸ਼ਤੇਦਾਰਾਂ ਦੀ ਮਦਦ ਨਾਲ 7 ਲੱਖ ਰੁਪਏ ਦਾ ਪ੍ਰਬੰਧ ਕੀਤਾ ਤੇ ਏਜੰਟ ਬਾਪ-ਬੇਟੇ ਦੇ ਆਫਿਸ ਜਾ ਕੇ ਪੈਸੇ ਦੇ ਆਇਆ। ਕਾਫੀ ਸਮਾਂ ਬੀਤਣ ਤੋਂ ਬਾਅਦ ਵੀ ਜਦੋਂ ਉਸਦਾ ਕੰਮ ਨਾ ਬਣਿਆ ਤਾਂ ਬਾਪ-ਬੇਟੇ ਨੇ ਧਮਕਾਉਣਾ ਸ਼ੁਰੂ ਕਰ ਦਿੱਤਾ। ਪੁਲਸ ਨੇ ਲੰਮੀ ਜਾਂਚ ਪਿੱਛੋਂ ਏਜੰਟ ਰਾਹੁਲ ਤੇ ਉਸਦੇ ਪਿਤਾ ਅਜੇ ਉਰਫ ਭੋਲਾ ਚੋਪੜਾ ਵਾਸੀ ਗੋਪਾਲ ਨਗਰ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰ ਲਿਆ। ਹਾਲੇ ਉਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ।

## ਟੈਨਿਸ ਅਕੈਡਮੀ ਦੇ ਬਹਾਨੇ ਕਰੋੜਾਂ ਦੀ ਸਰਕਾਰੀ ਜ਼ਮੀਨ ਉਤੇ ਕਬਜ਼ਾ

ਪਟਿਆਲਾ, 31 ਮਾਰਚ (ਪੋਸਟ ਬਿਊਰੋ)- ਇਸ ਰਿਆਸਤੀ ਸ਼ਹਿਰ ਦੇ ਮਾਡਲ ਟਾਊਨ ਇਲਾਕੇ ਵਿੱਚ ਨਿਯਮ ਛਿੱਕੇ ਟੰਗ ਕੇ ਕਰੋੜਾਂ ਰੁਪਏ ਦੀ ਸਰਕਾਰੀ ਜ਼ਮੀਨ ਹੜੱਪ ਕਰ ਕੇ ਬਿਨਾਂ ਕਿਸੇ ਆਗਿਆ ਤੋਂ ਇੱਕ ਜਨਤਕ ਪਾਰਕ ਉੱਤੇ ਪ੍ਰਾਈਵੇਟ ਟੈਨਿਸ ਅਕੈਡਮੀ ਖੜ੍ਹੀ ਕਰ ਦਿੱਤੀ ਗਈ ਹੈ। ਇਸ ਮਾਮਲੇ ਵਿੱਚ ਜਿੱਥੇ ਲੋਕਲ ਬਾਡੀਜ਼ ਬਾਰੇ ਵਿਭਾਗ ਨੇ ਜਾਂਚ ਦੇ ਹੁਕਮ ਦਿੱਤੇ ਹਨ, ਉਥੇ ਪਟਿਆਲੇ ਦੇ ਮੇਅਰ ਨੇ ਦੋਸ਼ੀ ਅਧਿਕਾਰੀਆਂ ਖਿਲਾਫ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਮਾਡਲ ਟਾਊਨ ਦੇ ਵਸਨੀਕਾਂ ਨੇ ਦੱਸਿਆ ਕਿ ਇੱਥੇ ਸਰਕਾਰੀ ਕਮਿਊਨਿਟੀ ਸਿਹਤ ਕੇਂਦਰ ਦੇ ਬਿਲਕੁਲ ਸਾਹਮਣੇ ਪੈਂਦੇ ਜਨਤਕ ਪਾਰਕ ਉੱਤੇ 'ਸਨੈਪ ਬੈਕ ਟੈਨਿਸ ਅਕੈਡਮੀ' ਦਾ ਹੋਰਡਿੰਗ ਲਗਭਗ 16 ਦਿਨ ਪਹਿਲਾਂ ਟੰਗ ਦਿੱਤਾ ਗਿਆ ਸੀ। ਅਕੈਡਮੀ ਵਾਲਿਆਂ ਨੇ ਇਲਾਕਾ ਵਾਸੀਆਂ ਨੂੰ ਟੈਨਿਸ ਅਕੈਡਮੀ ਦੇ ਇਲਾਕੇ ਵਿੱਚ ਆਉਣ ਤੋਂ ਮਨ੍ਹਾ ਕਰਦਿਆਂ ਕਿਸੇ ਦੂਜੇ ਬਲਾਕ ਦੇ ਪਾਰਕ ਦੀ ਵਰਤੋਂ ਕਰਨ ਲਈ ਆਖ ਦਿੱਤਾ ਹੈ।ਫਲੱਡ ਲਾਈਟਾਂ ਵਾਲੀ ਅਕੈਡਮੀ ਸਰਕਾਰੀ ਬਿਜਲੀ ਤੇ ਜ਼ਮੀਨ ਵਰਤ ਰਹੀ ਹੈ। ਹੈਡ ਕੋਚ ਸੋਨੂੰ ਸੁਨਿਆਰਾ ਨੇ ਕਿਹਾ ਕਿ ਅਕੈਡਮੀ ਇੱਕ ਸਥਾਨਕ ਵਸਨੀਕ ਦੀ ਹੈ ਅਤੇ ਉਸ ਨੂੰ ਬੱਚਿਆਂ ਦੀ ਸਿਖਲਾਈ ਲਈ ਕੋਚ ਲਾਇਆ ਗਿਆ ਹੈ। ਫੀਸ ਬਾਰੇ ਪੁੱਛੇ ਜਾਣ ਉੱਤੇ ਉਸ ਨੇ ਕਿਹਾ ਕਿ 15 ਹਜ਼ਾਰ ਤੋਂ ਚਾਰ ਹਜ਼ਾਰ ਤਕ ਲਏ ਜਾਂਦੇ ਹਨ। ਅਕੈਡਮੀ ਵਿੱਚ ਕੰਮ ਕਦੇ ਵਿਅਕਤੀਆਂ ਨੇ ਮਾਲਕ ਬਾਰੇ ਕੁਝ ਦੱਸਣ ਤੋਂ ਇਨਕਾਰ ਕਰ ਦਿੱਤਾ।ਮੇਅਰ ਸੰਜੀਵ ਸ਼ਰਮਾ ਬਿੱਟੂ ਨੇ ਕਿਹਾ ਕਿ ਸਰਕਾਰੀ ਪਾਰਕ ਵਿੱਚ ਕੋਈ ਪ੍ਰਾਈਵੇਟ ਖੇਡ ਅਕੈਡਮੀ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ ਜਿਨ੍ਹਾਂ ਦੀ ਡਿਊਟੀ ਸਰਕਾਰੀ ਪਾਰਕਾਂ ਉਤੇ ਨਾਜਾਇਜ਼ ਕਬਜ਼ਿਆਂ ਦੀ ਨਿਗਰਾਨੀ ਰੱਖਣ ਦੀ ਹੈ।



## ਸੋਸ਼ਲ ਮੀਡੀਆ ਯੂਜ਼ਰਜ਼ ਦੀ ਤਸਦੀਕ ਕਰਨੀ ਜ਼ਰੂਰੀ ਨਹੀਂ: ਭਾਰਤ ਸਰਕਾਰ



ਨਵੀਂ ਦਿੱਲੀ, 31 ਮਾਰਚ (ਪੋਸਟ ਬਿਊਰੋ)- ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨੀਕ (ਆਈ ਟੀ) ਬਾਰੇ ਭਾਰਤਸਰਕਾਰ ਦੇ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਕੱਲ੍ਹ ਲੋਕ ਸਭਾ ਵਿੱਚ ਦੱਸਿਆ ਕਿ ਪ੍ਰਾਈਵੇਸੀ ਵਾਲੇ ਮੁੱਦੇ ਕਾਰਨ ਸੋਸ਼ਲ ਮੀਡੀਆ ਯੂਜ਼ਰਜ਼ ਦੀ ਤਸਦੀਕ ਜ਼ਰੂਰੀ ਬਣਾਉਣ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ।

ਕੇਂਦਰੀ ਮੰਤਰੀ ਨੇ ਕਿਹਾ ਕਿ ਇੰਟਰਨੈਟ ਸਾਰਿਆਂ ਲਈ ਖੁੱਲ੍ਹਾ, ਸੁਰੱਖਿਅਤ, ਭਰੋਸੇਯੋਗ ਤੇ ਜ਼ਿੰਮੇਵਾਰ ਬਣਾਉਣ ਲਈ ਸਰਕਾਰ ਨੇ ਪਿਛਲੇ ਸਾਲ ਆਈ ਟੀ ਨਿਯਮ ਲਾਗੂ ਕੀਤੇ ਹਨਅਤੇ ਸਰਕਾਰ ਇਨ੍ਹਾਂ ਨਿਯਮਾਂ ਦਾ ਘੇਰਾ ਸਮੇਂ-ਸਮੇਂ ਵਧਾਉਂਦੀ ਰਹੇਗੀ। ਉਹ ਲੋਕ ਸਭਾ ਵਿੱਚ ਜ਼ੀਰੋ ਆਵਰ ਵਿਚ ਕਾਂਗਰਸ ਅਤੇ ਡੀ ਐਮ ਕੇ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਕਾਂਗਰਸ ਪਾਰਲੀਮੈਂਟ ਮੈਂਬਰ ਅਬਦੁਲ ਖ਼ਲੀਕ ਦੇ ਸਵਾਲ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ ਕਿ ਇੰਟਰਨੈਟ ਅਤੇ ਤਕਨੀਕ ਨੇ ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਸੁਧਾਰ ਲਿਆਂਦਾ ਤੇ ਪ੍ਰਸ਼ਾਸਕੀ ਢਾਂਚਾ ਮਜ਼ਬੂਤ ਹੋਇਆ ਹੈ, ਪਰ ਨਾਲ ਇੰਟਰਨੈਟ ਨਾਲ ਸਬੰਧਤ ਅਪਰਾਧ, ਫਰਜ਼ੀ ਖਬਰਾਂ ਦਾ ਘੇਰਾ ਵਧਿਆ ਹੈ। ਉਨ੍ਹਾ ਕਿਹਾ ਕਿ ਨਵੇਂ ਨਿਯਮਾਂ ਵਿੱਚ ਕਈ ਤਜਵੀਜ਼ਾਂ ਰੱਖੀਆਂ ਹਨ ਤਾਂ ਕਿ ਸਮੱਸਿਆਵਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਸਕੇ।

ਵਰਨਣ ਯੋਗ ਹੈ ਕਿ ਇਨ੍ਹਾਂ ਨਿਯਮਾਂ ਮੁਤਾਬਕ ਜਾਂਚ ਦੇ ਮੰਤਵ ਲਈ ਸੂਚਨਾ ਪੋਸਟ ਕਰਨ ਵਾਲੇ ਪਹਿਲੇ ਯੂਜ਼ਰ ਦੀ ਜਾਣਕਾਰੀ ਲਈ ਜਾ ਸਕਦੀ ਹੈ। ਇਸ ਨਿਯਮ ਨੂੰ ਵਾਟਸਐਪ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਤੇ ਕੇਸ ਸੁਣਵਾਈ ਅਧੀਨ ਹੈ। ਕਾਂਗਰਸ ਮੈਂਬਰ ਮਨੀਸ਼ ਤਿਵਾੜੀ ਨੇ ਪੁੱਛਿਆ ਕਿ ਸੋਸ਼ਲ ਮੀਡੀਆ ਯੂਜ਼ਰਜ਼ ਦੀ ਤਸਦੀਕ ਲਾਜ਼ਮੀ ਕਰਨ ਤੋਂ ਕੌਣ ਰੋਕਦਾ ਹੈ ਤਾਂ ਮੰਤਰੀ ਨੇ ਕਿਹਾ ਕਿ ਸਰਕਾਰ ਪ੍ਰਾਈਵੇਸੀ, ਸੁਰੱਖਿਆ ਤੇ ਭਰੋਸੇ ਦਾ ਤਾਲਮੇਲ ਬਿਠਾਉਣਾ ਹੈ।

ਓਧਰ ਰਾਜ ਸਭਾ ਵਿੱਚ ਬੀਜੂ ਜਨਤਾ ਦਲ ਦੇ ਮੈਂਬਰ ਪ੍ਰਸੰਨਾ ਅਚਾਰੀਆ ਨੇ ਕੱਲ੍ਹ ਕਿਹਾ ਕਿ ਫਿਲਮਾਂ ਲਈ ਸੈਂਸਰ ਬੋਰਡ ਹੈ, ਪਰ ਵੈਬ ਚੈਨਲਾਂ ਲਈ ਨਹੀਂ। ਉਨ੍ਹਾਂ ਮੰਗ ਕੀਤੀ ਕਿ ਓ ਟੀ ਟੀ ਪਲੇਟਫਾਰਮਾਂ ਤੇ ਵੈਬ ਚੈਨਲਾਂ ਦੀ ਸੈਂਸਰਸ਼ਿਪ ਲਈ ਕਾਨੂੰਨ ਲਿਆਂਦਾ ਜਾਵੇ ਤਾਂ ਜੋ ਅਸ਼ਲੀਲ ਜਾਂ ਧਾਰਮਿਕ ਨਫਰਤ ਫੈਲਾਉਣ ਵਾਲੀ ਸਮੱਗਰੀ ਕੱਟੀ ਸਕੇ। ਉਨ੍ਹਾਂ ਕਿਹਾ ਕਿ ਵੈਬ ਚੈਨਲ ਬਹੁਤ ਇਤਰਾਜ਼ਯੋਗ ਭਾਸ਼ਾ ਵਾਲੇ ਸੀਨ ਅਤੇ ਸ਼ੋਅ ਰਿਲੀਜ਼ ਕਰ ਰਹੇ ਹਨ ਅਤੇ ਕਲਾਤਮਕ ਆਜ਼ਾਦੀ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂਅ ਉੱਤੇ ਇਸ ਸਭ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

## ਪੰਜਾਬ ਵਿੱਚ ਬੱਸ ਮਾਫ਼ੀਏ ਦਾ ਲੱਕ ਤੋੜਨ ਲਈ ਸਾਰੇ ਬੱਸ ਪਰਮਿਟ ਆਨਲਾਈਨ ਕਰਨ ਦਾ ਐਲਾਨ



ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- 'ਇੱਕ ਬੱਸ-ਇੱਕ ਪਰਮਿਟ' ਨੀਤੀ ਪੂਰੀ ਤਰ੍ਹਾਂ ਲਾਗੂ ਕਰਨ ਦਾ ਐਲਾਨ ਕਰ ਕੇ ਕੱਲ੍ਹ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਬੱਸ ਮਾਫ਼ੀਆ ਦਾ ਲੱਕ ਤੋੜਨ ਲਈ ਸਾਰੇ ਬੱਸ ਪਰਮਿਟ ਛੇਤੀ ਆਨਲਾਈਨ ਕਰ ਦਿੱਤੇ ਜਾਣਗੇ।

ਏਥੇ ਪੰਜਾਬ ਭਵਨ ਵਿਖੇ ਸੂਬੇ ਦੇ ਪੰਜਾਬ ਦੀ ਸਰਕਾਰੀ ਟਰਾਂਸਪੋਰਟ ਦੇ ਸਾਰੇ ਡਿਪੂਆਂ ਦੇ ਜਨਰਲ ਮੈਨੇਜਰਾਂ ਨਾਲ ਮੀਟਿੰਗ ਦੌਰਾਨ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਦੇ ਕੰਮ ਵਿੱਚ ਹੋਰ ਪਾਰਦਰਸ਼ਿਤਾ ਦੀ ਲੋੜ ਕਾਰਨ ਇਹ ਫ਼ੈਸਲਾ ਲਿਆ ਜਾ ਰਿਹਾ ਹੈ। ਮੰਤਰੀ ਨੇ ਪ੍ਰਿੰਸੀਪਲ ਸੈਕਟਰੀ ਟਰਾਂਸਪੋਸਟ ਕੇ ਸਿਵਾ ਪ੍ਰਸਾਦ ਨੂੰ ਹੁਕਮ ਦਿੱਤੇ ਕਿ ਉਹ ਛੇਤੀ ਤੋਂ ਛੇਤੀ ਪਰਮਿਟ ਆਨਲਾਈਨ ਕਰਨ ਦੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ।

ਪੰਜਾਬ ਦੇ ਬੱਸ ਅੱਡਿਆਂ ਦੇ ਬਾਹਰੋਂ ਚੱਲਦੀਆਂ ਨਾਜਾਇਜ਼ ਪ੍ਰਾਈਵੇਟ ਬੱਸਾਂ ਉੱਤੇ ਸ਼ਿਕਜਾ ਕੱਸਣ ਦੀ ਹਦਾਇਤ ਦੇਂਦਿਆਂ ਟਰਾਂਸਪੋਸਟ ਮੰਤਰੀ ਨੇ ਸਾਰੇ ਡਿਪੂ ਜਨਰਲ ਮੈਨੇਜਰ ਨੂੰ ਕਿਹਾ ਕਿ ਵਿਭਾਗ ਨੇ ਉਨ੍ਹਾਂ ਨੂੰ ਬੱਸ ਸਟੈਂਡਾਂ ਦੇ 500 ਮੀਟਰ ਖੇਤਰ ਵਿੱਚ ਨਾਜਾਇਜ਼ ਬੱਸਾਂ ਰੋਕਣ ਦੇ ਅਧਿਕਾਰ ਦੇ ਦਿੱਤੇ ਹਨ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਨਰਲ ਮੈਨੇਜਰਾਂ ਨੂੰ ਸੈਕਟਰੀ ਆਰ ਟੀ ਏ ਦਾ ਸਹਿਯੋਗ ਲੈਣ ਦੀ ਹਿਦਾਇਤ ਕੀਤੀ ਗਈ।ਭੁੱਲਰ ਨੇ ਕਿਹਾ ਕਿ ਉਨ੍ਹਾਂ ਨੂੰ ਬੱਸਾਂ ਵਿੱਚੋਂ ਤੇਲ ਚੋਰੀ ਹੋਣ ਦੀਆਂ ਖ਼ਬਰਾਂ ਵੀ ਮਿਲੀਆਂ ਹਨ। ਇਸ ਲਈ ਜਨਰਲ ਮੈਨੇਜਰ ਯਕੀਨੀ ਬਣਾਉਣ ਕਿ ਹਰ ਬੱਸ ਤੋਂ ਘੱਟੋ-ਘੱਟ 4.8 ਕਿਲੋਮੀਟਰ ਪ੍ਰਤੀ ਲੀਟਰ ਦੀ ਮਾਈਲੇਜ ਮਿਲੇ। ਘੱਟ ਮਾਈਲੇਜ ਦੇਣ ਵਾਲੇ ਡਰਾਈਵਰਾਂ ਤੋਂ ਰਿਕਵਰੀ ਕਰਨ ਲਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।






### ਪੀ ਐਨ ਬੀ ਵਿੱਚੋਂ ਟੇਲਰ ਮਾਸਟਰ ਤੋਂ 4 ਬਦਮਾਸ਼ 40 ਹਜ਼ਾਰ ਠੱਗ ਕੇ ਫਰਾਰ

ਗੁਰਾਇਆ, 31 ਮਾਰਚ (ਪੋਸਟ ਬਿਊਰੋ)- ਏਥੋਂ ਦੀ ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਵਿੱਚ ਠੱਗਾਂ ਵੱਲੋਂ ਟੇਲਰ ਮਾਸਟਰ ਨਾਲ ਹਜ਼ਾਰਾਂ ਰੁਪਏ ਦੀ ਬੈਂਕ ਅੰਦਰ ਹੀ ਠੱਗੀ ਮਾਰ ਕੇ ਫ਼ਰਾਰ ਹੋਣ ਦਾ ਮਾਮਲਾ ਪਤਾ ਲੱਗਾ ਹੈ।

ਪੀੜਤ ਟੇਲਰ ਮਾਸਟਰ ਸੰਜੇ ਪੰਡਿਤ ਦੱਸਿਆ ਕਿ ਉਹ 40 ਹਜ਼ਾਰ ਰੁਪਏ ਆਪਣੇ ਪਿੰਡ ਬਿਹਾਰ ਵਿੱਚ ਭੇਜਣ ਲਈ 25 ਮਾਰਚ ਨੂੰ ਪੰਜਾਬ ਨੈਸ਼ਨਲ ਬੈਂਕ ਵਿੱਚ ਆਇਆ ਤਾਂ ਇੱਕ ਵਿਅਕਤੀ ਉਸ ਨੂੰ ਲਾਈਨ ਤੋਂ ਬਾਹਰ ਲੈ ਆਇਆ ਤੇ ਕਿਹਾ ਕਿ ਮਸ਼ੀਨ ਰਾਹੀਂ ਪੈਸੇ ਬਿਹਾਰ ਭੇਜੇ ਜਾ ਸਕਦੇ ਹਨ ਤੇ ਉਸ ਕੋਲੋਂ ਅਕਾਊਂਟ ਨੰਬਰ ਲੈ ਕੇ ਪੈਸੇ ਮਸ਼ੀਨ ਵਿੱਚ ਪਾਉਣ ਲੱਗਾ। ਇਸ ਤੋਂ ਬਾਅਦ ਉਸ ਨੇ ਧੋਖੇ ਨਾਲ ਕੈਂਸਲ ਦਾ ਬਟਨ ਦੱਬ ਦਿੱਤਾ, ਜਿਸ ਦਾ ਉਸ ਨੂੰ ਪਤਾ ਨਹੀਂ ਲੱਗਾ ਤੇ ਕਿਹਾ ਕਿ ਪੈਸੇ ਬਿਹਾਰ ਪਹੁੰਚ ਗਏ ਹਨ। ਫਿਰ ਉਹ ਉਸ ਨੂੰ ਬਾਹਰ ਲੈ ਆਇਆ। ਪਿੱਛੋਂ ਇੱਕ ਵਿਅਕਤੀ ਨੇ ਮਸ਼ੀਨ ਵਿੱਚੋਂ ਪੈਸੇ ਕੱਢੇ ਅਤੇ ਚਾਰੇ ਠੱਗ ਗੱਡੀ ਵਿੱਚ ਬੈਠ ਕੇ ਚਲੇ ਗਏ। ਪੰਜ ਦਿਨ ਤਕ ਇੰਤਜ਼ਾਰ ਕਰਨ ਪਿੱਛੋਂ ਵੀ ਪੈਸੇ ਖਾਤੇ ਵਿੱਚ ਨਾ ਪਹੁੰਚੇ ਤਾਂ ਉਸ ਨੇ ਬੈਂਕ ਨਾਲ ਸੰਪਰਕ ਕੀਤਾ। ਜਦੋਂ ਸੀ ਸੀ ਟੀ ਵੀ ਫੁਟੇਜ ਦੇਖੀ ਤਾਂ ਸਾਰਾ ਸੱਚ ਸਾਹਮਣੇ ਆ ਗਿਆ।

### ਸਾਬਕਾ ਕੌਂਸਲਰ ਅਤੇ ਉਸ ਦੇ ਪਤੀ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ

ਲੁਧਿਆਣਾ, 31 ਮਾਰਚ (ਪੋਸਟ ਬਿਊਰੋ)- ਸਥਾਨਕ ਐਨ ਜੀ ਓ ਮਹਾਸਭਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਉਸ ਦੀ ਪਤਨੀ ਖਿਲਾਫ ਕੇਸ ਦਰਜ ਕਰਾਇਆ ਗਿਆ ਸੀ, ਜਿਸ ਬਾਰੇ ਅਦਾਲਤ ਨੇ ਦੋਵਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ ਅਤੇ ਇਸ ਤੋਂ ਅਗਲੀ ਕਾਰਵਾਈ ਪੁਲਸ ਵੱਲੋਂ ਕੀਤੀ ਜਾਣੀ ਹੈ। ਇਸ ਸਭਾ ਦੇ ਪ੍ਰਧਾਨ ਸਾਬਕਾ ਕਰਨਲ ਜਗਜੀਤ ਸਿੰਘ ਬਰਾੜ ਅਤੇ ਸੈਕਟਰੀ ਜਸਵੰਤ ਸਿੰਘ ਜੀਰਖ ਨੇ ਦੱਸਿਆ ਕਿ ਅਕਾਲੀ ਆਗੂ ਹਰਪ੍ਰੀਤ ਸਿੰਘ ਬੇਦੀ ਅਤੇ ਉਸ ਦੀ ਪਤਨੀ ਅਤੇ ਸਾਬਕਾ ਕੌਂਸਲਰ ਵੀਰਾ ਬੇਦੀ ਅਤੇ ਉਸ ਦੀ ਸੱਸ ਖਿਲਾਫ ਅਦਾਲਤ ਨੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਇਨ੍ਹਾਂ ਨੂੰ ਵੱਖ-ਵੱਖ ਧਾਰਾਵਾਂ ਹੇਠ ਦਰਜ ਕੀਤੇ ਕੇਸ ਤਹਿਤ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ, ਪਰ ਉਹ ਪੇਸ਼ ਨਹੀਂ ਹੋਏ। ਇਸ ਤੋਂ ਬਾਅਦ ਅਦਾਲਤ ਨੇ ਸਬੰਧਤ ਥਾਣੇ ਨੂੰ ਇਨ੍ਹਾਂ ਨੂੰ ਗ੍ਰਿਫਤਾਰ ਕਰ ਕੇ 31 ਮਾਰਚ ਤਕ ਅਦਾਲਤ ਵਿੱਚ ਪੇਸ਼ ਕਰਨ ਲਈ ਹੁਕਮ ਦਿੱਤੇ ਸਨ।ਜੀਰਖ ਨੇ ਦੱਸਿਆ ਕਿ ਸਭਾ ਨੇ ਪਿੱਛੇ ਜਿਹੇ ਸੁਨੇਤ ਪਿੰਡ ਤੇ ਹੋਰ ਥਾਵਾਂ ਉੱਤੇ ਸਰਕਾਰੀ ਜ਼ਮੀਨਾਂ ਉੱਤੇ ਕੀਤੇ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਇਸੇ ਤਹਿਤ ਇਹ ਮਾਮਲਾ ਉਠਾਇਆ ਸੀ। ਇਸ ਵਿੱਚ ਹਰਪ੍ਰੀਤ ਸਿੰਘ ਵੱਲੋਂ ਨਾਜਾਇਜ਼ ਗੋਦਾਮ ਬਣਾ ਕੇ ਉਸ ਦਾ ਕਿਰਾਇਆ ਵਸੂਲਿਆ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਇਸ ਦੇ ਬਾਵਜੂਦ ਮੁਲਜਮਾਂ ਵੱਲੋਂ ਸਰਕਾਰੀ ਵਿਭਾਗਾਂ ਅਤੇ ਅਦਾਲਤਾਂ ਨੂੰ ਝੂਠ ਬੋਲਿਆ ਜਾਂਦਾ ਰਿਹਾ ਹੈ।

### ਮਾਂ ਦੀ ਮ੍ਰਿਤਕ ਦੇਹ ਧੀਆਂ ਮੋਢਿਆਂ ਉੱਤੇ ਚੁੱਕ 5 ਕਿਲੋਮੀਟਰ ਪੈਦਲ ਘਰ ਪੁੱਜੀਆਂ

ਭੋਪਾਲ, 31 ਮਾਰਚ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਤੋਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਖਬਰ ਆਈ ਹੈ। ਸੋਸ਼ਲ ਮੀਡੀਆ ਉੱਤੇ ਵਾਇਰਲ ਇਸ ਦੀ ਵੀਡੀਓ ਦੀ ਹਰ ਕੋਈ ਚਰਚਾ ਕਰ ਰਿਹਾ ਹੈ।

ਅਸਲ ਵਿੱਚ ਇੱਕ ਪਰਵਾਰ ਨੇ 80 ਸਾਲਾ ਬਜ਼ੁਰਗਮੋਲੀਆ ਕੇਵਤ ਨੂੰ ਹਸਪਤਾਲ ਲਿਜਾਣ ਲਈ ਜਦੋਂ ਐਂਬੂਲੈਂਸ ਬੁਲਾਈ ਤਾਂ ਕਈ ਘੰਟੇ ਉਡੀਕਣਪਿੱਛੋਂ ਐਂਬੂਲੈਂਸ ਨਾ ਆਈ ਤਾਂ ਬਜ਼ੁਰਗ ਦੀਆਂ ਚਾਰੇ ਧੀਆਂ ਉਨ੍ਹਾਂ ਨੂੰ ਬਿਸਤਰੇ ਸਮੇਤ ਚੁੱਕ ਕੇ ਕਮਿਊਨਿਟੀ ਹੈਲਥ ਸੈਂਟਰ ਲੈ ਗਈਆਂ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰ ਐਲਾਨ ਦਿੱਤਾ।ਇਹ ਘਟਨਾ ਰੀਵਾ ਦੇ ਮਹਿਸੂਆ ਪਿੰਡ ਦੀ ਹੈ। ਪਰਵਾਰ ਨੇ ਕਮਿਊਨਿਟੀ ਹੈੱਲਥ ਸੈਂਟਰ ਵਿੱਚ ਡਾਕਟਰ ਤੋਂ ਪੋਸਟਮਾਰਟਮ ਦੇ ਬਾਰੇ ਪੁੱਛਿਆ ਤਾਂ ਉਨ੍ਹਾ ਨੇ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਬਜ਼ੁਰਗ ਦੀ ਲਾਸ਼ ਨੂੰ ਮੰਜੇ ਉੱਤੇ ਰੱਖ ਕੇ ਧੀਆਂ ਘਰ ਵੱਲ ਚੱਲ ਪਈਆਂ, ਕਿਉਂਕਿ ਉਨ੍ਹਾਂ ਨੂੰ ਐਂਬੂਲੈਂਸ ਨਹੀਂ ਸੀ ਮਿਲ ਸਕੀ। ਮ੍ਰਿਤਕਾ ਦੀਆਂ ਪੰਜ ਧੀਆਂ ਹਨ ਤੇ ਉਸ ਦੇ ਪਤੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਮ੍ਰਿਤਕ ਦੇਹ ਲੈ ਕੇ ਪਰਤਦੇ ਸਮੇਂ ਉਨ੍ਹਾਂ ਦੇ ਰਸਤੇ ਵਿੱਚ ਰਾਏਪੁਰ ਕਰਚੂਲੀਆਂ ਥਾਣਾ ਵੀ ਆਇਆ, ਪਰ ਕਿਸੇ ਨੇ ਮਦਦ ਨਹੀਂ ਕੀਤੀ ਅਤੇ ਸਾਰੇ ਤਮਾਸ਼ਾ ਵੇਖਦੇ ਰਹਿ ਗਏ।




# ਕੇਜਰੀਵਾਲ ਦੇ ਘਰ ਦੀ ਭਾਜਪਾ ਦੇ ਵਰਕਰਾਂ ਵੱਲੋਂ ਭੰਨ-ਤੋੜ

## * ਭਾਜਪਾ ਐੱਮ ਪੀ ਤੇਜੱਸਵੀ ਸੂਰਿਆ ਸਣੇ ਕਈ ਨੇਤਾ ਗ੍ਰਿਫਤਾਰ * ਸਿਸੋਦੀਆ ਵੱਲੋਂ ਦੋਸ਼: ਕੇਜਰੀਵਾਲ ਨੂੰ ਮਰਵਾਉਣਾ ਚਾਹੁੰਦੀ ਹੈ ਭਾਜਪਾ

ਨਵੀਂ ਦਿੱਲੀ, 31 ਮਾਰਚ,(ਪੋਸਟ ਬਿਊਰੋ)-ਭਾਰਤੀ ਜਨਤਾ ਯੁਵਾ ਮੋਰਚਾ ਦੇ ਵਰਕਰਾਂ ਨੇ ਅੱਜ ਬੁੱਧਵਾਰ ਦੁਪਹਿਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਤੇ ਦੋਸ਼ ਲਾਇਆ ਕਿ ਅਰਵਿੰਦ ਕੇਜਰੀਵਾਲ ਨੇ ਕਸ਼ਮੀਰੀ ਹਿੰਦੂਆਂ ਦਾ ਅਪਮਾਨ ਕੀਤਾ ਹੈ।

ਇਸ ਸੰਬੰਧ ਵਿੱਚ ਅੱਜਭਾਰਤੀ ਜਨਤਾ ਯੁਵਾ ਮੋਰਚਾ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਤੇਜੱਸਵੀ ਸੂਰਿਆ ਦੀ ਅਗਵਾਈ ਹੇਠ ਮੁੱਖ ਮੰਤਰੀ ਦੇ ਘਰ ਅੱਗੇਪਹੁੰਚੇ ਭਾਜਪਾ ਵਰਕਰਾਂ ਨੇ ਪੁਲਿਸਬੈਰੀਕੇਡ ਤੋੜ ਦਿੱਤੇ ਅਤੇਮੁੱਖ ਮੰਤਰੀ ਨਿਵਾਸ ਦੇ ਗੇਟ ਤਕ ਪਹੁੰਚ ਗਏ।ਫਿਰ ਉਨ੍ਹਾਂ ਨੇ ਸੀਸੀਟੀਵੀ ਕੈਮਰੇ ਦੇ ਨਾਲ-ਨਾਲ ਗੇਟ ਸਾਹਮਣੇ ਲੱਗੇ ਬੈਰੀਅਰ ਨੂੰ ਤੋੜਿਆ ਅਤੇਉੱਤੇ ਗੇਟ ਭਗਵਾਂ ਰੰਗ ਫੇਰਨ ਦੀ ਕੋਸ਼ਿਸ਼ ਕੀਤੀ ਤਾਂ ਓਥੇ ਮੌਜੂਦ ਪੁਲਿਸ ਨੇ ਤੇਜੱਸਵੀ ਸੂਰਿਆ ਸਮੇਤ ਕਈ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ।ਇਸ ਤੋਂ ਪਹਿਲਾਂ ਖਬਰ ਸੀ



ਕਿ ਅੱਜ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇਘਰ ਉੱਤੇ ਹਮਲਾ ਕੀਤਾ ਅਤੇ ਓਥੇ ਲੱਗੇ ਸੀਸੀਟੀਵੀ ਕੈਮਰੇ ਅਤੇ ਸੁਰੱਖਿਆ ਬੈਰੀਅਰ ਤੋੜ ਦਿੱਤੇ ਅਤੇਮੁੱਖ ਮੰਤਰੀ ਰਿਹਾਇਸ਼ ਮੂਹਰੇ ਬੂਮ ਬੈਰੀਅਰ ਤੋੜ ਦਿੱਤੇ ਹਨ।

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਆਪਣੇ ਟਵਿੱਟਰਅਕਾਊਂਟ ਉੱਤੇ ਇਹ ਜਾਣਕਾਰੀ ਦਿੱਤੀ ਤਾਂ ਪਾਰਟੀ ਦੇ ਹੋਰ ਨੇਤਾਵਾਂ ਨੇ ਵੀ ਉਹੀ ਟਵੀਟ ਅੱਗੇ ਰੀਟਵੀਟ ਕੀਤਾ।ਸਿਸੋਦੀਆ ਨੇ ਦਿੱਲੀ ਦੇ ਮੁੱਖ ਮੰਤਰੀ ਨਿਵਾਸ ਅੱਗੇਭਾਜਪਾ ਯੁਵਾ ਜਨਤਾ ਮੋਰਚਾ ਦੇ ਪ੍ਰਦਰਸ਼ਨ ਨੂੰ ਕੇਜਰੀਵਾਲ ਦੀ ਹੱਤਿਆ ਦੀ ਕੋਸ਼ਿਸ਼ ਦੱਸ ਕੇ ਕਿਹਾ ਕਿ ਇਹ ਸਭ ਕੁਝ ਪਹਿਲਾਂ ਤੋਂ ਤੈਅ ਸੀ।ਸਿਸੋਦੀਆ ਨੇ ਇਸ ਨੂੰ ਸਿੱਧਾ ਹਮਲਾ ਦੱਸ ਕੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਅਤੇ ਭਾਜਪਾ ਦੀ ਹਾਰ ਕਾਰਨ ਭਾਜਪਾ ਕੇਜਰੀਵਾਲ ਨੂੰ ਮਾਰਨਾ ਚਾਹੁੰਦੀ ਹੈ ਅਤੇ ਪੁਲਿਸ ਜਾਣਬੁੱਝ ਕੇ ਭਾਜਪਾ ਦੇ ਗੁੰਡਿਆਂ ਨੂੰ ਮੁੱਖ ਮੰਤਰੀ ਕੇਜਰੀਵਾਲ ਦੇ ਘਰ ਤੱਕ ਲੈ ਕੇ ਗਈ, ਜਿਨ੍ਹਾਂ ਨੇਮੁੱਖ ਮੰਤਰੀ ਨਿਵਾਸ ਮੂਹਰੇ ਲੱਗੇ ਸੀਸੀਟੀਵੀ ਕੈਮਰੇ ਅਤੇ ਬੈਰੀਅਰ ਤੋੜ ਦਿੱਤੇ।

ਦੂਸਰੇ ਪਾਸੇ ਦਿੱਲੀ ਦੇ ਉੱਤਰੀ ਜ਼ਿਲੇ ਦੀ ਪੁਲਸ ਦੇ ਡਿਪਟੀ ਕਮਿਸ਼ਨਰ ਸਾਗਰ ਸਿੰਘ ਕਲਸੀ ਨੇ ਦੱਸਿਆ ਹੈ ਕਿ ਭਾਜਪਾ ਯੁਵਾ ਮੋਰਚਾ ਦੇ ਧਰਨੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹੰਗਾਮੇ ਦੌਰਾਨ ਸੀਸੀਟੀਵੀ ਉੱਤੇ ਵੀ ਹਮਲਾ ਕੀਤਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਮੁੱਖ ਮੰਤਰੀ ਨਿਵਾਸ ਉੱਤੇ ਪੇਂਟ (ਰੰਗ) ਵੀ ਸੁੱਟਿਆ ਤੇ ਅਸੀਂ ਇਸ ਕੇਸ ਵਿੱਚ 50 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਸ ਦੇ ਬਾਅਦ ਫਿਲਹਾਲ ਸ਼ਾਂਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## Change of Name

- **I, Paramjeet Kaur Verma D/O Jagraj Singh,** R/O Village Pipalsana Teh. Vilaspur, Distt. Rampur.
I have changed my name in the future and I will be known & identified as **Paramjeet Kaur.**
- **I Soumya D/o Balkishan Chauhan** holder of Indian Passport No. - K 1102233, issued at Delhi, India on 9 Nov 2011, permanent resident of B-3A/75A Janakpuri, New Delhi-110058, India and presently residing at 74 Washburn Rd, Brampton, L6P3W5,Ontario, Canada do hereby change my name from **Soumya to Soumya Chauhan,** with immediate effect.
- **I Kartik s/o Bal Kishan Chauhan,** holder of Indian Passport No.K0131485 , issued at Delhi , India on 05-oct-2011 , Permanent resident of B-3A/75A Janakpuri new Delhi -110058, India, and presently residing at 90 Sleightholme Cres , Brampton,L6P 3E7, Canada do hereby change my name from **Kartik to Kartik Chauhan,** with immediate effect.

## ਲੜਕੀ ਦੀ ਲੋੜ

Looking for a Suitable match for Khatri Pu[illegible] 36 yrs old 5,6.Boy have multiple Visitor V[illegible] Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :> komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ [illegible] ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। [illegible] ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






# ਪੰਜਾਬੀ ਲੋਕ ਗਾਇਕੀ ਦਾ ਬਾਬਾ ਬੋਹੜ ਉਸਤਾਦ ਲਾਲ ਚੰਦ ਯਮਲਾ ਜੱਟ

ਲਾਲ ਚੰਦ ਯਮਲਾ ਜੱਟ ਦੇ ਜਨਮ ਦਿਨ ਮੌਕੇ ਵਿਸ਼ੇਸ਼

ਦੁੱਧ ਚਿੱਟੇ ਰੰਗ ਦਾ ਕੁੜਤਾ ਚਾਦਰ ਪਾਈ, ਸਿਰ 'ਤੇ ਸ਼ਮਲੇ ਵਾਲੀ ਪੱਗ ਬੰਨ੍ਹੀ, ਤੂੰਬੀ ਦਾ ਇੱਕ ਸਿਰਾ ਖੱਬੇ ਮੋਢੇ ਉੱਤੇ ਰੱਖ ਜਦੋਂ ਸੱਜੇ ਹੱਥ ਦੀਆਂ ਉਂਗਲਾ ਨਾਲ ਯਮਲਾ ਜੱਟ ਤੂੰਬੀ ਖੜਕਾਉਂਦਾ ਹੋਇਆ ਸਟੇਜ ਤੋਂ ਗਾਉਣਾ ਸ਼ੁਰੂ ਕਰਦਾ ਤਾਂ ਦਰਸ਼ਕਾਂ ਦੀ ਭੀੜ ਨੂੰ ਇੰਝ ਕੀਲ ਲੈਂਦਾ ਜਿਵੇਂ ਸਪੇਰਾ ਫ਼ਨੀਅਰ ਨਾਗਾਂ ਨੂੰ ਕੀਲ ਲੈਂਦਾ ਹੈ। ਪੰਜਾਬੀ ਦੇ ਇਸ ਮਹਾਨ ਫ਼ਨਕਾਰ ਦਾ ਜਨਮ 28 ਮਾਰਚ 1910 ਈ. ਨੂੰ ਚੱਕ ਨੰਬਰ 384, ਤਹਿਸੀਲ ਟੋਬਾ ਟੇਕ ਸਿੰਘ, ਜਿਲ੍ਹਾ ਲਾਇਲਪੁਰ ਦੇ ਪਿੰਡ ਈਸਾਪੁਰ ਵਿੱਚ ਸ਼੍ਰੀ ਖੇੜਾ ਰਾਮ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖ ਵਿੱਚੋਂ ਹੋਇਆ। ਮਾਤਾ-ਪਿਤਾ ਨੇ ਇਸ ਨਵਜੰਮੇ ਬੱਚੇ ਦਾ ਨਾਮ ਲਾਲ ਚੰਦ ਰੱਖਿਆ। ਕਿਹਾ ਜਾਂਦਾ ਹੈ ਕਿ ਲਾਲ ਚੰਦ ਦਾ ਜਨਮ ਪੀਰ ਕਟੋਰੇ ਸ਼ਾਹ ਦੀ ਦਰਗਾਹ ਉੱਪਰ ਮਾਤਾ ਹਰਨਾਮ ਕੌਰ ਵੱਲੋਂ ਸਵਾ ਮਣ ਅੰਨ ਅਤੇ ਇੱਕ ਹਰੇ ਰੰਗ ਦੀ ਚਾਦਰ ਸੁੱਖਣ ਤੋਂ ਬਾਅਦ ਪੀਰ ਕਟੋਰੇ ਸ਼ਾਹ ਦੀ ਬਖਸ਼ਿਸ਼ ਨਾਲ ਹੋਇਆ ਸੀ।

1921 ਈ. ਵਿੱਚ ਪਿਤਾ ਖੇੜਾ ਰਾਮ ਦੀ ਮੌਤ ਹੋ ਜਾਣ ਨਾਲ ਬਚਪਨ ਵਿੱਚ ਹੀ ਲਾਲ ਚੰਦ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਲਾਲ ਚੰਦ ਦੇ ਤਿੰਨ ਹੋਰ ਭਰਾ ਕ੍ਰਮਵਾਰ ਚੂੰਨੀ ਲਾਲ, ਉਜਾਗਰ ਚੰਦ ਅਤੇ ਬਿਹਾਰੀ ਲਾਲ ਸਨ। ਪਿਤਾ ਦੀ ਮੌਤ ਤੋਂ ਬਾਅਦ ਲਾਲ ਚੰਦ ਆਪਣੀ ਮਾਂ ਅਤੇ ਭਰਾਵਾਂ ਨਾਲ ਆਪਣੇ ਨਾਨਕੇ ਪਿੰਡ 224-ਚੱਕ ਚੂਹੜ ਸਿੰਘ ਵਿਖੇ ਆਪਣੇ ਨਾਨਾ ਸ਼੍ਰੀ ਗੂੜਾ ਰਾਮ ਕੋਲ ਆ ਗਿਆ। ਲਾਲ ਚੰਦ ਨੇ ਸੁਰੰਗਾ ਵਜਾਉਣਾ ਆਪਣੇ ਨਾਨਾ ਗੂੜਾ ਰਾਮ ਕੋਲੋਂ ਹੀ ਸਿੱਖਿਆ ਸੀ। ਸੰਗੀਤ ਲਾਲ ਚੰਦ ਦੇ ਖ਼ੂਨ ਵਿੱਚ ਹੀ ਸੀ, ਪਰੰਤੂ ਫਿਰ ਵੀ ਲਾਲ ਚੰਦ ਨੇ ਲੋਕ ਸੰਗੀਤ ਦੀ ਰਸਮੀ ਸਿੱਖਿਆ ਪੰਡਿਤ ਸਾਹਿਬ ਦਿਆਲ ਅਤੇ ਸ਼ਾਸ਼ਤਰੀ ਸੰਗੀਤ ਦੀ ਰਸਮੀ ਸਿੱਖਿਆ ਉਸਤਾਦ ਚੌਧਰੀ ਮਜੀਦ ਕੋਲੋਂ ਗ੍ਰਹਿਣ ਕੀਤੀ।



1947 ਦੀ ਦੇਸ਼ ਵੰਡ ਤੋਂ ਬਾਅਦ ਲਾਲ ਚੰਦ ਨੇ ਆਪਣੇ ਪਰਿਵਾਰ ਸਮੇਤ ਪਹਿਲਾਂ ਬਟਾਲੇ ਅਤੇ ਫਿਰ ਲੁਧਿਆਣੇ ਪੱਕੇ ਤੌਰ 'ਤੇ ਵਸੇਬਾ ਕਰ ਲਿਆ। ਇੱਥੇ ਆ ਕੇ ਲਾਲ ਚੰਦ ਨੇ ਰੋਜ਼ੀ ਰੋਟੀ ਲਈ ਪਾਪੜ ਵੇਲਦਿਆਂ ਪਹਿਲਾਂ ਰੇਵਲੇ ਸ਼ੈੱਡ ਵਿੱਚ ਮਜ਼ਦੂਰੀ ਕੀਤੀ ਅਤੇ ਫਿਰ ਸਟੇਜੀ ਕਵੀ ਰਾਮ ਨਰੈਣ ਸਿੰਘ ਦਰਦੀ ਦੇ ਬਾਗ ਵਿੱਚ ਮਾਲੀ ਦੀ ਨੌਕਰੀ ਕੀਤੀ। ਰਾਮ ਨਰਾਇਣ ਦਰਦੀ ਨੇ ਲਾਲ ਚੰਦ ਨੂੰ ਰਹਿਣ ਲਈ ਬਾਗ ਵਿੱਚ ਹੀ ਕੋਠਾ ਛੱਤ ਦਿੱਤਾ ਸੀ, ਜਿੱਥੇ ਲਾਲ ਚੰਦ ਆਪਣੀ ਪਤਨੀ ਰਾਮ ਰੱਖੀ ਅਤੇ ਬੱਚਿਆਂ ਸਮੇਤ ਆ ਕੇ ਰਹਿਣ ਲੱਗ ਪਿਆ। ਇੱਥੇ ਰਹਿੰਦੇ ਲਾਲ ਚੰਦ ਦੀ ਸੰਗੀਤ ਕਲਾ ਦਾ ਪਤਾ ਜਦ ਦਰਦੀ ਸਾਹਬ ਨੂੰ ਲੱਗਿਆ ਤਾਂ ਉਹ ਲਾਲ ਚੰਦ ਨੂੰ ਆਪਣੇ ਨਾਲ ਕਾਨਪੁਰ ਇੱਕ ਸਮਾਗਮ ਵਿੱਚ ਲੈ ਗਏ। ਜਿੱਥੇ ਲਾਲ ਚੰਦ ਨੇ ਪੰਜਾਬੀ ਸੂਬੇ ਬਾਰੇ ਇੱਕ ਕਵਿਤਾ ਦਾ ਅਜਿਹਾ ਗਾਨ ਕੀਤਾ ਕਿ ਉੱਥੇ ਬੈਠੇ ਵਿਦਵਾਨ ਅੱਛ! ਅੱਛ! ਕਰ ਉੱਠੇ।

ਹੌਲੀ-ਹੌਲੀ ਲਾਲ ਚੰਦ ਦੀ ਪਛਾਣ ਇੱਕ ਗੱਵੀਏ ਵਜੋਂ ਬਣਨ ਲੱਗ ਪਈ, ਇਸੇ ਦੌਰਾਨ ਉਸਦੀ ਮੁਲਾਕਾਤ ਪ੍ਰਸਿੱਧ ਕਵੀ ਸੁੰਦਰ ਦਾਸ ਆਸੀ ਨਾਲ ਹੋਈ। ਸੁੰਦਰ ਦਾਸ ਆਸੀ ਲਾਲ ਚੰਦ ਦੇ ਕਾਵਿ ਗੁਰੂ ਧਾਰਨ ਕਰ ਲਿਆ ਅਤੇ ਗੀਤ ਰਚਨ ਦੀ ਸਿੱਖਿਆ ਗ੍ਰਹਿਣ ਕਰਨ ਲੱਗੇ। ਲਾਲ ਚੰਦ ਕੋਰੇ ਅਨਪੜ੍ਹ ਸਨ, ਪਰ ਫਿਰ ਵੀ ਉਹ ਗੀਤ ਰਚ ਲੈਂਦੇ ਸਨ। ਸੁੰਦਰ ਦਾਸ ਆਸੀ ਨੇ ਹੀ ਲਾਲ ਚੰਦ ਨੂੰ 'ਯਮਲਾ ਜੱਟ' ਦਾ ਤਖ਼ੱਲਸ ਦਿੱਤਾ ਸੀ। ਅਕਾਸ਼ਵਾਣੀ ਕੇਂਦਰ ਜਲੰਧਰ ਤੋਂ ਯਮਲਾ ਜੱਟ ਨੇ ਪਹਿਲੀ ਵਾਰ 1950 ਈ. ਵਿੱਚ



ਜਸਵਿੰਦਰ ਸਿੰਘ ਬਰਾੜ
ਮੋ. 98776-61770

ਆਪਣਾ ਲਿਖਿਆ ਗੀਤ 'ਮੈਨੂੰ ਲੈ ਚੱਲ ਨਦੀਓ ਪਾਰ, ਘੜੇ ਦੇ ਅੱਗੇ ਹੱਥ ਜੋੜਦੀ' ਗਾਇਆ। ਇਸ ਤਰ੍ਹਾਂ ਅਕਾਸ਼ਵਾਣੀ ਤੋਂ ਗਾਏ ਗੀਤ ਤੋਂ ਬਾਅਦ ਲਾਲ ਚੰਦ ਅਕਾਸ਼ ਦੇ ਨਾਲ-ਨਾਲ ਦੂਰ-ਦੂਰ ਤੱਕ ਫੈਲਦਾ ਹੋਇਆ ਪ੍ਰਸਿੱਧ ਹੋ ਗਿਆ। ਯਮਲਾ ਜੱਟ ਨੂੰ ਦੂਰੋ-ਦੂਰੋ ਪ੍ਰੋਗਰਾਮ ਕਰਨ ਲਈ ਸੱਦੇ ਆਉਣ ਲੱਗੇ, ਉਸ ਵੇਲੇ ਹੁਣ ਵਾਂਗੂੰ ਆਵਜਾਈ ਦੇ ਸਾਧਨ ਵਿਕਸਤ ਨਹੀਂ ਸਨ ਹੋਏ, ਇਸ ਲਈ ਆਮ ਕਰਕੇ ਤੁਰਕੇ ਹੀ ਜਾਣਾ ਪੈਂਦਾ ਸੀ। ਹੁਣ ਯਮਲੇ ਜੱਟ ਨੇ ਲੋੜ ਮਹਿਸੂਸ ਕੀਤੀ ਕਿ ਭਾਰੇ ਸਾਜ਼ ਚੱਕਣ ਨਾਲੋਂ ਕਿਸੇ ਐਹੋ ਜਿਹੇ ਸਾਜ ਦੀ ਕਾਢ ਕੱਢੀ ਜਾਵੇ ਜੋ ਅਕਾਰ ਵਿੱਚ ਛੋਟਾ ਅਤੇ ਭਾਰ ਵਿੱਚ ਹਲਕਾ ਹੋਵੇ। ਯਮਲੇ ਜੱਟ ਦੀ ਇਸੇ ਲੋੜ ਵਿੱਚੋਂ ਤੂੰਬੀ ਦਾ ਜਨਮ ਹੋਇਆ ਇਸੇ ਕਰਕੇ ਯਮਲਾ ਜੱਟ ਨੂੰ ਤੂੰਬੀ ਦਾ ਦਾ ਖੋਜੀ, ਉਸਤਾਦ ਅਤੇ ਬਾਦਸ਼ਾਹ ਕਿਹਾ ਜਾਂਦਾ ਹੈ।

ਲਾਲ ਚੰਦ ਯਮਲਾ ਜੱਟ ਨੇ ਅਨੇਕਾਂ ਸਦਾਬਹਾਰ ਸੋਲੋ ਅਤੇ ਦੋਗਾਣੇ ਗੀਤ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਏ। ਲਾਲ ਚੰਦ ਯਮਲਾ ਜੱਟ ਦੇ ਗਾਏ ਗੀਤ ਅੱਜ ਵੀ ਓਨੇ ਹੀ ਮਕਬੂਲ ਹਨ ਜਿੰਨੇ ਕਿ ਉਹ ਉਸ ਦੌਰ ਵਿੱਚ ਸਨ, ਇਸਦਾ ਪ੍ਰਮਾਣ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਵੱਜਦੇ ਯਮਲਾ ਜੱਟ ਦੇ ਗਾਏ ਸਤਿਗੁਰੂ ਨਾਨਕ ਆਜਾ, ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ ਅਤੇ ਤੇਰੇ ਨੀ ਕਰਾਰਾ ਮੈਨੂੰ ਪੱਟਿਆ ਆਦਿ ਗੀਤ ਹਨ।

ਯਮਲਾ ਜੱਟ ਨੇ ਪੰਜਾਬੀ ਲੋਕ ਗਾਇਕੀ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ। ਪੰਜਾਬੀ ਲੋਕ ਸੰਗੀਤ ਵਿੱਚ ਓਨਾ ਦੇ ਪਾਏ ਯੋਗਦਾਨ ਬਦਲੇ ਭਾਰਤੀ ਸੰਗੀਤ ਨਾਟਕ ਅਕਾਦਮੀ ਵੱਲੋਂ ਉਨ੍ਹਾਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ 'ਸਰਵੋਤਮ ਲੋਕ ਗਾਇਕ' ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਸੋਨ ਤਗਮਾਂ ਅਤੇ ਰਾਸ਼ਟਰਪਤੀ ਰਜਿੰਦਰ ਪ੍ਰਸਾਦ ਵੱਲੋਂ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

ਬੇਸ਼ੱਕ ਪੰਜਾਬੀ ਲੋਕ ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਈ. ਨੂੰ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਲੈ ਗਏ, ਪਰ ਉਹ ਆਪਣੇ ਪੰਜਾਬੀ ਸੰਗੀਤ ਵਿੱਚ ਪਾਏ ਯੋਗਦਾਨ ਬਦਲੇ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਹਮੇਸ਼ਾ ਧ੍ਰੂ ਤਾਰਾ ਬਣਕੇ ਚਮਕਦੇ ਰਹਿਣਗੇ। ਮੈਂ ਇਸ ਮਹਾਨ ਫ਼ਨਕਾਰ ਅਤੇ ਅਦੁੱਤੀ ਸਖਸ਼ੀਅਤ ਦੇ ਜਨਮ ਦਿਹਾੜੇ 'ਤੇ ਸਮੂਹ ਪੰਜਾਬੀਆਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਯਮਲਾ ਜੱਟ ਜੀ ਨੂੰ ਸਲਾਮ ਪੇਸ਼ ਕਰਦਾ ਹਾਂ।

# ਭਾਰਤ ਦੇ ਲਾਪਤਾ ਕਰੋੜਪਤੀ

-ਟੀ ਐੱਨ ਨੈਨਾਨ-

ਅਰਬਪਤੀਆਂ ਦੀ ਦੌਲਤ ਵਿੱਚ ਵਾਧਾ ਹੁੰਦੇ ਜਾਣ ਅਤੇ ਡਾਲਰ-ਕਰੋੜਪਤੀਆਂ ਦੀ ਗਿਣਤੀ ਅੱਜ ਤੱਕ ਦੀ ਸਭ ਤੋਂ ਵੱਧ ਹੋ ਜਾਣ ਦੇ ਇਸ ਦੌਰ ਵਿੱਚ ਲਾਜ਼ਮੀ ਸਵਾਲ ਉਠਦਾ ਹੈ ਕਿ ਸਾਲਾਨਾ ਆਧਾਰ ਉੱਤੇ ਡੇਟਾ ਇਕੱਤਰ ਕਰਨ ਵਾਲੇ ਅਦਾਰਿਆਂ, ਜਿਵੇਂ ਕਰੈਡਿਟ ਸੁਇਸ, ਹੁਰੂਨ, ਰਿਚ ਲਿਸਟ ਤੇ ਫੋਰਬਜ਼ ਵੱਲੋਂ ਪੇਸ਼ ਕੀਤੇ ਜਾਂਦੇ ਅੰਕੜੇ ਦੌਲਤਮੰਦ ਲੋਕਾਂ ਦੀ ਗਿਣਤੀ ਤੇ ਉਨ੍ਹਾਂ ਦੀ ਦੌਲਤ ਦੇ ਪਸਾਰ ਦੇ ਪੱਖੋਂ ਕਿੰਨੇ ਕੁ ਭਰੋਸੇਮੰਦ ਹਨ। ਕੈਥਰੀਨ ਬੈਲਟਨ ਨੇ ਆਪਣੀ ਸ਼ਾਨਦਾਰ ਕਿਤਾਬ 'ਪੂਤਿਨਜ਼ ਪੀਪਲ' ਵਿੱਚ ਕਿਹਾ ਹੈ ਕਿ ਇੱਕ ਦੌਰ ਵਿੱਚ ਰੂਸ ਦੀ ਕੁੱਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੇ ਕਰੀਬ ਅੱਧੇ ਹਿੱਸੇ ਉੱਤੇ ਕੁਲੀਨ ਵਰਗੇ ਦੇ ਸੱਤ ਜਾਂ ਅੱਠ ਜਣਿਆਂ ਦਾ ਕਬਜ਼ਾ ਸੀ। ਦੇਸ਼ ਦੇ ਹਾਕਮ ਦੇ ਆਸੇ ਪਾਸੇ ਅਜਿਹੇ ਸੌੜੇ ਜਿਹੇ ਘੇਰੇ ਦਾ ਗਲਬਾ ਵਿਰਲਾ ਹਰ ਕਿਤੇ ਹੁੰਦਾ ਹੈ। ਭਾਰਤ ਵਿੱਚ ਵੀ ਦੋ 'ਏ' (ੳ) ਆਖੇ ਜਾਂਦੇ ਸਰਮਾਏਦਾਰਾਂ ਦੀ ਚਰਚਾ ਵਧੀ ਹੋਈ ਹੈ, ਉਨ੍ਹਾਂ ਦੀ ਦੌਲਤ ਜੋ ਇਸ ਵੇਲੇ ਦੋਵਾਂ ਕੋਲ ਅੰਦਾਜ਼ਨ ਨੱਬੇ ਅਰਬ ਡਲਰ ਹੈ, ਕਿਸੇ ਰੂਸੀ ਕੁਲੀਨ ਕੋਲ ਕਦੇ ਰਹੀ ਦੌਲਤ ਤੋਂ ਕਈ ਗੁਣਾਂ ਵੱਧ ਹੈ। ਮਿਖਾਇਲ ਕੋਦਰਕੋਵਸਕੀ ਦੀ ਜੇਲ੍ਹ ਜਾਣ ਤੋਂ ਪਹਿਲਾਂ ਦੌਲਤ ਮਹਿਜ਼ 15 ਅਰਬ ਡਾਲਰ ਸੀ, ਇਸੇ ਤਰ੍ਹਾਂ ਅਜੋਕੇ ਸਭ ਤੋਂ ਅਮੀਰ ਰੂਸੀ ਦੀ ਮੌਜੂਦ ਦੌਲਤ ਤੀਹ ਅਰਬ ਡਾਲਰ ਦੱਸੀ ਜਾਂਦੀ ਹੈ।

ਇਸ ਦੇ ਬਾਵਜੂਦ ਕੋਈ ਦੋ 'ਏ' ਕੋਲ ਉਸ ਤਰ੍ਹਾਂ ਦੇ ਕੰਟਰੋਲ ਅਤੇ ਦਬਦਬੇ ਦਾ ਦਾਅਵਾ ਨਹੀਂ ਕਰੇਗਾ, ਜਿਹੋ ਜਿਹਾ ਕਿਸੇ ਸਮੇਂ ਰੂਸੀ ਦੇ ਕੁਲੀਨਾਂ ਕੋਲ ਸੀ। ਉਹ ਇੱਕ ਤਰ੍ਹਾਂ ਇਹ ਤੈਅ ਕਰਦੇ ਸਨ ਕਿ ਉਨ੍ਹਾਂ ਦੇ ਮੁਲਕ ਦਾ ਹਾਕਮ ਕੌਣ ਹੋਵੇਗਾ। ਭਾਰਤ ਵਿੱਚ ਇਸ ਸਮੇਂ ਕੁੱਲ ਮਿਲਾ ਕੇ 140 ਡਾਲਰ-ਅਰਬਪਤੀ (ਰੂਸ ਦੀ ਅਜਿਹੀ ਗਿਣਤੀ ਤੋਂ ਮਾਮੂਲੀ ਜਿਹੇ ਵੱਧ) ਦੱਸੇ ਜਾਂਦੇ ਹਨ। ਕਰੈਡਿਟ ਸੁਇਸ ਮੁਤਾਬਕ ਭਾਰਤ ਵਿੱਚ 2019 ਵਿੱਚ 7.64 ਲੱਖ ਡਾਲਰ-ਕਰੋੜਪਤੀ ਸਨ, ਭਾਵ ਜਿਨ੍ਹਾਂ ਦੀ ਦੌਲਤ 7.50 ਕਰੋੜ ਰੁਪਏ ਜਾਂ ਇਸ ਤੋਂ ਵੱਧ ਸੀ। ਇਹ ਰੂਸ ਵਿਚਲੇ ਡਾਲਰ-ਕਰੋੜਪਤੀਆਂ ਦੀ ਗਿਣਤੀ ਤੋਂ ਕਰੀਬ ਢਾਈ ਗੁਣਾਂ ਵੱਧ ਸੀ, ਪਰ ਭਾਰਤ ਆਪਣੀ ਲੰਮੇ ਸਮੇਂ ਤੋਂ ਜਾਰੀ ਨਿੱਜੀਕਰਨ ਦੀ ਨੀਤੀ ਕਾਰਨ ਅੱਜ ਕਿਤੇ ਵੱਡਾ ਅਰਥਚਾਰਾ ਹੈ। ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਭਾਰਤ 14ਵੇਂ ਸਥਾਨ ਉੱਤੇ ਹੈ, ਜਿਹੜਾ ਦੁਨੀਆ ਦੇ ਛੇਵੇਂ ਸਭ ਤੋਂ ਵੱਡੇ ਅਰਥਚਾਰੇ ਲਈ ਨਾਵਾਜਬ ਨਹੀਂ। ਇਸ ਦੇ ਬਾਵਜੂਦ ਭਾਰਤ ਵਿੱਚ ਦੌਲਤ ਜਾਂ ਵਿਰਾਸਤ ਉੱਤੇ ਕੋਈ ਟੈਕਸ ਨਹੀਂ ਲਗਦਾ, ਇਸ ਦੌਲਤ ਦੀ ਤਸਦੀਕ ਕਰਨ ਲਈ ਕੋਈ ਅਧਿਕਾਰਤ ਅੰਕੜੇ, ਡਾਟਾ ਵੀ ਉਪਲਬਧ ਨਹੀਂ।

ਭਾਰਤ ਕੋਲ ਜੋ ਡਾਟਾ ਉਪਲਬਧ ਹੈ, ਉਹ ਆਮਦਨ ਬਾਰੇ ਹੈ। ਫਿਰ ਉਸੇ ਸਾਲ 2019 ਵਿੱਚ ਸਾਰੇ 3,16,000 ਨੇ 75 ਹਜ਼ਾਰ ਡਾਲਰ (ਜਾਂ ਪੰਜਾਹ ਲੱਖ ਰੁਪਏ) ਤੋਂ ਵੱਧ ਦੀ ਆਮਦਨ ਦਾ ਖੁਲਾਸਾ ਕਰਦਿਆਂ ਟੈਕਸ ਰਿਟਰਨਾਂ ਭਰੀਆਂ। ਇੱਥੋਂ ਦੌਲਤ ਤੇ ਆਮਦਨ ਦੇ ਅੰਕੜਿਆਂ ਦਾ ਆਪਸ ਵਿੱਚ ਮੇਲ ਨਾ ਹੋਣ ਦੀ ਗੱਲ ਜ਼ਾਹਰ ਹੈ। ਸੰਭਵ ਹੈ ਕਿ ਹਾਲੇ ਵੱਡੇ ਪੱਧਰ ਉੱਤੇ ਆਮਦਨ ਕਰ ਦੀ ਚੋਰੀ ਚੱਲਦੀ ਹੈ ਜਾਂ ਵਿਆਪਕ ਪੱਧਰ ਉੱਤੇ ਆਮਦਨ ਘੱਟ ਦਿਖਾਈ ਜਾਂਦੀ ਹੈ। ਇਸ ਤੋਂ ਇਲਾਵਾ ਪੂੰਜੀ ਲਾਭ ਸੰਬੰਧੀ ਟੈਕਸ ਨਿਯਮ ਮਹਿੰਗਾਈ ਦਰ ਮੁਤਾਬਕ ਨਿਬੇੜੇ ਦੀ ਇਜਾਜ਼ਤ ਦਿੰਦੇ ਹਨ ਜਿਸ ਤੋਂ ਸਾਫ ਹੈ ਕਿ ਟੈਕਸ ਦੇ ਮਕਸਦ ਨਾਲ ਜ਼ਾਹਰ ਕੀਤੀ ਜਾਂਦੀ ਆਮਦਨ ਅਸਲ ਕਮਾਈ ਆਮਦਨ ਦਾ ਇੱਕ ਹਿੱਸਾ ਹੀ ਹੋ ਸਕਦੀ ਹੈ।

ਭੌਤਿਕ ਤੇ ਵਿੱਤੀ ਦੌਲਤ ਨੂੰ ਕਰੈਡਿਟ ਸੁਇਸ ਅਤੇ ਹੁਰੂਨ ਵੱਲੋਂ ਆਪਸ ਵਿੱਚ ਜੋੜ ਦਿੱਤੇ ਜਾਣ ਦੀ ਥਾਂ ਜੇ ਇਨ੍ਹਾਂ ਨੂੰ ਵੱਖੋ-ਵੱਖਰੇ ਤੌਰ ਉੱਤੇ ਲਿਆ ਜਾਵੇ ਤਾਂ ਅੰਕੜੇ ਹੋਰ ਠੀਕ ਹੋ ਸਕਦੇ ਹਨ। ਆਮ ਕਰ ਕੇ ਦੌਲਤ ਵਿੱਚ ਅੱਧਾ ਹਿੱਸਾ ਅਚੱਲ ਜਾਇਦਾਦ ਦਾ ਹੁੰਦਾ ਹੈ, ਜਦੋਂ ਕਿ ਦੌਲਤਮੰਦਾਂ ਦੇ ਹੇਠਲੇ ਦਰਜਿਆਂ ਵਿੱਚ ਤਾਂ ਇਹ 75 ਫੀਸਦੀ ਤੱਕ ਹੋ ਸਕਦਾ ਹੈ। ਲਾਉਣਯੋਗ ਦੌਲਤ ਦੇ ਸਹੀ ਨਿਰਧਾਰਨ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਮੁੱਢਲੀ ਰਿਹਾਇਸ਼ ਲਾਂਭੇ ਕਰ ਦਿੱਤੀ ਜਾਵੇ। (ਕਿਉਂਕਿ ਇਹ ਕੋਈ ਆਮਦਨ ਨਹੀਂ ਦਿੰਦੀ ਤੇ ਤੁਰੰਤ ਇੱਕ ਦਾ ਕੋਈ ਕਾਰੋਬਰੀ ਮੁੱਲ ਨਹੀਂ ਹੁੰਦਾ)। ਕੁੱਲ ਦੌਲਤ ਵਿੱਚ ਰੀਅਲ ਅਸਟੇਟ ਦੇ ਵੱਡੇ ਹਿੱਸੇ ਨੂੰ ਦੇਖਦਿਆਂ ਮੁੱਢਲੀਆਂ ਰਿਹਾਇਸ਼ਾਂ ਨੂੰ ਛੱਡ ਦਿੱਤੇ ਜਾਣ ਨਾਲ ਕਰੋੜਪਤੀਆਂ ਦੀ ਗਿਣਤੀ ਵਿੱਚ ਭਾਰੀ ਕਮੀ ਜਾਵੇਗੀ ਅਤੇ ਇਸ ਨਾਲ ਇਹੀ ਗਿਣਤੀ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਰਹੇਗੀ।

ਰੀਅਲ ਅਸਟੇਟ ਦਾ ਪਸਾਰਾ ਕਿੰਨਾ ਵੱਡਵ ਹੈ। ਮੁੜ ਆਖਣਾ ਪੈਂਦਾ ਹੈ ਕਿ ਇਸ ਦਾ ਕੋਈ ਕੇਂਦਰੀ ਡਾਟਾ ਨਹੀਂ, ਪਰ ਜੇ ਇਸ ਕਾਰੋਬਾਰ ਵਿਚਲੀਆਂ ਕੰਪਨੀਆਂ ਦੇ ਕਾਰੋਬਰ ਨੂੰ ਘੋਖਿਆ ਜਾਵੇ ਤਾਂ ਇਸ ਤੋਂ 3000 ਤੋਂ ਘੱਟ ਅਜਿਹੀਆਂ ਰਿਹਾਇਸ਼ੀ ਜਾਇਦਾਦਾਂ ਦੀ ਖਰੀਦ ਜਾਂ ਬੁਕਿੰਗ ਕਾਨ ਦੀ ਵੱਖੋ-ਵੱਖਰੇ ਤੌਰ ਉੱਤੇ ਕੀਮਤ ਪੰਜ ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ। ਇੱਥੋਂ ਤੱਕ ਕਿ ਜੇ ਇਸ ਵੱਖੋ-ਵੱਖਰੀ ਕੀਮਤ ਦਾ ਪੱਧਰ ਰਤਾ ਘਸਟ ਵੀ ਲਿਆ ਜਾਵੇ ਤਾਂ ਵੀ ਕਰੋੜਪਤੀਆਂ ਦੀ ਦੱਸੀ ਗਈ ਗਿਣਤੀ ਦੇ ਲਿਹਾਜ਼ ਨਾਲ ਲੈਣ-ਦੇਣ ਦੀ ਗਿਣਤੀ ਯਕੀਨਨ ਸਾਧਾਰਨ ਜਿਹੀ ਰਹੇਗੀ। ਇਸ ਤੋਂ ਵੀ ਇਹੋ ਪਤਾ ਲੱਗਦਾ ਹੈ ਕਿ ਡਾਲਰ-ਕਰੋੜਪਤੀਆਂ ਦੀਆਂ ਸੂਚੀਆਂ ਨਾਲ ਬੜੀ ਚੌਕਸੀ ਨਾਲ ਸਿੱਝਿਆ ਜਾਣਾ ਚਾਹੀਦਾ ਹੈ।

ਇੱਕ ਹੋਰ ਘੋਖ ਚਰਚੇ ਵਾਲੇ ਪੱਖ ਤੋਂ ਹੈ ਜਿਹੜੀ ਉੱਚ ਕੀਮਤੀ ਆਟੋਮੋਬਾਈਲਜ਼ ਦੇ ਹਿਸਾਬ ਨਾਲ ਹੈ। ਜਰਮਨੀ ਦੀਆਂ ਤਿੰਨ ਸਿਖਰਲੀਆਂ ਕਾਰ ਨਿਰਮਾਤਾ ਕੰਪਨੀਆਂ ਦੀ ਵਿਕਰੀ ਦਾ 2017 ਵਿੱਚ ਚੋਟੀ ਦਾ ਅੰਕੜਾ 32500 ਰਿਹਾ ਤੇ ਉਸ ਤੋਂ ਬਾਅਦ ਘਟਦਾ ਗਿਆ। ਇਹ ਗਿਣਤੀ 2021 ਵਿੱਚ ਮਸਾਂ 22500 ਰਹੀ ਸੀ। ਜਿਹੜੀ ਅੰਸ਼ਕ ਤੌਰ ਉੱਤੇ ਕੋਵਿਡ ਤੇ ਫਿਰ ਚਿਪਾਂ ਦੀ ਕਮੀ ਤੋਂ ਪ੍ਰਭਾਵਤ ਸੀ। ਇਸ ਵਿੱਚ ਜੇ ਜੈਗੂਆਰ ਲੈਂਡ ਰੋਵਰ ਅਤੇ ਸਿਖਰਲੇ ਜਾਪਾਨੀ ਮਾਡਲਾਂ ਵਜੋਂ ਲੈਕਸਸ ਨੂੰ ਜੋੜ ਦਿੱਤਾ ਜਾਵੇ ਤਾਂ ਵੀ ਇਹ ਅੰਕੜਾ ਚਾਲੀ ਹਜ਼ਾਰ ਤੋਂ ਟੱਪਣ ਦੀ ਸੰਭਾਵਨਾ ਨਹੀਂ ਹੈ। ਇੱਥੇ ਹੀ ਵੀ ਡਾਲਰ ਕਰੋੜਪਤੀ ਦੀ ਦੱਸੀ ਗਈ ਗਿਣਤੀ ਨਾਲ ਕੋਈ ਮੇਲ ਨਾ ਹੋਣ ਦੀ ਗੱਲ ਜ਼ਾਹਰ ਹੈ।

ਯਕੀਨਨ ਇਸ ਘੇਰੇ ਤੋਂ ਬਾਹਰ ਵੀ ਦੌਲਤਮੰਦ ਅਤੇ ਸਾਧਾਰਨ ਰਹਿਣ-ਸਹਿਣ ਵਾਲੇ ਕਰੋੜਪਤੀ ਹੋਣਗੇ। ਮਿਸਾਲ ਵਜੋਂ, ਪਾਰਲੀਮੈਂਟ ਅਤੇ ਸੂਬਾਈ ਵਿਧਾਨ ਸਭਾਵਾਂ ਲਈ ਚੁਣੇ 4800 ਨੁਮਾਇੰਦਿਆਂ ਵਿੱਚੋਂ ਵੀ ਵੱਡੀ ਗਿਣਤੀ ਉਨ੍ਹਾਂ ਦਾ ਮੌਜੂਦਾ ਜਾਇਦਾਦ ਦੀ ਕੀਮਤ ਨੂੰ ਦੇਖਦਿਆਂ ਡਾਲਰ ਕਰੋੜਪਤੀ ਜਾਪਦੇ ਹਨ, ਪਰ ਆਪਣੇ ਆਪ ਸਵਾਲ ਖੜ੍ਹਾ ਹੁੰਦਾ ਹੈ, ਸਾਰੇ ਕਰੋੜਪਤੀ ਕਿੱਥੇ ਚਲੇ ਗਏ?

# ਵਿਆਹ ਸ਼ਾਦੀਆਂ ਵਿਚ ਫਜ਼ੂਲ ਦਿਖਾਵਬਾਜ਼ੀ

ਪਰ ਸਮੇਂ ਦੇ ਨਾਲ ਇਹ ਪਵਿੱਤਰ ਰਸਮ ਬਹੁਤ ਮਹਿੰਗੀ ਤੇ ਕਈ ਕੁਰੀਤੀਆਂ ਦਾ ਸ਼ਿਕਾਰ ਹੋ ਰਹੀ ਹੈ। ਫ਼ਜ਼ੂਲ-ਖ਼ਰਚੀ ਕਰਨ ਅੱਜ ਕੱਲ੍ਹ ਲੋਕਾਂ ਦਾ ਸੁਭਾਅ ਬਣਦਾ ਜਾ ਰਿਹਾ ਹੈ। ਵਿਆਹਾਂ 'ਤੇ ਹੁੰਦੇ ਖੁੱਲ੍ਹੇ ਖ਼ਰਚੇ ਸਾਧਾਰਨ ਪਰਿਵਾਰਾਂ ਲਈ ਬਹੁਤ ਵੱਡੀ ਪਰੇਸ਼ਾਨੀ ਬਣ ਗਏ ਹਨ।


ਪਿੰਡਾਂ 'ਚ ਇਕ-ਦੂਜੇ ਦੇਖ ਕੇ ਵਿਆਹ 'ਤੇ ਦੂਜੇ ਨਾਲੋਂ ਜ਼ਿਆਦਾ ਖ਼ਰਚ ਕਰਨਾ ਇਜੱਤ ਵਾਲੀ ਗੱਲ ਸਮਝੀ ਜਾਂਦੀ ਹੈ। ਕਈ ਅਮੀਰ ਪਰਿਵਾਰ ਤਾਂ ਪੈਲੇਸਾਂ ਵਿਚ ਵਿਆਹ ਕਰ ਕੇ ਪੈਸੇ ਨੂੰ ਪਾਣੀ ਵਾਂਗ ਵਹਾਉਂਦੇ ਹਨ ਪਰ ਉਨ੍ਹਾਂ ਨੂੰ ਦੇਖ ਕੇ ਕਈ ਸਾਧਾਰਨ ਪਰਿਵਾਰ ਵਿਆਹ 'ਤੇ ਬਹੁਤ ਖ਼ਰਚਾ ਕਰ ਦਿੰਦੇ ਹਨ ਜਿਨ੍ਹਾਂ ਨੂੰ ਅੰਤ ਵਿਚ ਆਪਣੀ ਜ਼ਮੀਨ ਵੇਚਣੀ ਪੈਂਦੀ ਹੈ ਕਿਉਂਕਿ ਕਰਜ਼ਾ ਲੈ ਕੇ ਵਿਆਹ ਕੀਤਾ ਹੁੰਦਾ ਹੈ।

ਅੱਜ ਸਾਡੇ ਵਿਆਹਾਂ ਵਿੱਚੋਂ ਸਾਦਗੀ ਕਿਧਰੇ ਉੱਡ ਗਈ ਹੈ। ਪਿਛਲੇ ਸਮੇਂ ਵਿਚ ਵਿਆਹ ਤੋਂ ਪਹਿਲਾਂ ਲੜਕੇ ਨੂੰ ਲੜਕੀ ਨਾਲ ਮਿਲਣ ਨਹੀਂ ਸੀ ਦਿੱਤਾ ਜਾਂਦਾ ਪਰ ਅੱਜ ਸਭ ਇਸ ਦੇ ਉਲਟ ਹੋ ਰਿਹਾ ਹੈ। ਵਿਆਹ ਤੋਂ ਪਹਿਲਾਂ ਇਕੱਠੇ ਸਾਮਾਨ ਖ਼ਰੀਦਦੇ ਅਤੇ ਪ੍ਰੀ-ਵੈਡਿੰਗ ਸ਼ੂਟ ਕਰਵਾਉਣ ਲਈ ਵੱਖ-ਵੱਖ ਖ਼ੂਬਸੂਰਤ ਸ਼ਹਿਰਾਂ ਵਿਚ ਜਾਂਦੇ ਹਨ। ਸਾਡਾ ਸੱਭਿਆਚਾਰ ਸਿਰਫ਼ ਦਿਖਾਵੇ ਵਾਲਾ ਹੀ ਰਹਿ ਗਿਆ ਹੈ। ਪਿਛਲੇ ਸਮੇਂ ਵਿਚ ਵਿਆਹ ਘਰੇ ਹੁੰਦਾ ਸੀ ਜਿਸ 'ਚ ਪੂਰਾ ਸ਼ਰੀਕਾ-ਕਬੀਲਾ ਕੰਮ ਕਰਦਾ ਸੀ। ਵਿਆਹ ਵਿਚ ਕਿਸੇ ਕੰਮ ਕਰਨ ਵਾਲੇ ਮਜ਼ਦੂਰ ਦੀ ਲੋੜ ਨਹੀਂ ਸੀ ਪੈਂਦੀ। ਸਾਰਾ ਕੰਮ ਪਿੰਡ ਦੇ ਮੁੰਡੇ ਹੀ ਕਰਦੇ ਸਨ। ਆਂਢ-ਗੁਆਂਢ ਦੀਆਂ ਔਰਤਾਂ ਵਿਆਹ ਵਾਲੇ ਘਰ ਕੰਮ ਕਰਦੀਆਂ ਹੋਈਆਂ ਵਿਆਹ ਦੇ ਗੀਤ ਗਾਉਂਦੀਆਂ। ਵਿਆਹ ਤੋਂ ਕੁਝ ਦਿਨਾਂ ਪਹਿਲਾਂ ਘਰ ਵਿਚ ਹਲਵਾਈ ਲੱਗ ਜਾਂਦੇ। ਸਾਰਾ ਸਾਮਾਨ ਘਰੇ ਹੀ ਤਿਆਰ ਕੀਤਾ ਜਾਂਦਾ ਸੀ। ਘਰ ਵਿਚ ਰੌਣਕ ਲੱਗੀ ਰਹਿੰਦੀ ਸੀ। ਪਰ ਅੱਜ ਇਹ ਸਭ ਕੁਝ ਅਲੋਪ ਹੁੰਦਾ ਜਾ ਰਿਹਾ ਹੈ।

ਹੁਣ ਪੰਜਾਬ ਦੇ ਲੋਕ ਵਿਖਾਵਾ ਕਰਨ ਅਤੇ ਵੱਧ ਖ਼ਰਚਾ ਕਰਨ ਲਈ ਜਾਣੇ ਜਾਂਦੇ ਹਨ। ਪਹਿਲਾਂ ਵਿਆਹ ਜ਼ਿਆਦਾ ਦਿਨ ਦਾ ਹੁੰਦਾ ਸੀ ਅਤੇ ਖ਼ਰਚ ਘੱਟ ਆਉਂਦਾ ਸੀ ਪਰ ਹੁਣ ਵਿਆਹ ਇਕ ਦਿਨ ਦਾ ਹੁੰਦਾ ਹੈ ਪਰ ਖ਼ਰਚਾ ਬਹੁਤ ਜ਼ਿਆਦਾ ਹੁੰਦਾ ਹੈ। ਪਹਿਲਾਂ ਜੇ ਪਿੰਡ ਜਾਂ ਸ਼ਹਿਰ'ਚ ਕੋਈ ਮਰ ਜਾਂਦਾ ਸੀ ਤਾਂ ਵਿਆਹ ਵਾਲੇ ਘਰੇ ਢੋਲ ਨਹੀਂ ਵੱਜਦੇ ਸਨ ਪਰ ਹੁਣ ਅਜਿਹਾ ਨਹੀਂ ਰਿਹਾ। ਜੇ ਸ਼ਰੀਕੇ 'ਚ ਵੀ ਕੋਈ ਮਰ ਜਾਂਦਾ ਹੈ ਤਾਂ ਵੀ ਵਿਆਹ ਵਾਲੇ ਘਰ 'ਚ ਡੀਜੇ ਵੱਜਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਮੁੰਡੇ ਦੇ ਦੋਸਤ ਬਾਹਰੋਂ ਆਏ ਹਨ। ਹੁਣ ਵਿਆਹਾਂ 'ਚ ਕਈ ਤਰ੍ਹਾਂ ਦੇ ਪਕਵਾਨ ਬਣਾਏ ਜਾਂਦੇ ਹਨ। ਪਿਛਲੇ ਸਮਿਆਂ 'ਚ ਜਿੰਨਾ ਵਿਆਹ 'ਤੇ ਖ਼ਰਚਾ ਹੁੰਦਾ ਸੀ ਹੁਣ ਓਨੇ ਪੈਸੇ ਤਾਂ ਫੋਟੋਗ੍ਰਾਫਰ ਹੀ ਲੈ ਜਾਂਦਾ ਹੈ। ਵਧ ਰਹੇ ਖ਼ਰਚਿਆਂ ਨੇ ਪੰਜਾਬ ਦੇ ਲੋਕ ਨੂੰ ਆਰਥਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ ਹੈ। ਰਾਜਨੀਤਕ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੂੰ ਵਿਆਹਾਂ ਉੱਪਰ ਕੀਤੀ ਜਾਂਦੀ ਫ਼ਜ਼ੂਲ-ਖ਼ਰਚੀ ਨੂੰ ਰੋਕਣ ਲਈ ਉੱਦਮ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਕਿਸੇ ਦੀ ਮੌਤ ਬਾਅਦ ਵਿਚ ਵੀ ਭੋਗ ਪਾਉਣ ਵੇਲੇ ਰੋਟੀ ਪਾਣੀ ਤੇ ਅੰਨ੍ਹੇ ਵਾਹ ਪੈਸੇ ਖਰਚ ਕੀਤਾ ਜਾਂਦਾ ਹੈ। ਜਿਸ ਨਾਲ ਗਰੀਬ ਲੋਕਾਂ ਨੂੰ ਇਸ ਤਰ੍ਹਾਂ ਹੀ ਕਰਨ ਪੈਦਾ। ਇਸ ਤਰ੍ਹਾਂ ਕਾਰ ਵਿਹਾਰ ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ। ਤਾਂ ਕਿ ਗਰੀਬ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਪ੍ਰੇਸ਼ਾਨੀ ਤੋਂ ਬਚਾਈਏ ਜਾ ਸਕੇ

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਕੀ ਤੁਹਾਨੂੰ ਵੀ ਪੜ੍ਹਾਈ ਦੌਰਾਨ ਨੀਂਦ ਆਉਂਦੀ ਹੈ?



ਆਪਣੇ ਅਧਿਐਨ ਕਰਨ ਦੇ ਤਰੀਕੇ ਵਿੱਚ ਛੋਟੇ ਬਦਲਾਅ ਕਰਕੇ, ਤੁਸੀਂ ਨੀਂਦ ਨੂੰ ਦੂਰ ਰੱਖ ਸਕਦੇ ਹੋ ਅਤੇ ਲੰਬੇ ਸਮੇਂ ਤੱਕ ਚੰਗੀ ਤਰ੍ਹਾਂ ਅਧਿਐਨ ਕਰ ਸਕਦੇ ਹੋ।

ਨੀਂਦ ਤੋਂ ਬਚਣ ਲਈ ਲੇਟ ਨਾ ਕਰੋ:

ਬੋਰਡ ਦੀਆਂ ਪ੍ਰੀਖਿਆਵਾਂ ਦੌਰਾਨ ਵਿਦਿਆਰਥੀਆਂ ਨੂੰ ਰਾਤ ਨੂੰ ਲੰਮਾ ਸਮਾਂ ਪੜ੍ਹਾਈ ਕਰਨੀ ਪੈਂਦੀ ਹੈ। ਇਸ ਦੌਰਾਨ ਨੀਂਦ ਸਭ ਤੋਂ ਵੱਡੀ ਰੁਕਾਵਟ ਬਣ ਜਾਂਦੀ ਹੈ। ਅਜਿਹੇ ਸਮੇਂ ਵਿੱਚ, ਤੁਹਾਡੇ ਕੋਲ ਦੋ ਵਿਕਲਪ ਬਚੇ ਹਨ- ਪਹਿਲਾ ਹੈ ਕਿਤਾਬਾਂ ਨੂੰ ਪਾਸੇ ਰੱਖ ਕੇ ਆਰਾਮ ਕਰਨਾ ਅਤੇ ਦੂਜਾ ਹੈ ਆਪਣੇ ਆਪ ਨੂੰ ਜਾਗਦੇ ਰਹਿਣ ਲਈ ਨੀਂਦ ਨਾਲ ਲੜਨਾ, ਜੋ ਕਿ ਇੱਕ ਬਹੁਤ ਮੁਸ਼ਕਲ ਕੰਮ ਹੈ। ਇਸ ਲੇਖ ਦੇ ਜ਼ਰੀਏ ਅਸੀਂ ਤੁਹਾਨੂੰ ਕੁਝ ਬਹੁਤ ਹੀ ਫਾਇਦੇਮੰਦ ਟਿਪਸ ਦੱਸਣ ਜਾ ਰਹੇ ਹਾਂ, ਜਿਨ੍ਹਾਂ ਦੀ ਮਦਦ ਨਾਲ ਤੁਸੀਂ ਲੰਬੇ ਸਮੇਂ ਤੱਕ ਨੀਂਦ ਤੋਂ ਬਚ ਸਕਦੇ ਹੋ।

ਕਮਰੇ ਵਿੱਚ ਚੰਗੀ ਰੋਸ਼ਨੀ ਹੋਣੀ ਚਾਹੀਦੀ ਹੈ:

ਵਿਦਿਆਰਥੀ ਪੜ੍ਹਦੇ ਸਮੇਂ ਸਭ ਤੋਂ ਵੱਡੀ ਗਲਤੀ ਕਰਦੇ ਹਨ ਕਿ ਪੂਰੇ ਕਮਰੇ ਵਿੱਚ ਸਿਰਫ਼ ਇੱਕ ਟੇਬਲ ਲੈਂਪ ਨਾਲ ਪੜ੍ਹਨਾ ਹੈ। ਇਸ ਕਾਰਨ ਕਮਰੇ ਵਿੱਚ ਹਨੇਰਾ ਬਣਿਆ ਰਹਿੰਦਾ ਹੈ, ਜਿਸ ਨਾਲ ਆਰਾਮਦਾਇਕ ਮਾਹੌਲ ਵਧਦਾ ਹੈ। ਇਸ ਲਈ ਅਜਿਹੀ ਅਰਾਮਦਾਇਕ ਸਥਿਤੀ ਤੋਂ ਬਚਣ ਲਈ ਆਪਣੇ ਕਮਰੇ ਵਿਚ ਭਰਪੂਰ ਰੌਸ਼ਨੀ ਰੱਖੋ।

ਕੁਰਸੀ 'ਤੇ ਬੈਠ ਕੇ ਅਧਿਐਨ ਕਰੋ:

ਲੰਬੇ ਸਮੇਂ ਤੱਕ ਅਧਿਐਨ ਕਰਨ ਦੌਰਾਨ ਤੁਹਾਡੀ ਬੈਠਣ ਦੀ ਸਥਿਤੀ ਵੀ ਬਹੁਤ ਮਾਇਨੇ ਰੱਖਦੀ ਹੈ। ਆਪਣੇ ਆਪ ਨੂੰ ਪਿਛਲੀ ਸਪੋਰਟ ਵਾਲੀ ਕੁਰਸੀ 'ਤੇ ਬੈਠਣ ਦੀ ਕੋਸ਼ਿਸ਼ ਕਰੋ ਅਤੇ ਸਾਹਮਣੇ ਮੇਜ਼ ਰੱਖੋ। ਇਹ ਤੁਹਾਨੂੰ ਪੜ੍ਹਾਈ ਦੌਰਾਨ ਸਰਗਰਮ ਅਤੇ ਸੁਚੇਤ ਰਹਿਣ ਵਿੱਚ ਮਦਦ ਕਰੇਗਾ।

ਜੇਕਰ ਤੁਸੀਂ ਸਵੇਰ ਤੋਂ ਲਗਾਤਾਰ ਅਧਿਐਨ ਕਰ ਰਹੇ ਹੋ, ਤਾਂ ਤੁਹਾਡੇ ਦਿਮਾਗ ਨੂੰ ਥਕਾਵਟ ਤੋਂ ਬਚਾਉਣ ਲਈ ਦੁਪਹਿਰ ਦੀ ਝਪਕੀ ਬਹੁਤ ਜ਼ਰੂਰੀ ਹੈ। ਇਹ ਤੁਹਾਨੂੰ ਪੜ੍ਹਾਈ ਦੌਰਾਨ ਦੇਰ ਰਾਤ ਤੱਕ ਸੌਣ ਤੋਂ ਬਚਣ ਵਿੱਚ ਵੀ ਮਦਦ ਕਰੇਗਾ

ਸੁਸਤਤਾ ਨੂੰ ਦੂਰ ਰੱਖਣ ਲਈ ਇਹ ਚਾਲ ਬਹੁਤ ਵਧੀਆ ਕੰਮ ਕਰਦੀ ਹੈ। ਇਸ ਨਾਲ ਪੜ੍ਹਾਈ ਦੌਰਾਨ ਨੀਂਦ ਆਉਣ ਦੀ ਸੰਭਾਵਨਾ ਘੱਟ ਜਾਂਦੀ ਹੈ। ਇਹ ਨਾ ਸਿਰਫ਼ ਨੀਂਦ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ ਬਲਕਿ ਤੁਹਾਡੀ ਸਿੱਖਣ ਦੀ ਸ਼ਕਤੀ ਵਿੱਚ ਵੀ ਸੁਧਾਰ ਕਰੇਗਾ।

ਭਾਰੀ ਭੋਜਨ ਤੋਂ ਬਚੋ:

ਭਾਰੀ ਖੁਰਾਕ ਲੈਣ ਨਾਲ ਸੁਸਤੀ ਆਉਂਦੀ ਹੈ ਜਿਸ ਨਾਲ ਤੁਹਾਨੂੰ ਸੌਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਬਚਣ ਲਈ, ਤੁਹਾਨੂੰ ਆਪਣਾ ਭੋਜਨ ਜਲਦੀ ਕਰਨਾ ਚਾਹੀਦਾ ਹੈ ਅਤੇ ਹਲਕੇ ਭੋਜਨ ਦੀ ਚੋਣ ਕਰਨੀ ਚਾਹੀਦੀ ਹੈ।

ਹੋਰ ਪਾਣੀ ਪੀਓ:

ਤੁਹਾਨੂੰ ਹਾਈਡਰੇਟ ਰੱਖਣ ਦੇ ਨਾਲ, ਤੁਹਾਨੂੰ ਸੁਚੇਤ ਰੱਖਣ ਲਈ ਪਾਣੀ ਪੀਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਨੀਂਦ ਨੂੰ ਦੂਰ ਰੱਖਣ ਲਈ ਇਹ ਸਭ ਤੋਂ ਵਧੀਆ ਚਾਲ ਹੈ ਜਿਸ ਨੂੰ ਜ਼ਿਆਦਾਤਰ ਵਿਦਿਆਰਥੀ ਪੜ੍ਹਾਈ ਦੌਰਾਨ ਅਪਣਾਉਂਦੇ ਹਨ। ਜਦੋਂ ਤੁਸੀਂ ਬਹੁਤ ਸਾਰਾ ਪਾਣੀ ਪੀਂਦੇ ਹੋ, ਤਾਂ ਤੁਹਾਨੂੰ ਪਿਸ਼ਾਬ ਕਰਨ ਲਈ ਵਾਰ-ਵਾਰ ਬਾਥਰੂਮ ਜਾਣਾ ਪੈਂਦਾ ਹੈ, ਜਿਸ ਨਾਲ ਤੁਸੀਂ ਹਿਲਜੁਲ ਅਤੇ ਚੌਕਸ ਰਹਿੰਦੇ ਹੋ।

'ਅਰਲੀ ਟੂ ਬੈੱਡ, ਅਰਲੀ ਟੂ ਰਾਈਜ਼' ਲਈ ਫੰਡ:

ਜਲਦੀ ਸੌਣਾ, ਜਲਦੀ ਉੱਠਣਾ ਮਨੁੱਖ ਨੂੰ ਸਿਹਤਮੰਦ, ਅਮੀਰ ਅਤੇ ਬੁੱਧੀਮਾਨ ਬਣਾਉਂਦਾ ਹੈ। ਇਹ ਬਿਲਕੁਲ ਸੱਚ ਹੈ ਕਿਉਂਕਿ ਜੇਕਰ ਤੁਸੀਂ ਰਾਤ ਨੂੰ ਜਲਦੀ ਸੌਂਦੇ ਹੋ ਤਾਂ ਤੁਹਾਨੂੰ ਕਾਫ਼ੀ ਨੀਂਦ ਆਵੇਗੀ। ਤਾਂ ਜੋ ਤੁਸੀਂ ਪੜ੍ਹਾਈ 'ਤੇ ਚੰਗੀ ਤਰ੍ਹਾਂ ਧਿਆਨ ਲਗਾ ਸਕੋ।

ਰਾਤ ਨੂੰ ਮੁਸ਼ਕਲ ਵਿਸ਼ਿਆਂ ਤੋਂ ਬਚੋ:


ਜੇ ਤੁਸੀਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਰਹੇ ਹੋ ਜਾਂ ਮੁਸ਼ਕਲ ਵਿਸ਼ਿਆਂ ਨੂੰ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਤੁਸੀਂ ਰਾਤ ਨੂੰ ਵਧੇਰੇ ਸੁਸਤ ਮਹਿਸੂਸ ਕਰੋਗੇ। ਰਾਤ ਨੂੰ ਸਿਲੇਬਸ ਦੇ ਸਿਰਫ ਹਲਕੇ ਅਤੇ ਆਸਾਨ ਭਾਗਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੋ। ਦੇਰ ਰਾਤ ਦੇ ਅਧਿਐਨ ਲਈ ਸਿਰਫ਼ ਉਹੀ ਵਿਸ਼ੇ ਚੁਣੋ ਜੋ ਆਸਾਨ, ਦਿਲਚਸਪ ਅਤੇ ਤੁਹਾਡੇ ਮਨਪਸੰਦ ਹੋਣ।

*-ਵਿਜੈ ਗਰਗ*
*ਸੇਵਾ ਮੁਕਤ ਪ੍ਰਿੰਸਪਲ*
*ਮਲੋਟ।*

# ਵੱਡੀ ਅਣਗਹਿਲੀ !

ਇੱਕ ਥਾਂ ਤੋ ਦੂਸਰੀ ਥਾਂ ਤੱਕ ਆਉਣ - ਜਾਣ ਲਈ ਮਨੁੱਖ ਦੁਆਰਾ ਕਈ ਸਾਧਨਾਂ ਦੀ ਵਰਤੋ ਕੀਤੀ ਜਾਂਦੀ ਹੈ। ਇਨ੍ਹਾਂ ਆਵਾਜਾਈ ਦੇ ਸਾਧਨਾਂ ਵਚਿੋ ਇੱਕ ਮੁੱਖ ਸਾਧਨ ਹੈ : ਮੋਟਰਸਾਈਕਲ ਜਾਂ ਸਕੂਟਰੀ।ਅਸੀ ਅਕਸਰ ਆਪਣੇ ਪਰਵਿਾਰਕ ਮੈਂਬਰਾਂ , ਰਸ਼ਿਤੇਦਾਰਾਂ ਤੇ ਜਾਣਕਾਰ ਵਅਿਕਤੀਆਂ ਨਾਲ ਮੋਟਰਸਾਈਕਲ 'ਤੇ ਸਫਰ ਕਰਦੇ ਹਾਂ ਅਤੇ ਰੋਜ਼ਾਨਾ ਜੀਵਨ ਦੇ ਕੰਮ - ਧੰਦੇ ਪੂਰੀ ਕਰਦੇ ਹਾਂ। ਇਸੇ ਤਰ੍ਹਾਂ ਸਾਡੀਆਂ ਮਾਤਾਵਾਂ , ਭੈਣਾਂ , ਧੀਆਂ ਵੀ ਮੋਟਰਸਾਈਕਲਾਂ 'ਤੇ ਸਫ਼ਰ ਕਰਦੀਆਂ ਹਨ , ਪ੍ਰੰਤੂ ਕਈ ਵਾਰ ਇਹ ਦੇਖਣ ਵਚਿ ਆਉਂਦਾ ਹੈ ਕ ਿਅਕਸਰ ਔਰਤਾਂ ਮੋਟਰਸਾਈਕਲ 'ਤੇ ਸਫਰ ਕਰਨ ਦੇ ਦੌਰਾਨ ਆਪਣੇ ਗਲ਼ ਵਚਿ ਪਾਈ ਹੋਈ ਚੁੰਨੀ ਜਾਂ ਦੁਪੱਟਾ ਆਦ ਿਗਲ਼ ਵਚਿ ਪਾ ਕੇ ਹੇਠਾਂ ਮੋਟਰਸਾਈਕਲ ਜਾਂ ਸਕੂਟਰੀ ਦੇ ਟਾਇਰਾਂ ਵੱਲ ਸੁੱਟ / ਕਰ ਰੱਖਦੀਆਂ ਹਨ ; ਜੋ ਕ ਿਬਹੁਤ ਵੱਡੀ ਭਆਿਨਕ ਜਾਨਲੇਵਾ ਅਣਗਹਲਿੀ ਹੈ। ਜਸਿ ਨਾਲ ਕ ਿਕਸਿ ਿਵੀ ਧੀ , ਭੈਣ , ਮਾਤਾ ਦੀ ਜਾਨ ਜਾ ਸਕਦੀ ਹੈ ਅਤੇ ਅਚਾਨਕ ਹੀ ਬਹੁਤ ਵੱਡੀ ਦੁਖਦਾਇਕ ਦੁਰਘਟਨਾ ਵਾਪਰ ਸਕਦੀ ਹੈ ਤੇ





ਅਚਾਨਕ ਹੀ ਹੱਸਦੇ - ਵੱਸਦੇ ਘਰ ਉੱਜੜ ਜਾਂਦੇ ਹਨ। ਇਹ ਤਾਂ ਕੇਵਲ ਤੇ ਕੇਵਲ ਉਸ ਇਨਸਾਨ ਨੂੰ ਹੀ ਪਤਾ ਹੈ , ਜਸਿ ਵਚਿਾਰੇ ਨਾਲ ਜ਼ਰਾ ਜਨਿੀ ਵਾਪਰੀ ਅਣਗਹਲਿੀ ਸਦਕਾ ਪਰਵਿਾਰ ਦਾ ਮੈਂਬਰ ਅਕਾਲ ਮ੍ਰਤਿੂ ਦੇ ਮੂੰਹ ਵਚਿ ਚਲਾ ਜਾਂਦਾ ਹੈ। ਵੀਰਾਂ ਤੇ ਬਜ਼ੁਰਗਾਂ ਨੂੰ ਵੀ ਅਜਹਿੀ ਅਣਗਹਲਿੀ ਲਈ ਖੁਦ ਪ੍ਰਤੀ ਅਤੇ ਖ਼ਾਸ ਤੌਰ 'ਤੇ ਔਰਤਾਂ ਪ੍ਰਤੀ ਬਹੁਤ ਜ਼ਆਿਦਾ ਸੁਚੇਤ ਹੋਣਾ ਪੈਣਾ ਹੈ । ਇਸ ਦੇ ਨਾਲ ਹੀ ਸਾਨੂੰ ਆਪਣੇ ਮੋਟਰਸਾਈਕਲ /ਸਕੂਟਰੀ ਆਦ ਿਦਾ ਸਟੈਂਡ ਵੀ ਡਰਾਈਵਗਿ ਕਰਦੇ ਸਮੇਂ ਜ਼ਰੂਰ ਚੁੱਕ ਲੈਣਾ/ਉੱਪਰ ਕਰ ਲੈਣਾ ਚਾਹੀਦਾ ਹੈ। ਇਨ੍ਹਾਂ ਦੋਵਾਂ ਨਕਿੀਆਂ , ਪਰ ਬਹੁਤ ਘਾਤਕ ਅਣਗਹਲਿੀਆਂ ਪ੍ਰਤੀ ਸਾਨੂੰ ਖੁਦ ਅਤੇ ਸੜਕ 'ਤੇ ਆ - ਜਾ ਰਹੇ ਹੋਰ ਦੂਸਰੇ ਲੋਕਾਂ ਪ੍ਰਤੀ ਵੀ ਧਆਿਨ ਦਦਿੇ ਰਹਣਿਾ ਚਾਹੀਦਾ ਹੈ। ਸ਼ਾਇਦ ਦੂਸਰਆਿਂ ਪ੍ਰਤੀ ਨਭਿਾਇਆ ਗਆਿ ਇਹ ਫ਼ਰਜ਼ ਬਹੁਤ ਵੱਡਾ ਪੁੰਨ ਹੀ ਹੈ।

" ਖ਼ੁਦ ਬਚੋ ,
ਪਰਵਿਾਰਕ ਮੈਂਬਰਾਂ ਨੂੰ ਤੇ ਦੂਸਰਆਿਂ ਨੂੰ ਵੀ ਬਚਾਓ ,
ਸੜ੍ਹਕ ਸੁਰੱਖਆਿ ਦੇ ਨਯਿਮ ਅਪਨਾਓ,
ਮਾਨਵਤਾ ਦਾ ਧਰਮ ਨਭਿਾਓ । "

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਬਿ*
*9478561356*




# ਬਹੁਤ ਹੋ ਗਿਆ ਆਰਾਮ : ਅਨੁਸ਼ਕਾ ਸ਼ਰਮਾ



ਅਨੁਸ਼ਕਾ ਸ਼ਰਮਾ ਦੇ ਨਾਮ ਨਾਲ ਕਈ ਹਿੱਟ ਤੇ ਸੁਪਰ-ਹੱਟ ਫਿਲਮਾਂ ਦੇ ਨਾਲ ਨਾਲ 'ਪੀਕੇ', 'ਸੁਲਤਾਨ' ਅਤੇ 'ਸੰਜੂ' ਵਰਗੀਆਂ ਤਿੰਨ-ਤਿੰਨ ਕਰੋੜ ਦੇ ਕਲੱਬ ਵਿੱਚ ਸ਼ਾਮਲ ਹੋਣ ਵਾਲੀਆਂ ਫਿਲਮਾਂ ਜੁੜੀਆਂ ਹਨ। ਇੱਕ ਐਡ ਫਿਲਮ ਵਿੱਚ ਕੰਮ ਕਰਨ ਦੌਰਾਨ ਅਨੁਸ਼ਕਾ ਸ਼ਰਮਾ ਪਹਿਲੀ ਵਾਰ ਭਾਰਤੀ ਕ੍ਰਿਕਟ ਦੇ ਚਮਕਦੇ ਸਿਤਾਰੇ ਵਿਰਾਟ ਕੋਹਲੀ ਦੇ ਨੇੜੇ ਆਈ ਤੇ ਫਿਰ ਪ੍ਰੇਮ ਪ੍ਰਸੰਗ ਸ਼ੁਰੂ ਹੋ ਗਿਆ। 11 ਦਸੰਬਰ 2017 ਨੂੰ ਦੋਵੇਂ ਵਿਆਹ ਬੰਧਨ ਵਿੱਚ ਬੱਝ ਗਏ। ਦੋਵਾਂ ਦੀ ਇੱਕ ਬੇਟੀ ਹੈ, ਜਿਸ ਦਾ ਨਾਂਅ ਵਾਮਿਕਾ ਹੈ। ਇਸ ਸਾਲ 11 ਜਨਵਰੀ ਨੂੰ ਇੱਕ ਸਾਲ ਦੀ ਹੋ ਚੁੱਕੀ ਹੈ। ਵਿਆਹ ਅਤੇ ਉਸ ਦੇ ਬਾਅਦ ਮਦਰਹੁਡ ਇੰਜੁਆਏ ਕਰਨ ਦੀ ਵਜ੍ਹਾ ਕਰ ਕੇ ਅਨੁਸ਼ਕਾ ਲੰਬੇ ਸਮੇਂ ਤੋਂ ਫਿਲਮਾਂ ਤੋਂ ਦੂਰ ਹੈ। ਆਖਰੀ ਵਾਰ ਉਸ ਨੂੰ ਸ਼ਾਹਰੁਖ ਖਾਨ ਤੇ ਕੈਟਰੀਨਾ ਨਾਲ 'ਜ਼ੀਰੋ' ਵਿੱਚ ਦੇਖਿਆ ਗਿਆ ਸੀ, ਪ੍ਰੰਤੂ ਇਸ ਦੌਰਾਨ ਉਸ ਨੇ ਆਪਣੇ ਪ੍ਰੋਡਕਸ਼ਨ ਹਾਊਸ ਦੇ ਤਹਿਤ ਓ ਟੀ ਟੀ ਦੇ ਲਈ 'ਪਾਤਾਲ ਲੋਕ' ਅਤੇ 'ਬੁਲਬੁਲ' ਵਰਗੀ ਵੈੱਬ ਸੀਰੀਜ਼ ਬਣਾਈ। ਖਬਰ ਹੈ ਕਿ ਤਿੰਨ ਸਾਲ ਬਾਅਦ ਅਨੁਸ਼ਕਾ ਨੇ ਤਿੰਨ ਵੱਡੇ ਪ੍ਰੋਜੈਕਟ ਸਾਈਨ ਕੀਤੇ ਹਨ। ਇਨ੍ਹਾਂ ਵਿੱਚੋਂ ਦੋ ਫਿਲਮਾਂ ਥੀਏਟਰ ਤੇ ਇੱਕ ਫਿਲਮ ਓ ਟੀ ਟੀ ਲਈ ਬਣੇਗੀ।

ਪੇਸ਼ ਹਨ ਅਨੁਸ਼ਕਾ ਸ਼ਰਮਾ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਖਬਰਾਂ ਸਨ ਕਿ ਤੁਸੀਂ ਨੈਟਫਲਿਕਸ ਲਈ ਕ੍ਰਿਕਟਰ ਝੂਲਨ ਗੋਸਵਾਮੀ ਦੀ ਬਾਇਓਪਿਕ ਵਿੱਚ ਵਾਪਸੀ ਕਰਨ ਵਾਲੇ ਹੋ। ਉਸ ਦਾ ਫਸਟ ਲੁਕ ਵੀ ਸਾਹਮਣੇ ਆ ਚੁੱਕਾ ਸੀ, ਪ੍ਰੰਤੂ ਸੁਣਨ ਵਿੱਚ ਆ ਰਿਹਾ ਹੈ ਤੁਸੀਂ ਉਸ ਵਿੱਚ ਨਹੀਂ ਹੋ?

- ਕੁਝ ਨਿੱਜੀ ਕਾਰਨਾਂ ਕਰ ਕੇ ਫਿਲਮ ਨੂੰ ਰੋਕਣਾ ਪਿਆ ਸੀ। ਉਸ ਦੇ ਬਾਅਦ ਇਸ ਦੇ ਕਨਸੈਪਟ ਵਿੱਚ ਚੇਂਜ਼ ਕਰਦੇ ਹੋਏ ਇਸ ਨੂੰ ਥੀਏਟਰ ਦੇ ਬਜਾਏ ਓ ਟੀ ਟੀ ਪਲੇਟਫਾਰਮ ਲਈ ਬਣਾਏ ਜਾਣ ਉੱਤੇ ਵਿਚਾਰ ਚੱਲ ਰਿਹਾ ਹੈ। ਅਜਿਹੇ ਵਿੱਚ ਮੇਕਰ ਉਸ ਦਾ ਸਾਰਾ ਸੈਟਅਪ ਛੋਟਾ ਕਰਨਾ ਚਾਹੁੰਦੇ ਹਨ।

* ਕਿਹਾ ਤਾਂ ਇਹ ਜਾਂਦਾ ਹੈ ਕਿ ਜਦ ਫਿਲਮ ਦਾ ਫਸਟ ਲੁਕ ਆਊਟ ਹੋਇਆ, ਉਸ ਦੇ ਲਈ ਤੁਹਾਨੂੰ ਬੁਰੀ ਤਰ੍ਹਾਂ ਟ੍ਰੋਲ ਕੀਤਾ ਗਿਆ। ਲੋਕਾਂ ਨੇ ਝੂਲਨ ਗੋਸਵਾਮੀ ਵਜੋਂ ਤੁਹਾਡੇ ਲੁਕ ਦਾ ਕਾਫੀ ਮਜ਼ਾਕ ਬਣਾਇਆ। ਉਨ੍ਹਾਂ ਨੂੰ ਲੱਗਦਾ ਸੀ ਕਿ ਤੁਹਾਡਾ ਉਹ ਲੁਕ ਝੂਲਨ ਗੋਸਵਾਮੀ ਨਾਲ ਬਿਲਕੁਲ ਮੈਚ ਨਹੀਂ ਕਰ ਰਿਹਾ ਸੀ?

- ਹਰ ਇਨਸਾਨ ਆਪਣੀ ਰਾਏ ਰੱਖਣ ਲਈ ਆਜ਼ਾਦ ਹੈ। ਜੇ ਕਿਸੇ ਦੀ ਮੇਰੇ ਬਾਰੇ ਅਜਿਹੀ ਰਾਏ ਹੈ ਤਾਂ ਉਸ ਬਾਰੇ ਵਿੱਚ ਮੈਂ ਕੀ ਕਹਿ ਸਕਦੀ ਹਾਂ। ਅਜਿਹਾ ਮੇਰੇ ਨਾਲ ਹੀ ਨਹੀਂ ਹੋਇਆ, ਪਹਿਲਾਂ ਵੀ ਸਾਇਨਾ ਦੇ ਲੁਕ ਲਈ ਪਰਿਣੀਤੀ ਅਤੇ ਗੁੰਜਨ ਸਕਸੈਨਾ ਦੇ ਲੁਕ ਲਈ ਜਾਹਨਵੀ ਨੂੰ ਇਸੇ ਤਰ੍ਹਾਂ ਟਰੋਲ ਕੀਤਾ ਜਾ ਚੁੱਕਾ ਹੈ।

* ਕਿਹਾ ਜਾ ਰਿਹਾ ਹੈ ਕਿ ਤੁਹਾਡੇ ਪ੍ਰੋਡਕਸ਼ਨ ਹਾਊਸ ਕਲੀਨ ਸਲੇਟ ਫਿਲਮਜ਼ ਨੇ ਪ੍ਰਾਈਮ ਵੀਡੀਓ ਅਤੇ ਨੈਟਫਲਿਕਸ ਨਾਲ ਹੱਥ ਮਿਲਾਉਂਦੇ ਹੋਏ 400 ਕਰੋੜ ਦੀ ਡੀਲ ਕੀਤੀ ਹੈ?

- ਇਹ ਸੱਚ ਹੈ ਕਿ ਉਨ੍ਹਾਂ ਨਾਲ ਸਾਡੀ ਡੀਲ ਹੋਈ ਹੈ, ਪਰ ਇਸ ਡੀਲ ਦਾ ਜੋ ਅੰਕੜਾ ਦੱਸਿਆ ਜਾਂਦਾ ਹੈ, ਉਹ ਸੱਚ ਨਹੀਂ ਹੈ। ਇਸ ਦੇ ਤਹਿਤ ਮੈਂ ਅਤੇ ਮੇਰਾ ਭਰਾ ਕਰਣੇਸ਼ ਆਪਣੇ ਪ੍ਰੋਡਕਸ਼ਨ ਹਾਊਸ ਦੇ ਜ਼ਰੀਏ ਦੋ ਸਾਲ ਵਿੱਚ ਅੱਠ ਫਿਲਮਾਂ ਅਤੇ ਵੈੱਬ ਸੀਰੀਜ਼ ਰਿਲੀਜ਼ ਕਰਾਂਗੇ।

## 'ਲਾਰਡ ਕਰਜਨ ਦੀ ਹਵੇਲੀ' ਵਿੱਚ ਮੇਰੇ ਰੋਲ ਦੀਆਂ ਕਈ ਪਰਤਾਂ ਹਨ : ਰਸਿਕਾ ਦੁੱਗਲ



'ਮਿਰਜ਼ਾਪੁਰ', 'ਦਿੱਲੀ ਕਰਾਈਮ' ਅਤੇ 'ਮੰਟੋ' ਵਿੱਚ ਆਪਣੇ ਕੰਮ ਲਈ ਪਛਾਣ ਜਾਂਦੀ ਅਭਿਨੇਤਰੀ ਰਸਿਕਾ ਦੁੱਗਲ ਨੇ ਪਿੱਛੇ ਜਿਹੇ ਯੂ ਕੇ ਵਿੱਚ ਆਪਣੀ ਅਗਲੀ ਫਿਲਮ 'ਲਾਰਡ ਕਰਜਨ ਦੀ ਹਵੇਲੀ' ਦੀ ਸ਼ੂਟਿੰਗ ਪੂਰੀ ਕੀਤੀ ਹੈ। ਉਹ ਫਿਲਮ ਦੀ ਸ਼ੂਟਿੰਗ ਲਈ 15 ਦਿਨ ਯੂ ਕੇ ਵਿੱਚ ਸੀ, ਜਿਸ ਵਿੱਚ ਉਸ ਦੇ ਨਾਲ ਅਭਿਨੇਤਾ ਅਰਜੁਨ ਮਾਥੁਰ ਮੁੱਖ ਭੂਮਿਕਾ ਵਿੱਚ ਹਨ। ਹਾਲਾਂਕਿ 'ਲਾਰਡ ਕਰਜਨ ਦੀ ਹਵੇਲੀ' ਵਿੱਚ ਉਸ ਦੀ ਭੂਮਿਕਾ ਦੇ ਬਾਰੇ ਅਜੇ ਖਾਸ ਕੁਝ ਸਾਹਮਣੇ ਨਹੀਂ ਆਇਆ, ਪਰ ਫਿਲਮ ਦੀ ਸ਼ੂਟਿੰਗ ਤੋਂ ਉਸ ਨੇ ਆਪਣੇ ਸੋਸ਼ਲ ਮੀਡੀਆ ਉਤੇ ਜੋ ਵੀਡੀਓ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਉਨ੍ਹਾਂ ਨੇ ਦਰਸ਼ਕਾਂ ਦੀ ਰੁਚੀ ਵਧਾ ਦਿੱਤੀ ਹੈ।

ਰਸਿਕਾ ਨੇ ਕਿਹਾ ਕਿ ਫਿਲਮ ਦੀ ਸ਼ੂਟਿੰਗ ਦੇ ਜ਼ਰੀਏ, ਉਸ ਨੂੰ ਆਪਣੇ ਵਿਦਿਆਰਥੀ ਜੀਵਨ ਦੇ ਦਿਨਾਂ ਨੂੰ ਫਿਰ ਤੋਂ ਜਿਊਣ ਦਾ ਮੌਕਾ ਮਿਲਿਆ ਹੈ। ਉਸ ਨੇ ਦੱਸਿਆ ਕਿ ਇਹ ਫਿਲਮ ਪ੍ਰਦਰਸ਼ਨ ਉਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ ਤੇ ਉਸ ਤਰ੍ਹਾਂ ਦੀ ਚੁਣੌਤੀ ਇੱਕ ਅਭਿਨੇਤਾ ਲਈ ਖੁਸ਼ੀ ਦੀ ਗੱਲ ਹੈ। ਫਿਲਮ ਵਿੱਚ ਮੇਰੇ ਚਰਿੱਤਰ ਦੀਆਂ ਇੰਨੀਆਂ ਪਰਤਾਂ ਹਨ ਕਿ ਮੈਨੂੰ ਕਦੇ ਕਦੇ ਲੱਗਦਾ ਹੈ ਕਿ ਮੈਂ ਇੱਕੋ ਫਿਲਮ ਅੰਦਰ ਕਈ ਸ਼ੈਲੀਆਂ ਦਾ ਪਤਾ ਲਾਇਆ ਹੈ। ਇਸ ਦੇ ਇਲਾਵਾ ਰਸਿਕਾ 'ਸਪਾਈਕ' ਨਾਂਅ ਦੀ ਇੱਕ ਸੀਰੀਜ ਵਿੱਚ ਵੀ ਦਿਖਾਈ ਦੇਵੇਗੀ, ਜਿਸ ਦੇ ਲਈ ਉਸ ਨੇ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਵਿੱਚ ਸ਼ੂਟਿੰਗ ਕੀਤੀ ਸੀ। ਉਹ 'ਦਿੱਲੀ ਕਰਾਈਮ ਸੀਜਨ 2' ਦੀ ਰਿਲੀਜ਼ ਦਾ ਵੀ ਉਡੀਕ ਕਰ ਰਹੀ ਹੈ।





Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood

SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird

SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell

SOLD @101% OF ASKING PRICE
12 Laurelcrest St
Queen / Laurelcrest / Hwy 410

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD @99% OF ASKING PRICE
11 Van Hoof Crest
Castlemore/ Goreway / Latania

SOLD $121,000 OVER ASKING IN 6 DAYS Caledon
42 Pinedale Ave
Kennedy / Dougall

SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood

SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017